ਸ਼ਬਦ ਅਨੁਕ੍ਰਮਣਿਕਾ ਤੇ ਕੋਸ਼ :
ਕਬਿੱਤ ਸਵੈਯੇ ਭਾਈ ਗੁਰਦਾਸ

ਸ਼ਬਦ ਅਨੁਕ੍ਰਮਣਿਕਾ ਤੇ ਕੋਸ਼ :
ਕਬਿੱਤ ਸਵੈਯੇ ਭਾਈ ਗੁਰਦਾਸ

ਲੇਖਕ
ਅੰਮ੍ਰਿਤਪਾਲ ਕੌਰ (ਡਾ.)

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Shabad Anukramnika Te Kosh
Kabitt Savayye Bhai Gurdas *(Punjabi)*

by

DR. AMRITPAL KAUR
Reader
Dept. of Punjabi Literary Studies
Punjabi University, Patiala

ISBN 81-7380-187-8

1996
ਪਹਿਲੀ ਵਾਰ : 550
ਮੁੱਲ : 250-00

ਡਾ. ਰਣਬੀਰ ਸਿੰਘ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪ੍ਰਕਾਸ਼ਿਤ ਅਤੇ
ਵੈਸਟਰਨ ਪ੍ਰਿੰਟਰਜ਼, ਪਟਿਆਲਾ ਵਲੋਂ ਮੁਦ੍ਰਿਤ

ਵਿਭਾਗੀ ਸ਼ਬਦ

ਪੰਜਾਬੀ ਯੂਨੀਵਰਸਿਟੀ ਦਾ ਪ੍ਰਮੁੱਖ ਉਦੇਸ਼ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ, ਕਲਾਵਾਂ ਆਦਿ ਦੀ ਸਾਂਭ-ਸੰਭਾਲ ਅਤੇ ਵਿਕਾਸ ਹੈ। ਯੂਨੀਵਰਸਿਟੀ ਆਪਣੇ ਮੁੱਢਲੇ ਸਮੇਂ ਤੋਂ ਲੈ ਕੇ ਹੁਣ ਤਕ ਇਸ ਉਦੇਸ਼ ਦੀ ਪੂਰਤੀ ਲਈ ਸਦਾ ਯਤਨਸ਼ੀਲ ਰਹੀ ਹੈ। ਇਸ ਯੂਨੀਵਰਸਿਟੀ ਦੀ ਨੁਹਾਰ ਇਸੇ ਪੱਖ ਤੋਂ ਬਾਕੀ ਯੂਨੀਵਰਸਿਟੀਆਂ ਨਾਲੋਂ ਵੱਖਰੀ ਹੈ। ਆਪਣੇ ਵਿਰਸੇ ਦੀ ਸੰਭਾਲ ਅਤੇ ਇਸ ਨੂੰ ਸੁਚੱਜੇ ਢੰਗ ਨਾਲ ਉਜਾਗਰ ਕਰਨ ਲਈ ਇਥੇ ਕੁਝ ਵਿਸ਼ੇਸ਼ ਵਿਭਾਗ ਸਥਾਪਿਤ ਕੀਤੇ ਹੋਏ ਹਨ, ਜਿਨ੍ਹਾਂ ਵਿਚੋਂ ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਸਾਹਿਤ ਅਧਿਐਨ ਵਿਭਾਗ, ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਅਤੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ।

ਪੰਜਾਬ ਸਰਕਾਰ ਨੇ ਪੰਜਾਬੀਆਂ ਦੇ ਆਪਣੀ ਮਾਂ-ਬੋਲੀ ਪ੍ਰਤਿ ਸਨੇਹ ਅਤੇ ਉਤਸ਼ਾਹ ਨੂੰ ਵਿਸ਼ੇਸ਼ ਮਹੱਤਵ ਦੇ ਕੇ ਪੰਜਾਬੀ ਯੂਨੀਵਰਸਿਟੀ ਦੁਆਰਾ ਚਲਾਏ ਜਾ ਰਹੇ ਪੰਜਾਬੀ ਦੇ ਵਿਕਾਸ ਕਾਰਜਾਂ ਲਈ ਇਕ ਵੱਖਰਾ ਫ਼ੰਡ ਸਥਾਪਿਤ ਕੀਤਾ ਹੋਇਆ ਹੈ। ਇਸ ਫ਼ੰਡ ਨਾਲ ਕਈ ਵਿਭਾਗ ਚਲਾਏ ਜਾ ਰਹੇ ਹਨ ਜਿਨ੍ਹਾਂ ਦਾ ਕੇਂਦਰੀ ਧੁਰਾ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਹੈ। ਇਸ ਵਿਭਾਗ ਵਲੋਂ ਪੰਜਾਬੀ ਦੇ ਵਿਕਾਸ ਲਈ ਬਹੁਤ ਸਾਰੀਆਂ ਸਕੀਮਾਂ ਚਲ ਰਹੀਆਂ ਹਨ ਜਿਨ੍ਹਾਂ ਵਿਚੋਂ ਇਕ ਮਾਧਿਅਮ ਪਰਿਵਰਤਨ ਸਕੀਮ ਹੈ। ਇਸ ਸਕੀਮ ਅਧੀਨ ਪਾਠਕਾਂ ਲਈ ਹਰੇਕ ਵਿਸ਼ੇ ਦੀਆਂ ਪੁਸਤਕਾਂ ਤਿਆਰ ਕਰਵਾਈਆਂ ਜਾਂਦੀਆਂ ਹਨ। ਹੱਥਲੀ ਪੁਸਤਕ 'ਸ਼ਬਦ ਅਨੁਕ੍ਰਮਣਿਕਾ ਤੇ ਕੋਸ਼ : ਕਬਿੱਤ ਸਵੈਯੇ ਭਾਈ ਗੁਰਦਾਸ' ਵਿਭਾਗਨੇ ਵਿਸ਼ੇਸ਼ ਤੌਰ ਤੇ ਯੂਨੀਵਰਸਿਟੀ ਦੀ ਰੀਡਰ ਸ੍ਰੀਮਤੀ ਅੰਮ੍ਰਿਤਪਾਲ ਕੌਰ ਕੋਲੋਂ ਤਿਆਰ ਕਰਵਾਈ ਹੈ। ਇਹ ਕੋਸ਼ ਧਰਮ, ਗੁਰਮਤਿ ਸਾਹਿਤ ਅਤੇ ਪੰਜਾਬੀ ਦੇ ਪ੍ਰਕਾਂਡ ਵਿਦਵਾਨ ਭਾਈ ਗੁਰਦਾਸ ਜੀ ਦੁਆਰਾ ਰਚਿਤ ਕਬਿੱਤ ਸਵੈਯੇ ਨੂੰ ਉਪਲੱਬਧ ਵਿਭਿੰਨ ਪ੍ਰਮਾਣਿਕ ਸ੍ਰੋਤਾਂ ਦੇ ਆਧਾਰ 'ਤੇ 'ਸ਼ਬਦ-ਅਨੁਕ੍ਰਮਣਿਕਾ ਤੇ ਕੋਸ਼' ਦੇ ਰੂਪ ਵਿਚ ਤਿਆਰ ਕਰਵਾਇਆ ਗਿਆ ਹੈ। ਇਹ ਪੰਜਾਬੀ ਅਤੇ ਹੋਰ ਖੇਤਰੀ ਭਾਸ਼ਾਵਾਂ ਦੇ ਖੇਤਰ ਵਿਚ ਕੀਤਾ ਗਿਆ ਮੁੱਢਲਾ ਯਤਨ ਹੈ। ਇਹ ਕਬਿੱਤ ਸਵੈਯੇ ਭਾਵੇਂ ਮੂਲ ਰੂਪ ਵਿਚ ਬ੍ਰਜ ਭਾਸ਼ਾ ਵਿਚ ਹਨ ਪਰੰਤੂ ਗੁਰਮਤਿ ਸਾਹਿੱਤ ਅਤੇ ਪੰਜਾਬੀ ਮੁਹਾਵਰੇ ਦੀ ਪਕੜ ਤੋਂ ਬਿਨਾਂ ਇਨ੍ਹਾਂ ਦਾ ਅਧਿਐਨ–ਕਾਰਜ ਸੰਭਵ ਨਹੀਂ। ਇਸੇ ਲਈ ਵਿਦਵਾਨ ਪਾਠਕਾਂ ਦੀ ਸਹੂਲਤ ਲਈ ਵਿਭਿੰਨ ਭਾਸ਼ਾਵਾਂ, ਗੁਰਮਤਿ ਸਾਹਿੱਤ, ਸਿੱਖ ਪਰੰਪਰਾਵਾਂ ਅਤੇ ਪੰਜਾਬੀ ਦੀਆਂ ਭਾਸ਼ਾਗਤ ਵਿਸ਼ੇਸ਼ਤਾਵਾਂ ਨੂੰ ਦ੍ਰਿਸ਼ਟੀਗੋਚਰ ਰਖਦਿਆਂ ਇਹ 'ਸ਼ਬਦ ਅਨੁਕ੍ਰਮਣਿਕਾ ਤੇ ਕੋਸ਼' ਤਿਆਰ ਕੀਤਾ ਗਿਆ ਹੈ।

ਇਸ ਕੋਸ਼ ਦੀ ਪ੍ਰੈਸ-ਕਾਪੀ ਵਿਭਾਗ ਦੀ ਸੀਨੀਅਰ ਲੈਕਚਰਾਰ ਸ੍ਰੀਮਤੀ ਅਮਰਜੋਤ ਕੌਰ ਨੇ ਤਿਆਰ ਕੀਤੀ ਹੈ। ਇਹ 'ਸ਼ਬਦ ਅਨੁਕ੍ਰਮਣਿਕਾ ਅਤੇ ਕੋਸ਼ ਪਾਠਕਾਂ ਨੂੰ ਭੇਂਟ ਕਰਦਿਆਂ ਮੈਨੂੰ ਬੜੀ ਪ੍ਰਸੰਨਤਾ ਹੋ ਰਹੀ ਹੈ। ਆਸ ਹੈ ਪਾਠਕ ਇਸ ਗ੍ਰੰਥ ਨੂੰ ਜੀ ਆਇਆਂ ਆਖਣਗੇ।

ਅਨੂਪ ਸਿੰਘ
ਮੁਖੀ

ਪੰਜਾਬੀ ਭਾਸ਼ਾ ਵਿਕਾਸ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਅਰੰਭਕਾ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਧਿਆਤਮ, ਧਰਮ ਤੇ ਦਰਸ਼ਨ ਦੇ ਖੇਤਰ ਵਿਚ ਆਦਿ ਜੁਗਾਦਿ ਤਕ ਬ੍ਰਹਿਮੰਡੀ ਮਹੱਤਵ ਕਾਇਮ ਹੈ। ਇਸ ਮਹਾਨਤਮ ਗ੍ਰੰਥ ਦੀਆਂ ਉੱਚਤਮ ਵਿਸ਼ਿਸ਼ਟਤਾਵਾਂ ਦਾ ਵਰਣਨ ਅਕੱਥ ਤੇ ਅਸੀਮ ਹੈ। ਇਸ ਗ੍ਰੰਥ ਵਿਚ ਗੁਰੂਆਂ, ਸੰਤਾਂ, ਭਗਤਾਂ ਅਤੇ ਹੋਰ ਮਹਾਂਪੁਰਸ਼ਾਂ ਦੀ ਅਮਰ ਤੇ ਅਨਮੋਲ ਬਾਣੀ ਮੱਧਕਾਲੀਨ ਅਧਿਆਤਮਿਕ ਚੇਤਨਾ ਦੇ ਰੂਪ ਵਿਚ ਉਪਲੱਬਧ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਇਸ ਮਹਾਨ ਕਾਰਜ ਨੂੰ ਨੇਪਰੇ ਚਾੜ੍ਹਨਾ ਵਿਸ਼ਵ ਦੇ ਸਰਵੋਤਮ ਕਾਰਜਾਂ ਵਿਚੋਂ ਸ੍ਰੇਸ਼ਠ ਮੰਨਿਆ ਜਾ ਸਕਦਾ ਹੈ ਅਤੇ ਇਸ ਗ੍ਰੰਥ ਦੇ ਲੇਖਨ ਕਾਰਜ ਨੂੰ ਜਿਸ ਮਹਾਂਪੁਰਖ ਨੇ ਵਰ੍ਹਿਆਂ ਦੀ ਸਾਧਨਾ ਦੁਆਰਾ ਸੰਪੂਰਨ ਕੀਤਾ ਉਸ ਦਾ ਨਾਮ ਭਾਈ ਗੁਰਦਾਸ ਸੀ। ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਉਪਲੱਬਧ ਬਾਣੀਆਂ ਦਾ ਨਿਸ਼ਚੈ ਹੀ ਘੋਖਵਾਂ ਅਧਿਐਨ ਕੀਤਾ ਹੋਵੇਗਾ। ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀਆਂ ਤੋਂ ਬਿਨਾਂ ਕੁਝ ਮਹਾਂਪੁਰਖਾਂ ਦੀਆਂ ਉਹ ਬਾਣੀਆਂ ਵੀ ਜ਼ਰੂਰ ਸ਼ਾਮਿਲ ਰਹੀਆਂ ਹੋਣਗੀਆਂ ਜਿਹੜੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਕੀਤੀਆਂ ਗਈਆਂ। ਵੱਖ ਵੱਖ ਜ਼ਬਾਨਾਂ ਦੀਆਂ ਉਹ ਬਾਣੀਆਂ ਦੇ ਲੇਖਨ ਦਾ ਕਾਰਜ ਕਰਨ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਭਾਈ ਗੁਰਦਾਸ ਜੀ ਦੀ ਚੋਣ ਕੋਈ ਸਾਧਾਰਨ ਘਟਨਾ ਨਹੀਂ ਸਗੋਂ ਸਿੱਖ ਧਰਮ ਦਰਸ਼ਨ ਅਤੇ ਸਿੱਖ ਪਰੰਪਰਾਵਾਂ ਨਾਲ ਵਿਵਹਾਰਕ ਰੂਪ ਵਿਚ ਜੀਵਨ ਭਰ ਜੁੜੇ ਰਹਿਣ ਵਾਲੇ ਇਸ ਸਾਧਕ ਦੀ ਸ਼ਬਦ ਤੇ ਕਰਮ ਦੀ ਲੰਮੇਰੀ ਸਾਧਨਾ ਇਸ ਦੀ ਪ੍ਰਿਸ਼ਠਭੂਮੀ ਹੈ। ਇਹਨਾਂ ਤੱਥਾਂ ਦਾ ਆਧਾਰ ਭਾਈ ਗੁਰਦਾਸ ਜੀ ਦਾ ਸਮੁੱਚਾ ਜੀਵਨ ਹੈ।

ਭਾਈ ਗੁਰਦਾਸ ਜੀ ਦੇ ਜੀਵਨ ਸੰਬੰਧੀ ਕਿਸੇ ਵਿਸਤਾਰ ਪੂਰਵਕ ਚਰਚਾ ਤੋਂ ਗੁਰੇਜ਼ ਕਰਦਿਆਂ ਇੰਨਾਂ ਹੀ ਕਹਿ ਦੇਣਾ ਕਾਫ਼ੀ ਹੋਵੇਗਾ ਕਿ ਆਪਨੇ ਗੁਰੂ ਅਮਰਦਾਸ ਜੀ ਤੋਂ ਲੈ ਕੇ ਗੁਰੂ ਹਰਗੋਬਿੰਦ ਜੀ ਤਕ ਚਾਰ ਗੁਰੂਆਂ ਦੀ ਹਜ਼ੂਰੀ ਮਾਣੀ। ਸਿੱਖ ਧਰਮ ਵਿਚ ਆਏ ਅਨੇਕ ਪਰਿਵਰਤਨ ਅਤੇ ਮਹੱਤਵਪੂਰਨ ਘਟਨਾਵਾਂ ਨੂੰ ਆਪਨੇ ਅਨੁਭਵ ਰੂਪ ਵਿਚ ਗ੍ਰਹਿਣ ਕੀਤਾ, ਜਿਨ੍ਹਾਂ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ, ਹਰਿਮੰਦਰ ਸਾਹਿਬ ਦੀ ਸਥਾਪਨਾ, ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ, ਗੁਰੂ ਹਰਗੋਬਿੰਦ ਸਾਹਿਬ ਦੀ ਮੀਰੀ ਪੀਰੀ ਦੀ ਰਵਾਇਤ ਦਾ ਅਰੰਭ ਤੇ ਜੰਗ ਯੁੱਧ ਆਦਿ ਵਿਸ਼ੇਸ਼ ਹਨ। ਭਾਈ ਗੁਰਦਾਸ ਜੀ ਨੇ ਸਿੱਖ ਧਰਮ ਦੇ ਪਰਚਾਰ ਤੇ ਪਸਾਰ ਵਿਚ ਵਧੇਰਾ ਯੋਗਦਾਨ ਪਾਇਆ। ਆਪ ਬਾਬਾ ਬੁੱਢਾ ਜੀ ਵਾਂਗੂ ਸਾਰੇ ਗੁਰੂਆਂ ਅਤੇ ਸੰਗਤਾਂ ਦੁਆਰਾ ਸਤਿਕਾਰੇ ਜਾਣ ਵਾਲੇ ਮਹਾਂਪੁਰਖ ਸਨ।

ਭਾਈ ਗੁਰਦਾਸ ਜੀ ਪੰਜਾਬੀ, ਸੰਸਕ੍ਰਿਤ, ਅਰਬੀ, ਫ਼ਾਰਸੀ ਅਤੇ ਹੋਰ ਭਾਰਤੀ ਉਪਭਾਖਾਵਾਂ ਦੇ ਗਿਆਤਾ ਸਨ ਜਿਸ ਦਾ ਸਬੂਤ ਉਨ੍ਹਾਂ ਦੀਆਂ ਪ੍ਰਸਿੱਧ ਰਚਨਾਵਾਂ, 'ਵਾਰਾਂ

'ਕਬਿੱਤ ਸਵੈਯੇ' ਅਤੇ ਸਲੋਕ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੇਖਨ ਸਮੇਂ ਕੀਤੇ ਗਏ ਬਾਣੀ ਅਧਿਐਨ, ਭਾਰਤੀ ਧਰਮ ਦਰਸ਼ਨ ਤੇ ਵਿਭਿੰਨ ਵਿਦਿਆਵਾਂ ਦਾ ਗਿਆਨ, ਸਿੱਖ ਧਰਮ ਨਾਲ ਲੰਮੇਰੇ ਸਮੇਂ ਤਕ ਵਿਵਹਾਰਕ ਅਨੁਭਵ ਤੇ ਸਾਧਨਾਂ ਰੂਪ ਵਿਚ ਜੁੜੇ ਰਹਿਣਾ ਆਪ ਦੀਆਂ ਬਾਣੀਆਂ ਤੋਂ ਪ੍ਰਤੱਖ ਰੂਪ ਵਿਚ ਉਜਾਗਰ ਹੁੰਦਾ ਹੈ । ਆਪ ਦੀ ਬਾਣੀ ਉਕਤ ਵਿਦਿਆ, ਅਧਿਐਨ, ਸਾਧਨਾ ਤੇ ਅਨੁਭਵ ਦੇ ਗਹਿਰੇ ਮੰਥਨ ਵਿਚੋਂ ਨਿਕਲੇ ਅੰਮ੍ਰਿਤ-ਰਸ ਸਮਾਨ ਹੈ । ਇਸੇ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਦੀ ਬਾਣੀ ਨੂੰ 'ਗੁਰਬਾਣੀ ਦੀ ਕੁੰਜੀ' ਵਜੋਂ ਉਚਤਾ ਪ੍ਰਦਾਨ ਕੀਤੀ । ਭਾਈ ਗੁਰਦਾਸ ਜੀ ਦੀ ਬਾਣੀ ਵਿਚ ਸਿੱਖ ਧਰਮ-ਦਰਸ਼ਨ ਦੇ ਵਿਭਿੰਨ ਪਹਿਲੂਆਂ ਨੂੰ ਤਰਕ ਸਹਿਤ ਸਮੂਹ ਵਿਦਿਆ ਪ੍ਰਣਾਲੀਆਂ ਅਤੇ ਭਾਰਤੀ ਧਰਮ ਦਰਸ਼ਨ ਦੇ ਪ੍ਰਸੰਗ ਵਿਚ ਤੁਲਨਾਤਮਕ ਰੂਪ ਵਿਚ ਉਜਾਗਰ ਕਰਨ ਦੀ ਵਿਸ਼ਾਲ ਸਮੱਰਥਾ ਹੈ । ਵਿਸ਼ੇਸ਼ ਕਰਕੇ 'ਕਬਿੱਤ ਸਵੈਯਾ' ਤੋਂ ਆਪ ਦੀ ਸ਼ਖਸੀਅਤ ਦੇ ਉਪਰੋਕਤ ਮਹਾਨ ਗੁਣ ਸਪੱਸ਼ਟ ਰੂਪ ਵਿਚ ਉਜਾਗਰ ਹੁੰਦੇ ਹਨ ।

'ਕਬਿੱਤ ਸਵੈਯੇ' ਭਾਈ ਗੁਰਦਾਸ ਜੀ ਦੀ ਅਜਿਹੀ ਮਹੱਤਵਪੂਰਨ ਰਚਨਾ ਹੈ ਜਿਸ ਸੰਬੰਧੀ ਅਜੇ ਤਕ ਵਿਸ਼ੇਸ਼ ਉਲੇਖਨੀਯ ਕਾਰਜ ਨਹੀਂ ਅਰੰਭਿਆ ਜਾ ਸਕਿਆ । ਇਸ ਬਾਣੀ ਸੰਬੰਧੀ ਵਿਗਿਆਨਕ ਸੋਚ ਦੀ ਧਾਰਨੀ ਕੋਈ ਵੀ ਵਿਸ਼ੇਸ਼ ਰਚਨਾ ਉਪਲਬੱਧ ਨਹੀਂ ਹੁੰਦੀ ਇਥੋਂ ਤਕ ਕਿ ਅਜੇ ਤਕ ਭਾਈ ਗੁਰਦਾਸ ਜੀ ਦੇ 'ਕਬਿੱਤ ਸਵੈਯੇ' ਦਾ 'ਸੰਪੂਰਨ-ਸੰਗ੍ਰਹਿ' ਵੀ ਨਹੀਂ ਹੋ ਸਕਿਆ ਅਤੇ ਖੋਜਾਰਥੀਆਂ ਦੇ ਮਨਾਂ ਵਿਚ ਕਨਸੋਆਂ ਪੈਂਦੀਆਂ ਹੀ ਰਹਿੰਦੀਆਂ ਹਨ ਕਿ ਭਾਈ ਗੁਰਦਾਸ ਦੇ ਕਬਿੱਤ ਸਵੈਯਾ ਦਾ ਇਕ ਖਰੜਾ ਆਗਰੇ, ਇਕ ਖਰੜਾ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਅਤੇ ਇਕ ਖਰੜਾ ਲਾਇਬ੍ਰੇਰੀ ਖਾਲਸਾ ਕਾਲਜ, ਅੰਮ੍ਰਿਤਸਰ ਅਤੇ ਇਕ ਦੋ ਹੋਰ ਖਰੜੇ ਵਿਦਵਾਨਾਂ ਦੀਆਂ ਨਿੱਜੀ ਲਾਇਬ੍ਰੇਰੀਆਂ ਵਿਚ ਅਧਿਐਨ ਤੋਂ ਵਾਂਝੇ ਪਏ ਹਨ । ਇਨ੍ਹਾਂ ਵਿਚੋਂ ਕੁਝ ਖਰੜੇ ਵਾਚਣ ਉਪਰੰਤ ਅਸੀਂ ਇਸ ਸਿੱਟੇ ਉਪਰ ਪੁੱਜੇ ਹਾਂ ਕਿ ਇਹਨਾਂ ਖਰੜਿਆਂ ਦੀ ਅੰਕ ਤਰਤੀਬ ਅਤੇ ਕਬਿੱਤ ਸਵੈਯਾ ਦੇ ਅਗੇ ਪਿੱਛੇ ਲੇਖਨ ਦੇ ਰੌਲ ਘਚੋਲੇ ਵਿਚ ਪੈਣ ਦੀ ਬਜਾਏ ਸਿੱਖਾਂ ਦੀ ਸਰਬ ਉਚ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪ੍ਰਕਾਸ਼ਿਤ ਪੁਸਤਕ 'ਕਬਿੱਤ ਸਵੈਯੇ' ਭਾਈ ਗੁਰਦਾਸ ਜੀ ਭੱਲਾ ਅਤੇ ਭਾਈ ਵੀਰ ਸਿੰਘ ਜੀ ਦੀ ਪੁਸਤਕ 'ਕਬਿੱਤ ਭਾਈ ਗੁਰਦਾਸ' (ਦੂਸਰਾ ਸੰਕਧ) ਭਾਈ ਵੀਰ ਸਿੰਘ ਸਾਹਿਤ ਨਵੀਂ ਦਿੱਲੀ ਨੂੰ ਪ੍ਰਥਮ ਰੂਪ ਵਿਚ ਮੁਢੱਲਾ ਪ੍ਰਮਾਣਿਕ ਸਰੂਪ ਸਵੀਕਾਰ ਕਰ ਲਿਆ ਜਾਏ । ਇਕ ਸਵੀਕ੍ਰਿਤੀ ਪਿਛੇ ਸਾਡੀ ਮਨਸ਼ਾ ਇਹ ਵੀ ਹੈ ਕਿ ਜਿੰਨਾ ਚਿਰ ਅਸੀਂ ਕਿਸੇ ਇਕ ਕਾਰਜ ਨੂੰ ਪ੍ਰਾਥਮਿਕ ਰੂਪ ਵਿਚ ਮਾਨਤਾ ਨਹੀਂ ਦਿਆਂਗੇ ਉਨੀ ਦੇਰ ਤਕ ਹੋਰ ਉਪਲਬੱਧ ਹੋਣ ਵਾਲੇ ਕਬਿੱਤ ਸਵੈਯੇ ਸੰਬੰਧੀ ਅਗਲੇਰੀ ਖੋਜ ਅਸੰਭਵ ਹੋਵੇਗੀ । ਏਸੇ ਮਨਸ਼ਾ ਨਾਲ ਉਪਲਬੱਧ ਵਿਭਿੰਨ ਹੇਠ ਲਿਖੇ ਟੀਕਿਆਂ ਦਾ ਅਧਿਐਨ ਕੀਤਾ :-

1. **ਕਬਿੱਤ ਸਵੈਯੇ ਸਟੀਕ (ਭਾਈ ਗੁਰਦਾਸ ਜੀ)**
   ਟੀਕਾਕਾਰ ਭਾਈ ਬਿਸ਼ਨ ਸਿੰਘ ਖਾਲਸਾ ਕਾਲਜ
2. **ਸਿਧਾਂਤ ਬੋਧਿਨੀ :** ਟੀਕਾ ਕਬਿੱਤ ਭਾਈ ਗੁਰਦਾਸ ਜੀ
   ਕ੍ਰਿਤ ਸ੍ਰੀਮਾਨ ਸੰਤ ਸੰਪੂਰਣ ਸਿੰਘ ਜੀ ਟਿਪਣੀ ਟੀਕਾਕਾਰ

3. **ਕਬਿੱਤ ਸਵੈਯੇ ਭਾਈ ਗੁਰਦਾਸ ਜੀ ਸਟੀਕ :** ਟੀਕਾਕਾਰ ਪੰਡਤ ਨਰੈਣ ਸਿੰਘ ਜੀ ਗਿਆਨੀ ਵਿਦਿਆ ਮਾਰਤੰਡ ਲਾਹੌਰ ਵਾਲੇ ।
4. **ਕਬਿੱਤ-ਸਵੈਯੇ :** ਭਾਈ ਗੁਰਦਾਸ ਜੀ ਭੱਲਾ ਕਠਿਨ ਪਦਾ ਆਦਿ ਕਾ ਟਿਪਣੀ ਸਹਿਤ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
5. **ਕਬਿੱਤ ਭਾਈ ਗੁਰਦਾਸ ਦੂਸਰਾ ਸੰਕੰਧ** (ਭਾਈ ਸਾਹਿਬ ਭਾਈ ਵੀਰ ਸਿੰਘ ਜੀ)

ਭਾਈ ਗੁਰਦਾਸ ਜੀ ਦੇ ਕਬਿੱਤ ਸਵੈਯਾ ਦੇ ਪ੍ਰਾਪਤ ਉਕਤ ਟੀਕਿਆਂ ਦੇ ਅਧਿਐਨ ਤੋਂ ਸਾਡੇ ਸਾਹਮਣੇ ਇਹ ਤੱਥ ਉਜਾਗਰ ਹੋਇਆ ਕਿ ਇਹ ਟੀਕੇ ਜਿਥੇ ਮੁੱਢਲੇ ਤੌਰ ਤੇ ਸਲਾਹੁਣਯੋਗ ਕਾਰਜ ਹੈ ਉਥੇ ਅਰੰਭਕ ਕਾਰਜ ਹੋਣ ਦੇ ਨਾਤੇ ਇਹਨਾਂ ਵਿਚ ਕਈ ਖ਼ਾਮੀਆਂ ਰਹਿ ਗਈਆਂ ਹਨ। ਇਹਨਾਂ ਵਿਚੋਂ ਪਾਠ ਦੀ ਭਿੰਨਤਾਂ, ਸ਼ਬਦ ਦੇ ਪੰਜਾਬੀ ਰੂਪਾਂ ਦੀ ਭਿੰਨਤਾ, ਅਰਥਾਂ ਦੀ ਭਿੰਨਤਾ, ਕਬਿੱਤ ਦੇ ਅੰਕਾਂ ਵਿਚ ਉਘੜ ਦੁਗੜਾਪਨ, ਨਿਜੀ ਪਹੁੰਚ ਦੀਆਂ ਧਾਰਨੀ ਨਿੱਜੀ ਟਿਪਣੀਆਂ, ਸਾਧਾਰਨ ਪਾਠਕ ਲਈ ਸਮੱਸਿਆਵਾਂ ਪੈਦਾ ਕਰਨ ਵਾਲੀ ਸੰਪਾਦਨਾ ਅਤੇ ਅਕਾਊ ਲੇਖਨ ਦਾ ਅਵਿਗਿਆਨਕ ਆਧਾਰ ਵਿਸ਼ੇਸ਼ ਰੂਪ ਵਿਚ ਉਲੇਖਨੀਯ ਹਨ ।

ਇਥੇ ਇਹ ਵਰਣਨਯੋਗ ਹੈ ਕਿ ਭਾਈ ਗੁਰਦਾਸ ਜੀ ਦੇ ਕਬਿੱਤ-ਸਵੈਯੇ ਸੰਬੰਧੀ ਅਧਿਐਨ ਦਾ ਅਰੰਭ ਕਰਨ ਵਾਲੇ ਹਰ ਅਧਿਐਨਕਾਰ ਨੂੰ ਬ੍ਰਜ-ਹਿੰਦੀ-ਸੰਸਕ੍ਰਿਤ-ਗੁਰਬਾਣੀ ਦੇ ਸੰਮਿਲਤ ਭਾਖਾਈ-ਮੁਹਾਂਦਰੇ ਦੀ ਧਾਰਣੀ ਭਾਸ਼ਾ ਨੂੰ ਸਮਝਣ ਵਿਚ ਕੁਝ ਦਿੱਕਤ ਜ਼ਰੂਰ ਆਉਂਦੀ ਹੈ । ਇਸ ਸਮੱਸਿਆ ਦਾ ਸਮਾਧਾਨ ਸੰਬੰਧਿਤ ਉਪਲੱਬਧ ਟੀਕੇ ਅਤੇ ਮੂਲ ਪਾਠ ਵਾਲੀ ਸਮੱਗਰੀ ਦੇ ਹਵਾਲੇ ਵੀ ਪੂਰਨ ਰੂਪ ਵਿਚ ਕਰ ਸਕਣ ਤੋਂ ਅਸਮਰਥ ਹਨ । ਕਬਿੱਤ ਸਵੈਯਾ ਸੰਬੰਧੀ ਅਧਿਐਨ ਦੀ ਚਿਣਗ ਨੂੰ ਪ੍ਰਚੰਡ ਰੂਪ ਦੇਣ ਲਈ ਬੁਨਿਆਦੀ ਤੌਰ ਤੇ ਇਹ ਲਾਜ਼ਮੀ ਸੀ ਕਿ ਇਨ੍ਹਾਂ 'ਕਬਿੱਤ ਸਵੈਯਾ' ਦੇ ਕਿਸੇ ਇਕ ਪਾਠ ਪ੍ਰਬੰਧ ਨੂੰ ਆਧਾਰ ਮੰਨ ਕੇ ਕੋਸ਼ ਆਦਿ ਤਿਆਰ ਕੀਤਾ ਜਾਵੇ । ਗੁਰੂ ਕ੍ਰਿਪਾ ਦੁਆਰਾ ਅਸੀਂ ਇਸ ਕਾਰਜ ਨੂੰ 'ਅਨੁਕ੍ਰਮਣਿਕਾ ਤੇ ਕੋਸ਼' ਰੂਪ ਵਿਚ ਅਰੰਭਿਆ ।

ਇਸ ਕਾਰਜ ਅਧੀਨ ਅਸੀਂ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦੁਆਰਾ ਦੇਵਨਾਗਰੀ ਲਿਪੀ ਵਿਚ ਲਿਖੇ ਹੋਏ ਪਾਠ ਵਾਲੀ ਪੁਸਤਕ 'ਕਬਿੱਤ-ਸਵੈਯੇ ਭਾਈ ਗੁਰਦਾਸ ਜੀ ਭੱਲਾ' ਅਤੇ ਭਾਈ ਵੀਰ ਸਿੰਘ ਜੀ ਦੁਆਰਾ ਰਚਿਤ 'ਕਬਿੱਤ ਭਾਈ ਗੁਰਦਾਸ ਜੀ' ਦੇ ਨਾਮ ਵਾਲੀ ਪ੍ਰਕਾਸ਼ਿਤ ਪੁਸਤਕਾਂ ਨੂੰ ਆਧਾਰ ਰੂਪ ਵਜੋਂ ਸਵੀਕਾਰਿਆ ਗਿਆ ਹੈ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਸੰਪਾਦਿਤ ਤੇ ਪ੍ਰਕਾਸ਼ਤ ਪੁਸਤਕ ਵਿਚ ਕਬਿੱਤ ਸਵੈਯਾ ਦੀ ਕੁਲ ਗਿਣਤੀ ਪੰਜ ਸੌ ਛਪੰਜਾ (556) ਹੈ, ਉਪਰਾਂਤ ਭਾਈ ਵੀਰ ਸਿੰਘ ਜੀ ਆਪਣੇ ਦੁਆਰਾ ਸੰਗ੍ਰਹਿਤ ਤੇ ਸੰਪਾਦਿਤ ਕਬਿੱਤਾਂ ਦੀ ਗਿਣਤੀ ਪੰਜ ਸੌ ਸਤਵੰਜਾ (557) ਤੋਂ ਅਰੰਭ ਕਰਦੇ ਹਨ ਅਤੇ ਇਹਨਾਂ ਨੂੰ ਕ੍ਰਮਵਾਰ ਛੇ ਸੌ ਪਚੰਤਰ (675) ਤੇ ਜਾ ਕੇ ਸਮਾਪਤ ਕਰਦੇ ਹਨ । ਉਪਰੋਕਤ ਪੁਸਤਕਾਂ ਵਿਚ ਜਿਥੇ ਭਾਈ ਵੀਰ ਸਿੰਘ ਜੀ ਕਬਿੱਤਾਂ ਦਾ ਅੰਕਣ

ਕ੍ਰਮਵਾਰ ਰਖਦੇ ਹਨ ਉਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਲੀ ਪੁਸਤਕ ਵਿਚ ਕਬਿੱਤ ਸਵੈਯਾ ਦੇ ਅੰਕਣ ਵਿਚ ਕਈ ਪ੍ਰਕਾਰ ਦੇ ਵਖਰੇਵੇਂ ਦ੍ਰਿਸ਼ਟੀਗੋਚਰ ਹੁੰਦੇ ਹਨ। ਭਾਈ ਗੁਰਦਾਸ ਜੀ ਦੀ ਬਾਣੀ ਦਾ ਅਰੰਭ ਮੰਗਲਾਚਰਨ ਤੋਂ ਹੁੰਦਾ ਹੈ। ਜਿਸ ਦੇ ਅੰਤਰਗਤ ਸੋਰਠਾ, ਦੋਹਰਾ ਤੇ ਛੰਦ ਹਨ। ਇਹਨਾਂ ਨੂੰ ਕ੍ਰਮਵਾਰ ੧,੨,੩, ਦਾ ਅੰਕਣ ਦਿਤਾ ਗਿਆ ਹੈ ਉਪਰਾਂਤ ਇਹਨਾਂ ਤਿੰਨਾਂ ਨੂੰ ਇਕ ਇਕਾਈ ਵਜੋਂ ਮੰਨਦਿਆਂ ਹੋਇਆਂ ਫੇਰ ਇਕ (੧) ਦਾ ਅੰਕਣ ਦੇ ਦਿਤਾ ਗਿਆ। ਇਸ ਪ੍ਰਕਾਰ ਇਹ ਕੁਲ ਅੱਠ (8) ਸੰਯੁਕਤ ਬੰਦ (ਇਕਾਈਆਂ) ਹਨ ਜਿਨ੍ਹਾਂ ਵਿਚ ਸੋਰਠਾ, ਦੋਹਰਾ, ਛੰਦ ਦੀ ਕ੍ਰਮਵਾਰ ਕੁਲ ਗਿਣਤੀ ਚੌਵੀ (24) ਹੋ ਜਾਂਦੀ ਹੈ। ਕਬਿੱਤ ਸ਼ੁਰੂ ਹੋਣ ਤੋਂ ਪਹਿਲਾਂ ਅੱਠ (8) ਅਤੇ ਚੌਵੀ (24) ਦੇ ਅੰਕਣ ਸਮਾਨ ਰੂਪ ਵਿਚ ਹੀ ਉਪਲਬੱਧ ਹੁੰਦੇ ਹਨ। ਜਿਥੋਂ ਕਬਿੱਤ ਅਰੰਭ ਹੁੰਦੇ ਹਨ ਉਥੇ ਫੇਰ ਮੁੜ ਇਕ (1) ਦਾ ਅੰਕਣ ਪ੍ਰਾਪਤ ਹੁੰਦਾ ਹੈ।ਇਹ ਅੰਕਣ ਕੇਵਲ ਇਕ (1) ਦੋ (2) ਤਿੰਨ (3) ਕਾਵਿ-ਬੰਦਾਂ ਤਕ ਜਾਰੀ ਰਹਿੰਦਾ ਹੈ ਜਦੋਂ ਕਿ ਚੌਥੇ ਬੰਦ ਤੇ ਮੁੜ ਬਾਰਾਂ (12) ਦਾ ਅੰਕ ਆ ਜਾਂਦਾ ਹੈ। ਜਿਸ ਤੋਂ ਸ੍ਵੈ-ਸਿਧ ਹੈ ਕਿ ਉਪਰੋਕਤ ਮੰਗਲਾਚਰਨ ਦੇ ਅੱਠ (8) ਬੰਦਾਂ ਤੋਂ ਬਾਅਦ ਉਕਤ ਤਿੰਨ ਬੰਦ ਨੌਂ (9) ਦਸ (10) ਗਿਆਰਾਂ (11) ਦੇ ਹਨ ਜਿਸ ਤੋਂ ਬਾਅਦ ਬਾਰ੍ਹਵਾਂ (12) ਬੰਦ ਆ ਜਾਂਦਾ ਹੈ। ਕਬਿੱਤ ਬਾਰਾਂ ਤੋਂ ਅਰੰਭ ਹੋ ਕਿ ਗਿਣਤੀ ਕ੍ਰਮਵਾਰ ਚੌਂਤੀ (34) ਕਾਵਿ ਬੰਦਾਂ ਤਕ ਜਾਰੀ ਰਹਿੰਦਾ ਹੈ ਜਦੋਂ ਕਿ ਪੈਂਤੀਵੇਂ (35) ਕਾਵਿ ਬੰਦ ਨਾਲ ਫੇਰ (1) ਦਾ ਅੰਕ ਦ੍ਰਿਸ਼ਟੀਗੋਚਰ ਹੁੰਦਾ ਹੈ, ਜੋ ਕਿ ਅਗਲੇਰੇ ਕਾਵਿ-ਬੰਦਾਂ ਵਿਚ ਕ੍ਰਮਵਾਰ ਚਲਦਾ ਹੋਇਆ ਇਕ ਸੌ ਅਠਾਰ੍ਹਵੇਂ (118) ਬੰਦ ਤਕ ਸਹਿਰੂਪ ਵਿਚ ਚੌਰਾਸੀ (84) ਦੇ ਅੰਕਣ ਤਕ ਜਾ ਪਹੁੰਚਦਾ ਹੈ। ਇਕ ਸੌ ਉਨ੍ਹੀ(119) ਤੋਂ ਕਬਿੱਤ ਦੇ ਅੰਕਾਂ ਵਿਚ ਕੋਈ ਤਬਦੀਲੀ ਨਹੀਂ ਆਉਂਦੀ ਅਤੇ ਇਹ ਕ੍ਰਮਵਾਰ ਪੰਜ ਸੌ ਛਪੰਜਾਂ(556) ਤੇ ਜਾ ਕੇ ਸਮਾਪਤ ਹੋ ਜਾਂਦੇ ਹਨ। ਅੰਕਾਂ ਦੇ ਉਕਤ ਵਖਰੇਵੇਂ ਬਾਕੀ ਦੇ ਟੀਕਿਆਂ ਵਿਚ ਵੀ ਵੇਖਣ ਨੂੰ ਮਿਲਦੇ ਹਨ। ਅਸੀਂ ਅੰਕਾਂ ਦੇ ਵਖਰੇਵਿਆਂ ਤੋਂ ਲਾਂਭੇ ਹੋ ਕੇ ਉਕਤ ਪ੍ਰਕਾਸ਼ਿਤ ਪੁਸਤਕਾਂ ਨੂੰ ਆਧਾਰ ਬਣਾ ਕੇ ਲੜੀਵਾਰ ਇਕ ਤੋਂ ਛੇ ਸੌ ਪੰਝਤਰ ਕਬਿੱਤ ਸਵੈਯਾ ਦਾ 'ਅਨੁਕ੍ਰਮਣਿਕਾ ਤੇ ਕੋਸ਼' ਤਿਆਰ ਕੀਤਾ ਹੈ। ਪ੍ਰਥਮ ਰੂਪ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਨਿਰਧਾਰਤ ਦੇਵਨਾਗਰੀ ਲਿਪੀ ਵਾਲੀ ਪਾਠ ਪੁਸਤਕ ਨੂੰ ਆਧਾਰ ਮੰਨਦੇ ਹੋਏ ਇਸ ਦੇ ਕੁਲ ਪੰਜ ਸੌ ਛਪੰਜਾ (556) ਕਬਿੱਤ ਲਏ ਹਨ। ਜਿਸ ਵਿਚ ਮੰਗਲਾਚਾਰਨ ਦੇ ਅੰਤਰਗਤ (ਸੋਰਠਾ + ਦੋਹਰਾ + ਛੰਦ) ਦੇ ਸੰਯੁਕਤ ਰੂਪ ਨੂੰ ਸਵੀਕਾਰਦੇ ਹੋਏ ਅੱਠ (8) ਬੰਦ ਲਏ ਹਨ ਉਪਰਾਂਤ ਪ੍ਰਥਮ ਕਬਿੱਤ 'ਦਰਸ਼ਨ ਦੇਖਤ ਹੀ ਸੁਧਿ ਕੀ ਨਾ ਸੁਧਿ ਰਹੀ' ਨੂੰ ਨੌਂ (9) ਦੇ ਅੰਕਣ ਤੋਂ ਪੈਦਾ ਹੋਣ ਵਾਲੇ ਭੁਲੇਖੇ ਦੇ ਅੰਦੇਸੇ ਨੂੰ ਮੁਖ ਰਖਦਿਆਂ ਕਬਿੱਤਾਂ ਦੇ ਅੰਕਣ ਨੂੰ ਕ੍ਰਮਵਾਰ ਹੀ ਰਹਿਣ ਦਿੱਤਾ ਗਿਆ ਹੈ ਜੋ ਕਿ ਪੰਜ ਸੌ ਛਪੰਜਾ ਤੇ ਜਾ ਕੇ ਸਮਾਪਤ ਹੁੰਦੇ ਹਨ। ਉਪਰਾਂਤ ਭਾਈ ਵੀਰ ਸਿੰਘ ਜੀ ਦੀ ਪੁਸਤਕ ਵਿਚ ਇਹ ਗਿਣਤੀ ਪੰਜ ਸੌ ਸਤਵੰਜਾਂ (557) ਤੋਂ ਅਰੰਭ ਹੁੰਦੀ ਤੇ ਛੇ ਸੌ ਪਝਤਰ (675) ਦੇ ਅੰਕ ਤੇ ਪਹੁੰਚ ਕੇ ਖਤਮ ਹੋ ਜਾਂਦੀ ਹੈ। ਕਬਿੱਤਾਂ ਦੇ ਅੰਕਾਂ ਦਾ ਸਮੁੱਚਾ ਵੇਰਵਾ ਅਨੁਕ੍ਰਮਣਿਕਾ ਤੇ ਕੋਸ਼ ਦੇ ਅੰਤ ਵਿਚ 'ਅੰਤਕਾ' ਦੇ ਸਿਰਲੇਖ ਅਧੀਨ ਦਿਤਾ ਗਿਆ ਹੈ। ਅਸੀਂ ਅੰਕਾਂ ਦੀ ਇਹ

ਗਿਣਤੀ ਪ੍ਰਮਾਣਿਤ ਪ੍ਰਕਾਸ਼ਤ ਪੁਸਤਕਾਂ ਦੇ ਆਧਾਰ ਤੋਂ ਦਿੱਤੀ ਹੈ, ਜਦੋਂ ਕਦੇ ਵੀ ਇਸ ਵਿਚ ਸੋਧ ਜਾਂ ਸਰਬ ਪ੍ਰਮਾਣਿਤ ਹੋਰ ਵਧੇਰੇ ਕਬਿੱਤ-ਸਵੈਯਾ ਦੀ ਸ਼ਮੂਲੀਅਤ ਵਾਲਾ ਪ੍ਰਮਾਣਿਕ ਪਾਠ ਵਿਦਵਾਨ ਪ੍ਰਸਤੁਤ ਕਰਨਗੇ ਤਾਂ ਨਿਸ਼ਚੇ ਹੀ ਗਹਿਰੇ ਅਧਿਐਨ ਤੇ ਘੋਖ ਪੜਤਾਲ ਉਪਰੰਤ ਸਾਨੂੰ ਆਪਣੇ ਕਾਰਜ ਨੂੰ ਨਵਿਆਉਣ ਵਿਚ ਕੋਈ ਗੁਰੇਜ਼ ਨਹੀਂ ਹੋਵੇਗਾ।

'ਕਬਿੱਤ-ਸਵੈਯਾ' ਦੀ 'ਅਨੁਕ੍ਰਮਣਿਕਾ ਤੇ ਕੋਸ਼' ਤਿਆਰ ਕਰਨ ਹਿਤ ਇਸ ਖੋਜ ਅਧੀਨ ਸਭ ਤੋਂ ਪਹਿਲਾਂ ਭਾਈ ਗੁਰਦਾਸ ਜੀ ਦੇ ਦੁਆਰਾ ਵਰਤੇ ਗਏ ਹਰ ਸ਼ਬਦ ਨੂੰ ਵਰਣ-ਕ੍ਰਮ ਅਨੁਸਾਰ ਦਿਤਾ ਹੈ ਅਤੇ ਫਿਰ ਉਸ ਦਾ ਮੂਲ ਰੂਪ ਕੀ ਸੀ ਦਸਿਆ ਹੈ। ਇਸ ਸੰਬੰਧੀ ਮੂਲ ਰੂਪ ਵਿਚ ਗੁਰਮੁਖੀ ਅੱਖਰਾਂ ਵਿਚ ਲਿਖਿਆ ਹੈ ਅਤੇ ਫਿਰ ਉਸ ਨੂੰ ਦੇਵਨਾਗਰੀ ਲਿਪੀ ਵਿਚ ਲਿਖਿਆ ਗਿਆ ਹੈ ਤਾਂ ਜੋ ਕਿਸੇ ਪ੍ਰਕਾਰ ਦੀ ਕੋਈ ਸ਼ੰਕਾ ਨਾ ਰਹਿ ਜਾਵੇ। ਮਿਸਾਲ ਦੇ ਤੌਰ ਤੇ ਗੁਰਮੁਖੀ ਦਾ ਸ਼ਬਦ 'ਅਲਖ' ਹੈ। ਇਸ ਨੂੰ ਇਸ ਪ੍ਰਕਾਰ ਦਿਤਾ ਗਿਆ ਹੈ :

ਅਲਖ : (ਸੰ.) (अलक्ष्य)

ਇਸ ਤੋਂ ਉਪਰੰਤ ਉਸ ਸ਼ਬਦ ਨੂੰ ਵਿਆਕਰਨ ਦੇ ਕਿਹੜੇ ਰੂਪ ਵਿਚ ਵਰਤਿਆ ਗਿਆ ਹੈ ਦਾ ਸੰਕੇਤ ਦਿਤਾ ਹੈ ਅਲਖ ਜੋ ਕਿ ਵਿਸ਼ੇਸ਼ਣ ਹੈ ਨੂੰ ਇਸ ਪ੍ਰਕਾਰ ਲਿਖਾਂਗੇ :

ਅਲਖ : (ਸੰ.) (अलक्ष्य) ਵਿ:

ਅੰਤ ਵਿਚ ਸ਼ਬਦ ਦੇ ਅਰਥ ਦਿੱਤੇ ਗਏ ਹਨ। ਜਿਥੇ ਇਹ ਅਰਥ ਪ੍ਰਸੰਗ ਅਤੇ ਪ੍ਰਕਰਣ ਅਨੁਸਾਰ ਹਨ ਉਥੇ ਉਕਤ ਟੀਕਿਆਂ ਦੇ ਆਧਾਰ ਤੇ ਦਿਤੇ ਗਏ ਅਰਥਾਂ ਨੂੰ ਗੁਰਬਾਣੀ ਅਤੇ ਗੁਰਮਤਿ ਦੇ ਸੰਦਰਭ ਵਿਚ ਪਛਾਣਨ ਦਾ ਜਤਨ ਵੀ ਕੀਤਾ ਹੈ 'ਅਰਥ' ਸ਼ਬਦ ਅਰਥ ਸਹਿਤ ਇਸ ਪ੍ਰਕਾਰ ਲਿਖਿਆ ਜਾਵੇਗਾ :

ਅਲਖ : (ਸੰ.) (अलक्ष्य) ਵਿ:—ਜੋ ਨਾ ਦਿੱਸੇ, ਜੋ ਲਖਸ਼ਿਤ ਨਾ ਹੋਵੇ, ਲੱਛਣ ਰਹਿਤ, ਪਰਮਾਤਮਾ ਦਾ ਇਕ ਵਿਸ਼ੇਸ਼ਣ ਆਦਿ

ਸ਼ਬਦਾਂ ਦੇ ਰੂਪ ਜਦੋਂ ਭਿੰਨ ਭਿੰਨ ਸ਼ਬਦ ਜੋੜ ਰੂਪਾਂ ਵਿਚ ਜਾਂ ਵਿਕਾਰੀ ਰੂਪਾਂ ਵਿਚ ਆਉਂਦੇ ਹਨ ਤਾਂ ਉਹਨਾਂ ਨੂੰ ਵੀ ਵਰਣ ਕ੍ਰਮ ਅਨੁਸਾਰ ਹੀ ਰਖਿਆ ਹੈ। ਇਸ ਦੇ ਨਾਲ ਇਹਨਾਂ ਦੀ ਵਿਉਤਪਤੀ ਸਰੂਪ ਅਤੇ ਅਰਥਾਂ ਨੂੰ ਦੁਹਰਾਇਆ ਨਹੀਂ ਗਿਆ ਬਲਕਿ ਇਕ ਥਾਂ ਤੇ ਦੇ ਕੇ ਬਾਕੀ ਸ਼ਬਦਾਂ ਨੂੰ 'ਵੇਖੋ' ਸ਼ਬਦ ਲਿਖ ਕੇ ਪਰਸਪਰ ਜੋੜ ਦਿਤਾ ਹੈ। ਇਸ ਪ੍ਰਕਾਰ ਵਾਧੂ ਵਿਸਤਾਰ ਤੋਂ ਬਚਿਆ ਗਿਆ ਹੈ। ਜਿਵੇਂ ਸ਼ਬਦ ਹਨ : 'ਪਾਰ', 'ਪਾਰਿ', 'ਪਾਰ', 'ਪਾਰੋ', ਇਹਨਾਂ ਸ਼ਬਦਾਂ ਵਿਚ 'ਪਾਰ' ਮੂਲ ਸ਼ਬਦ ਹੈ ਜਦੋਂ ਕਿ ਬਾਕੀ ਸ਼ਬਦ ਇਸ ਦੇ ਸ਼ਬਦ ਜੋੜ ਰੂਪਾਂ ਵਿਚ ਲਿਖ ਕੇ ਬਾਕੀ ਸ਼ਬਦ 'ਪਾਰਿ', 'ਪਾਰੇ', ਪਾਰੋ', ਆਦਿ ਸ਼ਬਦਾਂ ਅਗੇ 'ਵੇਖੋ' ਸ਼ਬਦ ਲਿਖਿਆ ਹੈ।

ਇਸ ਤੋਂ ਬਾਅਦ ਇਹ ਦਸਿਆ ਗਿਆ ਹੈ ਕਿ 'ਸ਼ਬਦ' ਨੂੰ ਭਾਈ ਗੁਰਦਾਸ ਜੀ ਨੇ ਕਿਥੇ ਤੇ ਕਿੰਨੀ ਵਾਰ ਵਰਤਿਆ ਹੈ। ਬਾਣੀ ਵਿਚ ਕਬਿੱਤਾਂ ਦੇ ਨਾਲ ਨਾਲ 'ਸੋਰਠਾ', 'ਦੋਹਰਾ ਤੇ ਛੰਦ' ਕਾਵਿ ਰੂਪ ਵੀ ਆਏ ਹਨ ਅਸੀਂ 'ਸ਼ਬਦ' ਦਿੰਦਿਆਂ ਇਹ ਸਪਸ਼ਟ ਕਰਨ

ਦੀ ਕੋਸ਼ਿਸ਼ ਕੀਤੀ ਹੈ ਕਿ ਜੋ ਸ਼ਬਦ 'ਸੋਰਠਾ', 'ਦੋਹਰਾ', 'ਛੰਦ' ਜਾਂ ਸਵੈਯਾ ਵਿਚ ਆਇਆ ਹੈ ਉਹਨਾਂ ਦੇ ਅੰਕਣ ਸਮੇਂ ਇਹਨਾਂ ਰੂਪਾਂ ਦੇ ਸੰਖਿਪਤ ਰੂਪ ਵੀ ਨਾਲ ਦਿਤੇ ਜਾਣ । ਇਸ ਸੰਬੰਧ ਵਿਚ 'ਸੋਰਠਾ' ਨੂੰ 'ਸੋ' ਦੋਹਰਾਂ ਨੂੰ 'ਦੋ' ਅਤੇ 'ਛੰਦ' ਨੂੰ 'ਛ' ਦੁਆਰਾ ਸੰਕੇਤਿਤ ਕੀਤਾ ਗਿਆ ਹੈ । ਜਿਵੇਂ ਸ਼ਬਦ 'ਸਤਿਗੁਰੂ' ਹੈ ਇਹ ਸ਼ਬਦ ਪਹਿਲੇ ਸੋਰਠੇ ਦੀ ਪਹਿਲੀ ਪੰਕਤੀ ਵਿਚ, ਦੂਸਰੇ ਦੋਹਰੇ ਦੀ ਦੂਜੀ ਪੰਕਤੀ ਵਿਚ ਅਤੇ ਦੂਜੇ ਛੰਦ ਦੀਂ ਪਹਿਲੀ ਵਿਚ ਹੈ ਤਾਂ ਇਸ ਨੂੰ ਇਸ ਪ੍ਰਕਾਰ ਅੰਕਣ ਕਰਾਂਗੇ ;

੧.ਸੋ.੧ ੨.ਦੋ.੨ ੨.ਛੰ.੧

ਕਬਿੱਤਾਂ ਦੇ ਅੰਤਰਗਤ ਆਉਣ ਵਾਲੇ ਸ਼ਬਦਾਂ ਅਗੇ ਗੁਰਮੁਖੀ ਦਾ ਕੋਈ ਸੰਖਿਪਤ ਚਿੰਨ੍ਹ ਨਹੀਂ ਏਥੇ ਕੇਵਲ ਪਹਿਲਾਂ ਕਬਿੱਤ ਸਵੈਯਾ ਅੰਕ ਤੇ ਫੇਰ ਸਤਰ ਅੰਕ ਨਾਲ ਸੰਕੇਤ ਕੀਤਾ ਗਿਆ ਹੈ । ਜਿਵੇਂ ਸ਼ਬਦ 'ਪਾਵਨ' ਹੈ । ਜੇਕਰ ਇਹ ਸ਼ਬਦ ਤਰੇਆਸੀਵੇਂ ਕਬਿੱਤ ਦੀ ਦੂਜੀ ਸਤਰ ਵਿਚ ਹੈ ਤਾਂ ਇਸ ਨੂੰ ਇੰਞ ਲਿਖਾਂਗੇ 83.2 ਇਸ ਉਪਰਾਂਤ ਇਹ 'ਪਾਵਨ ਸ਼ਬਦ ਜਿਸ ਕਬਿੱਤ ਵਿਚ ਜਿਹੜੀ ਸਤਰ ਵਿਚ ਆਵੇਗਾ ਉਸ ਦਾ ਅੰਕਣ ਉਕਤ ਨਿਰਦੇਸ਼ ਅਨੁਸਾਰ ਕੀਤਾ ਜਾਵੇਗਾ । 'ਸਵੈਯੇ' ਦੇ ਅੰਤਰਗਤ ਆਉਣ ਵਾਲੇ ਸ਼ਬਦ ਨੂੰ ਕਬਿੱਤ ਅੰਕ ਦੇ ਨਾਲ (ਸ) ਦਾ ਸੰਕੇਤ ਦੇ ਕੇ ਸੰਕੇਤ ਕੀਤਾ ਗਿਆ ਹੈ । ਜਿਵੇਂ ਸ਼ਬਦ 'ਪਾਵਤ' ਹੈ ਇਹ ਪੰਜ ਸੌ ਛਪੰਜਾ ਸਵੈਯੇ ਦੀ ਪਹਿਲੀ ਸਤਰ ਵਿਚ ਹੈ ਤਾਂ ਇਸ ਨੂੰ 556.ਸ.੧. ਅਨੁਸਾਰ ਰਖਿਆ ਗਿਆ ਹੈ । ਉਕਤ ਸਾਰਾ ਵੇਰਵਾ ਕਬਿੱਤ-ਸਵੈਯਾ ਦੇ ਕ੍ਰਮ ਅਨੁਸਾਰ ਹੈ ।

ਇਸ ਖੋਜ ਕਾਰਜ ਦੌਰਾਨ ਭਾਈ ਗੁਰਦਾਸ ਜੀ ਦੇ ਕਬਿੱਤ-ਸਵੈਯਾ ਵਿਚ ਆਏ ਸ਼ਬਦਾਂ ਨੂੰ ਗੁਰਮੁਖੀ ਵਰਣਮਾਲਾ ਮੁਤਾਬਿਕ ਪੰਜਾਬੀ ਕੋਸ਼ ਪਰੰਪਰਾ ਅਨੁਸਾਰ ਕ੍ਰਮਵਾਰ ਇਕੱਠਾ ਕੀਤਾ ਗਿਆ ਹੈ । ਪਹਿਲਾਂ ਮੁਕਤਾ ਅੱਖਰ ਰਖੇ ਗਏ ਹਨ ਫੇਰ ਮਾਤ੍ਰਾਯੁਕਤ ਅੱਖਰ ।

(1) ਮੁਕਤਾ ਅੱਖਰਾਂ ਦੇ ਅੰਤਰਗਤ ਇਹ ਸ਼ਬਦ ਜੋੜ ਰੂਪ ਦੋ, ਤਿੰਨ ਜਾਂ ਇਸ ਤੋਂ ਵੀ ਵਧੀਕ ਸ਼ਬਦਾਂ ਤਕ ਹੋ ਸਕਦਾ ਹੈ ਅਤੇ ਇਥੇ ਇਹ ਫੇਰ ਵਰਣ-ਕ੍ਰਮ/ਮਾਤ੍ਰਾਕ੍ਰਮ ਅਨੁਸਾਰ ਹੀ ਜਾਰੀ ਰਹਿੰਦਾ ਹੈ । ਜਿਵੇਂ :

ਦਰਸ
ਦਰਸਨ
ਦਰਸ਼
ਦਰਸ਼ਨ
ਦਰਸਨੀ
ਦਰਸਾਵਿਲੋਕਾਨ
ਦਰਸਿ
ਦਰਾਸੁ

ਇਹ ਵਰਣ ਕ੍ਰਮ ਪ੍ਰਥਮ ਅੱਖਰ ਨੂੰ ਮਾਤ੍ਰਾ ਲਗਾਂ ਲਗਣ ਤਕ ਜਾਰੀ ਰਹੇਗਾ ।

(2) ਮਾਤ੍ਰਾ ਅੱਖਰ ਤੋਂ ਪਹਿਲਾਂ ਟਿੱਪੀ ਜਾਂ ਬਿੰਦੀ ਵਾਲੇ ਅੱਖਰ ਰਖੇ ਗਏ ਹਨ ਮਿਸਾਲ ਦੇ ਤੌਰ ਤੇ

ਸਦ
ਸੰਦ
ਸੰਦਲ
ਤੇ ਫੇਰ
ਸਦਾ (ਜੋ ਕੇ ਮਾਤ੍ਰਾ ਵਾਲਾ ਹੈ)

(3) ਦੁੱਤ ਅੱਖਰਾਂ ਨਾਲ ਸ਼ੁਰੂ ਹੋਣ ਵਾਲੇ ਅੱਖਰਾਂ ਨੂੰ ਵੀ ਮੁਕਤਾ ਅੱਖਰਾਂ ਤੋਂ ਬਾਅਦ ਰਖਿਆ ਹੈ ਜਿਵੇਂ :

ਸਮਰਥ
ਸਮਰੱਥ

(4) ਪੈਰ ਵਿਚ (ਰ) ਅਤੇ ਪੈਰ ਵਿਚ (ਵ) ਵਾਲੇ ਅਰੰਭਿਕ ਅੱਖਰ ਮੁਕਤਾ ਅਖਰਾਂ ਦੇ ਖਤਮ ਹੋਣ ਤੋਂ ਬਾਅਦ ਅਤੇ ਲਗਾਂ ਅੱਖਰ ਕੰਨਾ ਦੇ ਸ਼ੁਰੂ ਹੋਣ ਤੋਂ ਪਹਿਲੇ ਹਨ । ਜਿਵੇਂ 'ਪੜੇ' ਸ਼ਬਦ ਤੇ ਜਾ ਕੇ ਮੁਕਤਾ ਅੱਖਰਾਂ ਦਾ ਕ੍ਰਮ ਸਮਾਪਤ ਹੁੰਦਾ ਹੈ ਇਸ ਤੋਂ ਅਗੇ ਪੈਰ ਵਿਚ (ਰ) ਵਾਲਾ ਸ਼ਬਦ 'ਪ੍ਰਸੰਗ' ਰਖਿਆ ਹੈ । ਪੈਰ ਵਿਚ (ਰ) ਵਾਲੇ ਸ਼ਬਦ ਵੀ ਉਵੇਂ ਹੀ ਵਰਣ ਕ੍ਰਮ/ਮਾਤ੍ਰਾ ਕ੍ਰਮ ਅਨੁਸਾਰ ਲਗਾਂ ਅੱਖਰ 'ਪਾਉ' ਤਕ ਜਾਰੀ ਰਹਿਣਗੇ ਉਪਰਾਂਤ 'ਪਾਉ' ਤੋਂ ਲਗਾਂ ਅੱਖਰ ਅਰੰਭ ਹੋ ਜਾਂਦੇ ਹਨ ।

(5) ਪੈਰ ਵਿਚ (ਰ) ਅਤੇ ਪੈਰ ਵਿਚ (ਵ) ਕੇਵਲ ਸ਼ਬਦ ਦੇ ਪ੍ਰਥਮ ਵਰਣ ਦੇ ਅਰੰਭ ਵਿਚ ਹੀ ਨਹੀਂ ਆਉਂਦੇ ਬਲਕਿ ਸ਼ਬਦ ਜੋੜ ਦੇ ਵਿਚਕਾਰ ਵੀ ਆ ਜਾਂਦੇ ਹਨ ਉਥੇ ਇਹਨਾਂ ਨੂੰ ਸਹੂਲਤ ਵਸ ਵਰਣ ਕ੍ਰਮ ਅਨੁਸਾਰ ਹੀ ਰਹਿਣ ਦਿਤਾ ਗਿਆ ਹੈ । ਜਿਵੇਂ :

(1) ਮਿਤ
(2) ਮਿਤਿ
(3) ਮਿਤ੍ਰ
(4) ਮਿਤ੍ਰਹਿ
(5) ਮਿਤ੍ਰਤਾਈ

(6) ਲਗਾਂ ਅੱਖਰ ਦੇ ਅਰੰਭ ਵਿਚ ਪਹਿਲਾਂ ਕੰਨਾ (ਾ) ਫੇਰ ਸਿਹਾਰੀ (ਿ) ਬਿਹਾਰੀ (ੀ) ਔਂਕੜ (ੁ) ਦੁਲੈਂਕੜ (ੂ) ਲਾਂ (ੇ) ਦੁਲਾਂ (ੈ) ਹੋੜਾ (ੋ) ਕਨੌੜਾ (ੌ) ਦੀ ਤਰਤੀਬ ਰਖੀ ਗਈ ਹੈ ।

ਸ਼ਬਦਾਂ ਦੀ ਇਹ ਸਾਰੀ ਤਰਤੀਬ ਇਤਨੀ ਸਰਲ ਵਿਧੀ ਅਨੁਸਾਰ ਹੈ ਕਿ ਕਿਸੇ ਖੋਜਾਰਥੀ ਨੂੰ ਸ਼ਬਦ ਨੂੰ ਲਭਣ ਵਿਚ ਔਖ ਦੀ ਸੰਭਾਵਨਾ ਨਹੀਂ ਹੋਵੇਗੀ ।

ਕੋਸ਼ਕਾਰੀ ਦੇ ਕਾਰਜ ਵਿਚ ਹਰੇਕ ਸ਼ਬਦ ਦੀ ਮੂਲ ਧਾਤੂ ਅਨੁਸਾਰ ਸੰਗਿਆ ਅਤੇ ਫਿਰ ਵੱਖ ਵੱਖ ਸ਼ਬਦ ਕੋਸ਼ਾਂ ਅਨੁਸਾਰ ਭਿੰਨ ਭਿੰਨ ਅਰਥਾਂ ਦਾ ਅਧਿਐਨ ਕਰਕੇ

ਸੰਬੰਧਿਤ ਪ੍ਰਸੰਗ ਵਿਚ ਅਰਥ ਦੇਣ ਦਾ ਜਤਨ ਕੀਤਾ ਗਿਆ ਹੈ। ਉਦਾਹਰਣ ਦੇ ਤੌਰ ਤੇ ਹਿੰਦੀ, ਸੰਸਕ੍ਰਿਤ, ਫ਼ਾਰਸੀ ਆਦਿ ਦੇ ਸ਼ਬਦ ਜਿਨ੍ਹਾਂ ਨੂੰ ਭਾਈ ਗੁਰਦਾਸ ਜੀ ਸੌਂਦਰਯਮਈ ਵਿਧੀ ਦੁਆਰਾ ਪ੍ਰਯੋਗ ਕਰਦੇ ਹਨ ਦੇ ਮੂਲ ਰੂਪ ਅਤੇ ਧਾਤੂ ਲੱਭਣ ਦੀ ਕੋਸਿਸ਼ ਕੀਤੀ ਗਈ ਹੈ। ਸਾਡੇ ਇਸ ਕਾਰਜ ਵਿਚ ਸ਼ਬਦਾਂ ਨੂੰ ਸੰਖਿਪਤ ਰੂਪ ਵਿਚ ਪੇਸ਼ ਕਰਨ ਦੀ ਵਿਧੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

ਸੰ. ਸੰਸਕ੍ਰਿਤ
ਅ. ਅਰਬੀ
ਫਾ. ਫ਼ਾਰਸੀ
ਸਰਵ. ਸਰਵਨਾਮ
ਪੁੰ. ਪੁਲਿੰਗ
ਇ. ਇਸਤਰੀ ਲਿੰਗ
ਸ. ਕ੍ਰਿ : ਸਕਰਮਕ ਕ੍ਰਿਆ
ਵਿ. ਵਿਸ਼ੇਸ਼ਣ

ਇਸ ਖੋਜ ਕਾਰਜ ਲਈ ਜਿਨ੍ਹਾਂ ਸ਼ਬਦ ਕੋਸ਼ ਅਤੇ ਪੁਸਤਕਾਂ ਦੀ ਸਹਾਇਤਾ ਲਈ ਹੈ ਉਹਨਾਂ ਦਾ ਧੰਨਵਾਦ ਸਹਿਤ ਨਾਮ ਦੇ ਰਹੇ ਹਾਂ :

(1) **ਮਹਾਨ ਕੋਸ਼** (ਭਾਈ ਕਾਨ੍ਹ ਸਿੰਘ)
(2) **ਪੰਜਾਬੀ ਪੰਜਾਬੀ ਕੋਸ਼** (ਭਾਸ਼ਾ ਵਿਭਾਗ)
(3) **ਬ੍ਰਿਹਤ ਹਿੰਦੀ ਕੋਸ਼** (ਕਾਲਕਾ ਪ੍ਰਸਾਦ)
(4) **ਹਿੰਦੀ ਸਾਹਿੱਤਯ ਕੋਸ਼** (ਧੀਰੇਂਦ੍ਰ ਵਰਮਾ)
(5) **ਦੀ ਸਟੈਂਡਰਡ ਡਿਕਸ਼ਨਰੀ ਆਫ਼ ਹਿੰਦੀ ਲੈਂਗੁਏਜ਼** (ਪੋ. ਆਰ. ਸੀ. ਪਸਿਕ)
(6) **ਸਾਹਿੱਤਿਯ ਬ੍ਰਜ ਭਾਸ਼ਾ ਕੋਸ਼** (ਚਤੁਰਵੇਦੀ ਦਵਾਰਕਾ ਪ੍ਰਸਾਦ ਸ਼ਰਮਾ)
(7) **ਸ੍ਰੀ ਗੁਰੂ ਗ੍ਰੰਥ ਕੋਸ਼** (ਭਾਈ ਵੀਰ ਸਿੰਘ)
(8) **ਸੰਸਕ੍ਰਿਤ ਇੰਗਲਿਸ਼ ਡਿਕਸ਼ਨਰੀ** (ਪ੍ਰਿੰ. ਆਪਟੇ)
(9) **ਬ੍ਰਜ ਭਾਸ਼ਾ ਸੂਰ ਕੋਸ਼** (ਡਾ. ਪ੍ਰੇਮ ਨਰਾਇਣ ਟੰਡਨ)
(10) **ਉਰਦੂ ਹਿੰਦੀ ਸ਼ਬਦ ਕੋਸ਼** (ਮੁਹੰਮਦ ਮੁਸਤਫ਼ਾ ਖਾਂ 'ਮੁਕਾਹ')
(11) **ਸੰਸਕ੍ਰਿਤ ਹਿੰਦੀ ਕੋਸ਼** (ਚਮਨ ਸ਼ਿਵਰਾਮ ਆਪਟੇ)
(12) **ਏ ਡਿਕਸ਼ਨਰੀ ਆਫ਼ ਉਰਦੂ,** (ਕਲਾਸੀਕਲ ਹਿੰਦੀ ਐਂਡ ਇੰਗਲਿਸ਼ ਪਲੈਟਸ)
(13) **ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ** (ਟੀਕਾਕਾਰ ਭਾਈ ਸਾਹਿਬ ਸਿੰਘ)

ਇਸ ਖੋਜ ਕਾਰਜ ਨੂੰ ਸੰਪੂਰਨ ਕਰਦਿਆਂ ਜਿਨ੍ਹਾਂ ਵੀ ਵਿਅਕਤੀਆਂ ਨੇ ਮੇਰੀ ਸਹਾਇਤਾ ਕੀਤੀ ਹੈ ਉਹਨਾਂ ਦੀ ਮੈਂ ਸਦੈਵ ਰਿਣੀ ਰਹਾਂਗੀ। ਪੰਜਾਬੀ ਭਾਸ਼ਾ ਵਿਭਾਗ ਦੇ

ਕੁਸ਼ਲ ਪ੍ਰਬੰਧਕ ਅਤੇ ਵਿਦਵਾਨ ਪੂਰਵਲੇ ਮੁਖੀ ਡਾ. ਬਲਬੀਰ ਸਿੰਘ ਨੰਦਾ, ਅਤੇ ਵਰਤਮਾਨ ਮੁਖੀ ਸਰਦਾਰ ਅਨੂਪ ਸਿੰਘ ਵੀ ਮੇਰੇ ਆਭਾਰ ਦੇ ਪਾਤਰ ਹਨ ਕਿਉਂ ਜੋ ਇਹ ਪ੍ਰਾਜੈਕਟ ਉਹਨਾਂ ਦੀ ਸੋਚ ਦਾ ਹੀ ਪਸਾਰਾ ਹੈ । ਇਹ ਕਾਰਜ ਇਸ ਰਚਨਾ ਸੰਬੰਧੀ ਅਰੰਭਿਕ ਜਤਨ ਹੈ । ਇਸ ਲਈ ਇਸ ਸੰਬੰਧੀ ਆਉਣ ਵਾਲੇ ਸੁਝਾਵਾਂ ਨੂੰ ਉਕਤ ਪਰਣਿਤ ਪਹੁੰਚ ਤੇ ਦ੍ਰਿਸ਼ਟੀ ਦੀ ਲੋਅ ਵਿਚ ਹਮੇਸ਼ਾ ਖੁਸ਼ਾਮਦੀਦ ਆਖਦੀ ਰਹਾਂਗੀ ।

ਡਾ. ਅੰਮ੍ਰਿਤਪਾਲ ਕੌਰ

ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ੳ

ੳੁਸਤਤਿ ; (ਸੰ.) (स्तुति) ਸੰਗਿਆ—ਵਡਿਆਈ, ਪ੍ਰਸੰਸਾ, ਸ਼ਲਾਘਾ, ਤਾਰੀਫ਼ । ੮੨.੨, ੧੪੧.੨, ੫੯੫.੪, ੬੭੧.੪

ਉਸਨ : (ਸੰ.) (उष्ण) ਵਿ.—ਗਰਮ, ਗਰਮ ਤਾਸੀਰ ਵਾਲਾ, (उष्णिमन्) ਪੁ.—ਧੁੱਪ, ਗਰਮੀ-ਰੁੱਤ । ੧੮੫.੪, ੧੯੮.੩, ੩੪੬.੨

ਉਸਾਸ : (ਸੰ.) (उच्छ्वास)—ਉਪਰ ਖਿਚਿਆ ਲੰਬਾ ਸਾਹ, ਸ਼ੋਕ ਸਚਕ ਲੰਬਾ ਸਾਹ ਹਉਕਾ । ੨੦੭.੧, ੫੭੩.੨, ੫੮੧.੨

ਉਸਾਸਨ : (ਹਿੰ.) (उसासना) ਕ੍ਰਿ. ਸ.—ਸਾਹ ਲੈਣਾ, ਉਸਾਸ ਲੈਣਾ, ਠੰਡੇ ਸਾਹ ਲੈਣਾ, ਹਉਕਾ ਲੈਣਾ। ੨੧੦.੪

ਉਸਾਹ : (ਸੰ.) (उत्सृज) (उत्सर्जन) ਕ੍ਰਿ. ਸ. — ਉਸਾਰਣਾ, ਬਣਾਉਣਾ, ਰਚਣਾ ! ੬੭੩.੩

ਉਸੇਈ ; (ਹਿੰ.)(उससना)ਕ੍ਰਿ.ਸ.—ਉਬਾਲਣ ਤੋਂ, ਉਬਾਲ ਕੇ, ਉਬਲੇ ਆਦਿ। ੧੨੩.੩

ਉਕਤਾਵਈ : (ਸੰ.) (आकुल) ਕ੍ਰਿ. ਅਕ.—ਉਕਤਾਣਾ, ਊਬਨਾ, ਆਕੁਲ ਹੋਣਾ, ਜਲਦੀ ਮਚਾਣਾ, ਆਕੁਲਤਾ। ੨੩੮.੨

ਉਕਤਿ : (ਸੰ.) (उक्ति)—ਕਥਨ, ਯੁਕਤੀ, ਦਲੀਲ। ੧੦੭.੪, ੧੪੦.੨, ੨੮੨.੧, ੬੦੨.੩

ਉਕਲੇਦ : (ਸੰ.) (उद्गार) ਕ੍ਰਿ. ਅਕ.—ਉਲਟੀ, ਕੈਅ, ਉਛਾਲੀ। ੨੩੯.੨, ੫੧੭.੩

ਉਖਲੀ : (ਸੰ.) (उलूखल) (ਹਿੰ.) (ओखली) ਇ. —ਪੱਥਰ ਜਾਂ ਲੜਕੀ ਦਾ ਉਹ ਬਰਤਨ ਜਿਸ ਵਿਚ ਅਨਾਜ ਕੁੱਟਿਆ ਜਾਂਦਾ ਹੈ। ੨੭੩.੩

ਉਖਾਰੀ : (ਸੰ.) (इक्षु) ਇ.—ਕਮਾਦ, ਗੰਨਾ, ਇਖ। ੧੨੩.੨, ੩੮੩.੩

ਉਗਲਤ : (ਸੰ.) (उद्गिरणम्) ਕ੍ਰਿ.—ਮੂੰਹ ਵਿਚੋਂ ਬਾਹਰ ਸੁਟਣਾ, ਪੇਟ ਵਿਚ ਗਈ ਵਸਤੂ ਨੂੰ ਮੂੰਹ ਰਾਹੀਂ ਬਾਹਰ ਕੱਢਣਾ, ਗੁਪਤ ਗੱਲ ਜਾਂ ਭੇਤ ਦਸ ਦੇਣਾ। ੪੯੧.੩

ਉਗਾਰ : ਪੁ.—ਉਗਲੀ ਹੋਈ ਵਸਤੂ, ਮੁਖ ਦ੍ਰਵ, ਲਾਰ, ਉਗਲਣਾ, ਵੇਖੋ ਉਗਲਤ। ੬੧੫.੨

ਉਘਰ : (ਸੰ.) (उद् + घाटय्>प्रा. उग्घड़) ਕ੍ਰਿ.—ਖੁਲ੍ਹ, ਪ੍ਰਤੱਖ ਹੋਣਾ, ਪ੍ਰਗਟ ਹੋਣਾ, ਭੇਦ ਖੁਲ੍ਹਣਾ, ਪੋਲ ਖੁਲ੍ਹਣਾ। ੨੦੫.੪

ਉਘਰਤ : ਵੇਖੋ ਉਘਰ ੫੭੮.੧, ੬੫੮.੪

ਉਘਾਰ : ਕ੍ਰਿ. ਸ.—ਖੋਲ੍ਹਣਾ, ਕਪੜਾ ਆਦਿ ਹਟਾ ਕੇ ਨੰਗਾ ਕਰਨਾ, ਖੁਲ੍ਹਿਆ ਹੋਇਆ, ਆਵਰਣ ਰਹਿਤ, ਵੇਖੋ ਉਘਰ ੬੫੭.੪

ਉਚ : ਵੇਖੋ ਊਚ ੧੧੯,੩

ਉਚਰਤ : (ਸੰ.) (उच्चरणम्) ਕ੍ਰਿ. ਅਕ.—ਉਚਾਰਣ ਕਰਦਾ, ਉਚਰਦਾ, ਬੋਲਦਾ, ਵੇਖੋ ਉਚਾਰ । ੪੮੯.੪

ਉਚਰੈ : ਕ੍ਰਿ. ਅਕ.—ਉਚਾਰਣ ਕਰੇ, ਬੋਲੋ, ਵੇਖੋ ਉਚਾਰ । ੫੩੩.੨

ਉਚਾਰ : (ਸੰ.) (उच्चार) ਪੁ.—ਉਚਾਰਣ, ਕਥਨ, ਬੋਲਿਆ ਹੋਇਆ। ੫੪.੪, ੧੮੦.੨, ੨੩੨.੨, ੬੦੬.੩

ਉਚਾਰਿ : ਵੇਖੋ ਉਚਾਰ । ੬੬੬.੩

ਉਚਾਰੀ : ਉਚਾਰਣ ਕੀਤੀ, ਵੇਖੋ ਉਚਾਰ । ੨੧੨.੨

ਉਚਾਰੇ ; ਵੇਖੋ ਉਚਾਰ । ੫੭੯.੩

ਉਚਿਸ਼ਟ : ਵਿ.—ਜੂਠ, ਖਾਣੇ ਵਿਚੋਂ ਬਚਿਆ ਭੋਜਨ, ਸ਼ੀਤ ਪ੍ਰਸਾਦ। ੩੦੯.੪

ਉਚੋ : (ਹਿੰ.) (ऊँचा) ਵਿ.—ਉੱਚਾ, ਉਤੱਮ, ਸ੍ਰੇਸ਼ਠ । ੨੮੯.੧

ਉਜਾਰਿ ; (ਹਿੰ.) (उजाड़) ਵਿ.—ਉਜੜਿਆ ਹੋਇਆ, ਵੀਰਾਨ, ਉਜੜੀ ਹੋਈ ਥਾਂ । ੫੮੨.੨

ਉਜਾਲ : (ਸੰ.) (उज्ज्वलम्)—ਚਮਕ, ਚਮਕੀਲਾ, ਰੂਪ, ਉਜਲ, ਨਿਰਮਲ, ਸੁਧ ਰੂਪ । ੪੫੯.੨

ਉਜਿਯਾਰੋ : (ਸੰ.) (उज्ज्वलम्) ਪੁ.—ਰੋਸ਼ਨੀ, ਚਮਕ, ਚਾਨਣਾ । ੩੧੨.੩, ੩੫੦.੧, ੪੩੭.੩, ੫੮੦.੧

ਉਟਾਯ : (ਸੰ.) (आवर्तन) ਸੰਗਿਆ—ਪਿੰਘਲਾਕੇ, ਪਿੰਘਲਾਉਣਾ, ਦ੍ਰਵਿਤ ਕਰਨਾ । ੫੮੦.੩

ਉਠ : (ਸੰ.) (उत्थान) ਕ੍ਰਿ.ਅ.—ਉਠਣਾ, ਪ੍ਰਗਟ ਹੋਣਾ, ਖੜੇ ਹੋਣਾ, ਪੈਦਾ ਹੋਣਾ ਆਦਿ । ੬੯.੩, ੪੩੪ ੩, ੪੬੧.੪, ੫੬੮.੪, ੬੧੯.੨

ਉਠਾਏ : ਉਠਾਉਣਾ, ਖੜੇ ਕਰਨਾ ਆਦਿ । ੫੫੮.੧

ਉਠਾਵਤ : ਵੇਖੋ ਉਠ ; ੫੦੧.੪

ਉਠਿ : ਵੇਖੋ ਉਠ ।

ਉਠੌ : (ਹਿੰ.) (उठना) ਵਿ.— ਸਹਿਜ ਰੂਪ ਵਿਚ ਉਠਾਇਆ ਗਿਆ । ੫੭੬.੪

ਉਡ : (ਸੰ.) (उड्डयनं) ਕ੍ਰਿ.ਅ.—ਹਵਾ ਵਿਚ ਉਡਣਾ, ਲੁਪਤ ਹੋ ਜਾਣਾ, ਫਿਕਾ ਪੈਣਾ, ਅਲੋਪ ਹੋ ਜਾਣਾ ਆਦਿ। ੯੫.੧, ੪੦੪.੧, ੪੦੫.੪, ੫੫੭.੧, ੫੬੮.੩, ੫੯੦.੨ ੬੦੪.੪,

ਉਡਹ : ਵੇਖੋ ਉਡ । ੫੭੧.੧

ਉਡਗਨ : (ਸੰ.) (उड) (उडु+गण)—ਤਾਰਿਆਂ ਦਾ ਸਮੂਹ, ਨਖਤਰਾਂ ਦੀਆਂ ਤਿੰਨ ਕੋਟੀਆ ਵਿਚੋਂ ਇਕ। ੪੮੬.੧

ਉਡਤ : ਉਡਦਾ ਹੈ, ਵੇਖੋ ਉਡ। ੭੫.੩, ੯੫.੧, ੧੫੫.੧. ੧੮੪.੧, ੨੩੦.੪, ੨੩੧.੧, ੪੨੪.੨, ੬੩੧.੩, ੬੬੧.੨

ਉਡੰਤ : ਉਡਣ ਦੀ ਕ੍ਰਿਆ ਜਾਂ ਭਾਵ, ਵੇਖੋ ਉਡ। ੫੨੭.ਸ.੩

ਉਡਨ : ਉਡਣ ਦੀ ਕ੍ਰਿਆ, ਵੇਖੋ ਉਡ। ੧੩੪.੧

ਉਡਾਏ : ਕ੍ਰਿ. ਸ.—ਉਡਾਉਂਦਾ ਹੈ, ਵੇਖੋ ਉਡ। ੫੨੩.੩

ਉਡਾਤ : ਕ੍ਰਿ. ਸ.—ਹਵਾ ਵਿਚ ਉਡਾਉਂਦਾ ਹੈ, ਵੇਖੋ ਉਡ। ੪੦੫.੪, ੬੦੪.੪

ਉਡਾਵਈ : ਉਡਾਤ, ਉਡਾਉਂਦਾ ਹੈ, ਵੇਖੋ ਉਡ। ੩੧੩.੨

ਉਡਿ : ਵੇਖੋ ਉਡ। ੫੪੮.੧

ਉਡੇ : ਉਡ ਚੁਕਿਆ, ਵੇਖੋ ਉਡ। ੨੨੪.੨, ੫੨੭.ਸ.੨, ੬੭੨.੨

ਉਤ : (ਹਿੰ.) (उ+त्) ਸਰਵ–ਉਹ, ਓਹ। ਕ੍ਰਿ. ਵਿ.—ਉਧਰ, ਉਸ ਪਾਸੇ। ੧੧.੧, ੫੬.੩, ੭੦.੨, ੯੬.੨, ੧੮੬.੨, ੨੭੫.੨, ੨੭੫.੩, ੩੪੦.੩, ੩੪੦.੪

ਉਤਸਾਹ : (ਸੰ.) (उत्साह), ਪੁ.—ਉਮੰਗ, ਖੁਸ਼ੀ, ਉਦਮ, ਦ੍ਰਿੜ, ਸੰਕਲਪ ਆਦਿ। ੫੦੮.੨

ਉਤਪਤ : (ਸੰ.) (उत्पत्ति)—ਜਨਮ, ਪੈਦਾਇਸ਼, ਉਪਜ, ਉਤਪਾਦਨ, ਪੈਦਾ ਹੋਣਾ ਦੀ ਕ੍ਰਿਆ। ੪੦.੨, ੫੬.੨, ੫੨੯.੨, ੬੩੨.੧,

ਉਤਪਤਿ : ਵੇਖੋ ਉਤਪਤ।

ਉਤਮ : (ਸੰ.) (उत्तम), ਵਿ.—ਚੰਗਾ, ਸ੍ਰੇਸ਼ਠ, ਅੱਛਾ, ਉਤਕ੍ਰਿਸ਼ਟ, ਵਧੀਆ। ੧੫੭.੨. ੩੯੮.੪, ੪੯੨.੩, ੫੧੯.੩, ੫੫੨.੧, ੫੫੩.੩.

ਉਤੱਰ : (ਸੰ.) (उत्तर) ਪੁ. ਵਿ.—ਜਵਾਬ, ਦਿਸ਼ਾ, ਦੱਖਣ ਦੇ ਉਲਟ ਦਿਸ਼ਾ, ਉਤਰਨ ਦੀ ਕ੍ਰਿਆ। ੫੧੧.੨, ੫੭੫.੨, ੬੬੭.੪

ਉਤਰ : ਵੇਖੋ ਉਤੱਰ। ੧੭੩.੩.

ਉਤਰਿ : ਵੇਖੋ ਉਤੱਰ। ੨੪੮.੧

ਉਤਰੈ : ਉਤਰਦਾ ਹੈ, ਪਾਰ ਉਤਰੈ, ਥੱਲੇਲੱਥੇ ਆਦਿ। ਵੇਖੋ ਉਤੱਰ। ੫੫੮.੩

ਉਥਾਪਨ : (ਸੰ.) (उत्थापनं) ਪੁ.—ਨਾਸ ਕਰਨਾ, ਉਠਾਉਣਾ, ਸਮਾਪਤ ਕਰਨਾ, ਅੰਤ ਕਰਨਾ ਆਦਿ। ੭.ਛੰ.੩

ਉਦਤਿ : ਵੇਖੋ ਉਦਿਤ। ੩੭੪.੨

ਉਦਧਿ : (ਸੰ.) (उदधि) ਪੁ.—ਸਮੁੰਦਰ, ਮੇਘ, ਬੱਦਲ, ਤੱਟ, ਕਿਨਾਰਾ ਆਦਿ। ੩੭੫.੧

ਉਦਮ : (ਸੰ.) (प्रयत्न) ਪੁ.—ਕੋਸ਼ਿਸ, ਉਦੇਸ਼ ਦੀ ਪੂਰਤੀ ਲਈ ਕੀਤਾ ਗਿਆ ਕਾਰਜ, ਪ੍ਰਯਾਸ । ੨੮੨.੧, ੪੯੫.੨, ੫੧੧.੩, ੬੩੩.੨

ਉਦਮਾਦ : (ਸੰ.) (उन्मादिन्) ਵਿ.—ਮਸਤੀ, ਪਾਗਲ, ਸ਼ੁਦਾਈ ਆਦਿ । ੨੩੩.੧

ਉਦਯ : ਵੇਖੋ ਉਦੈ ।

ਉਦਰ : (ਸੰ.) (उदर)—ਪੇਟ, ਢਿਡ, ਗਰਭ । ੭੫.੧

ਉਦਾਸ : (ਸੰ.) (उदास) ਵਿ.—ਫਿਕਰਮੰਦ, ਵੈਰਾਗ, ਵਿਰਕਤ, ਉਪਰਾਮ । ੨੭.੪, ੬੭.੪, ੬੮.੪, ੨੭੨.੪, ੨੯੫.੪, ੩੨੨.੪, ੩੬੪.੩, ੩੮੬.੧, ੪੦੨.੪, ੪੦੩.੩, ੪੪੫.੩, ੫੪੮.੪, ੫੫੩.੪.

ਉਦਾਸਿ : ਵੇਖੋ ਉਦਾਸ । ੩੦.੧

ਉਦਾਸੀ : (ਸੰ.) (उदासिन्) ਵਿ.—ਵਿਰਕਤ ਪੁਰਖ, ਸੰਨਿਆਸੀ, ਵੈਰਾਗੀ, ਸਾਧੂਆਂ ਦਾ ਇਕ ਮੱਤ ।
੩੧.੪, ੧੧੬.੪, ੧੮੨.੪, ੨੪੮.੪, ੩੨੮.੧, ੩੩੩.੪, ੪੫੫.੪.

ਉਦਿਆਨ : (ਸੰ.) (उद्यान)—ਬਾਗ, ਬਗੀਚਾ, ਉਪਵਨ, ਵਾਟਿਕਾ । ੨੩੯.੩

ਉਦਤਿ : (ਸੰ.) (उदित) ਵਿ.—ਪ੍ਰਗਟ, ਉਦੈ, ਪ੍ਰਕਾਸ਼ਿਤ, ਉਤਪੰਨ ਆਦਿ । ੨੩੭.੨, ੩੯੪.੪, ੪੧੧.੧, ੪੩੩.੨

ਉਦਿਯ : ਵੇਖੋ ਉਦਯਿ । ੩੭੧.੨

ਉਦੈ : (ਸੰ.) (उदय) ਪੁ.—ਸੂਰਜ ਦੇ ਨਿਕਲਣ ਦੀ ਕ੍ਰਿਆ, ਪ੍ਰਗਟ ਹੋਣਾ ਜਾਂ ਨਿਕਲਣ ਦਾ ਭਾਵ । ੪੦੫.੪, ੪੦੭.੩, ੬੦੪.੪.

ਉਦੋ : ਉਦੈ ਹੋਣਾ, ਚੜ੍ਹਨਾ, ਪ੍ਰਗਟ ਹੋਣਾ, ਵੇਖੋ ਉਦੈ । ੪੭੨.੪

ਉਦੋਤ : (ਸੰ.) (उद्द्योत)—ਪ੍ਰਕਾਸ਼, ਉਜਾਲਾ ਕਰਨਾ, ਪ੍ਰਗਟ ਹੋਣਾ ਆਦਿ । ਵੇਖੋ ਉਦੈ ।
੨੯.੨, ੬੪.੨, ੭੭.੧, ੧੪੦.੧, ੧੪੨.੧, ੧੭੨.੨, ੧੮੫.੨, ੧੮੭.੨, ੧੯੮.੩, ੨੫੧.੨, ੨੫੭.੧, ੨੬੫.੨, ੨੬੯.੪, ੨੯੪.੧, ੨੯੬.੨, ੨੯੯.੪, ੩੧੧.੧, ੩੧੨.੩, ੩੨੫.੧, ੩੬੩.੨, ੪੨੩.੨, ੪੫੩.੧, ੪੭੦.੨, ੪੮੮.੨, ੫੦੯.੨.

ਉਧਰ : (ਸੰ.) (उद्धरण) ਪੁ.—ਉਧਰਣ, ਮੁਕਤ ਹੋਣਾ, ਮੁਕਤੀ ਦੇਣਾ ਆਦਿ । ੨੧੬.੨

ਉਧਾਰ : (ਸੰ.) (उद्धार) ਪੁ.—ਉਧਾਰ, ਮੁਕਤੀ, ਛੁਟਕਾਰਾ । ੩੭,੨, ੩੮.੩, ੫੫.੪, ੧੨੧.੪, ੧੨੬.੧, ੩੦੮.੪, ੫੮੧,੪.

ਉਧਾਰਸ : ਉਧਾਰਨ, ਉਧਾਰ ਕਰਨਾ, ਉਧਾਰ ਹੋਣਾ, ਵੇਖੋ ਉਧਾਰ । ੩.ਛੰ.੨.

ਉਧਾਰੀਐ : ਮੁਕਤੀ ਕਰੋ, ਉਧਾਰ ਕਰੋ, ਵੇਖੋ ਉਧਾਰ । ੬੭੨.੪

ਉਨ : ਸਰਵ.—ਉਹਨਾਂ ਦਾ, ਉਹਨਾਂ ਨੇ, ਆਦਿ । ੬੨੪.੪

ਉਨਮਤ : (ਸੰ.) ((उन्मत)) ਵਿ.—ਨਸ਼ੇ ਵਿਚ ਚੂਰ, ਮਤਵਾਲਾ, ਸਨਕੀ, ਮਸਤ, ਮੌਲਾ ਆਦਿ । ੧੧੨.੧, ੨੬੩.੪, ੪੨੯.੨

ਉਨਮਨ : ਵੇਖੋ ਉਨਮਨਿ । ੨੯.੪, ੩੧,੪, ੩੩.੨, ੩੯.੪, ੪੦,੪, ੪੧.੪, ੫੯.੨, ੬੦.੨, ੬੧.੧, ੬੩.੨, ੮੫.੧, ੮੯.੧. ੯੦.੪, ੯੪.੪, ੧੧੨.੧, ੧੨੧.੩, ੧੩੯.੩, ੧੫੧.੪, ੧੮੧.੧, ੨੦੬.੩, ੨੨੨.੩, ੨੪੭.੪, ੨੫੭.੪; ੨੬੬.੪, ੨੬੮.੪; ੨੭੮.੪, ੨੮੩.੩, ੩੨੧.੬, ੪੧੮.੪, ੬੨੮.੨

ਉਨਮਨਿ : (ਸੰ.) (उन्मनस्) ਪੁ.—ਹੱਠ-ਯੋਗ ਦੀਆਂ ਪੰਜ ਮੁਦ੍ਰਾਵਾਂ ਵਿਚੋਂ ਚੌਥੀ ਤੁਰੀਆ ਅਵਸਥਾ, ਉਨਮਨੀ ਅਵਸਥਾ, ਵਿ.—ਉਦਾਸ, ਵਿਆਕੁਲ ਸੰਸਾਰ ਤੋਂ ਉਪਰਾਮ ੨੨.੩, ੩੩੬.੪, ੬੨੨.੪

ਉਨਮਨੀ : ਵੇਖੋ ਉਨਮਨ। ੧੦.੨, ੧੧.੨, ੪੩.੨, ੪੮.੨, ੧੭੨.੧, ੨੫੦.੩, ੨੫੧.੨, ੨੯੧.੩.

ਉਨਮਨੋ : (ਸੰ). (उन्मनस्) ਵਿ.—ਉਨਮਨ, ਉਦਾਸ, ਵਿਆਕੁਲ, ਬਿਹਬਲ । ੫੧੪.੨

ਉਨਮਾਨ : (ਸੰ.) (उनुमानं) ਪੁ.—ਤੋਲਨਾ, ਨਾਪਣਾ, ਪਰਿਮਾਣ, ਥਾਹ, ਯੋਗਤਾ, ਵਿਚਾਰਨਾ, ਅਨੁਮਾਨ ਜਾਂ ਅੰਦਾਜ਼ਾ ਲਗਾਉਣਾ ਆਦਿ । ੨੨.੨, ੬੦.੨, ੬੩.੨, ੧੧੬.੩ ੧੪੨.੩. ੧੪੬.੨, ੨੭੦.੪ ੧੮੮.੩, ੧੯੩.੩, ੧੯੭.੨, ੪੦੪.੪, ੪੩੬.੪, ੫੧੪.੨, ੫੧੯.੪, ੫੨੯.੪, ੬੧੩.੨, ੬੫੬.੪

ਉਨਮਾਨਈ : ਵੇਖੋ ਉਨਮਾਨ । ੩੬੩.੪

ਉਨਮਾਨਿ : ਵੇਖੋ ਉਨਮਾਨ । ੪੨੦.੪

ਉਨਮਾਨਿਐ : ਅਨੁਮਾਨ, ਅੰਦਾਜ਼ਾ ਕਰਨਾ, ਵਿਚਾਰਨਾ, ਭਾਵਨਾ, ਸਮਝਣਾ ਆਦਿ । ਵੇਖੋ ਉਨਮਾਨ । ੩੯,੪, ੪੦.੪, ੧੦੪.੨, ੧੨੮,੨, ੧੪੭.੨, ੧੫੧.੪, ੧੫੮.੨, ੧੯੬.੩, ੨੨੪.੨, ੨੪੪.੨, ੩੭੪.੪, ੪੦੭.੩, ੪੮੭.੩.

ਉਨਮਾਨਿਏ : ਵੇਖੋ ਉਨਮਾਨਿਐ । ੩੦੫.੨, ੩੮੨.੪; ੪੦੭.੩, ੪੯੩.੪, ੫੦੧.੨, ੫੦੯.੨.

ਉਨਮਾਨੀਏ : ਵੇਖੋ ਉਨਮਾਨਿਐ । ੨੮੦.੨,

ਉਨਮੀਲੇ ; (ਸੰ.) (उन्मील)—ਮਸਤ ਹੋਇਆ, ਖਿੜਿਆ, ਵਿਕਸਤ ਹੋਇਆ । ੯੪.੪, ੪੨੭.੪

ਉਪਹਾਸ : (ਸੰ.) (उपहास) ਪੁ.—ਹਾਸਾ ਠੱਠਾ, ਮਖੌਲ, ਦਿਲ-ਲਗੀ, ਨਿੰਦਾ ਸੂਚਕ ।੧੯੧.੨, ੫੧੨.੩, ੫੩੩.੩

ਉਪਕਾਰ : (ਸੰ.) (उपकार) ਪੁ.—ਨੇਕੀ, ਭਲਾਈ, ਸਹਾਇਤਾ, ਕ੍ਰਿਪਾ, ਮਦਦ । ੩੮.੨, ੧੧੩.੪, ੧੨੬.੪, ੧੩੧.੪, ੧੪੨.੩, ੧੫੯,੩, ੧੭੪.੪, ੩੫੫.੨, ੫੨੩.੪

ਉਪਕਾਰੀ : (ਸੰ.) (उपकारिन्) ਵਿ.—ਭਲਾਈ ਕਰਨ ਵਾਲਾ, ਉਪਕਾਰ ਕਰਨ ਵਾਲਾ । ੨੬੦.੩, ੨੯੭.੪, ੩੮੩.੩, ੫੨੮. ਸ.੩.

ਉਪਚਾਰ : (ਸੰ.) (उपचार) ਪੁ.—ਵਿਉਹਾਰ, ਚਕਿਤਸਾ, ਧਰਮ, ਅਨੁਸ਼ਠਨ, ਪ੍ਰਤਿਕਾਰ, ਉਪਾਅ । ੧੧੩.੧, ੪੪੩.੨, ੪੬੯.੧, ੬੩੩.੧.

ਉਪਚਾਰਿਤ : ਜਿਸ ਦਾ ਇਲਾਜ ਹੋ ਚੁਕਿਆ ਹੈ, ਵੇਖੋ ਉਪਚਾਰ । ੩੭੮.੨

ਉਪਜ : (ਸੰ.) (उपजन) ਇ.—ਪੈਦਾਵਾਰ, ਉਤਪਤਿ, ਨਵੀਂ ਸੂਝ, ਕਲਪਨਾ, ਮਨ ਘੜੰਤ । ੩੧੧.੩.

ਉਪਜਤ : (ਹਿੰ.) (उपजन) ਇ.—ਪੈਦਾਵਰ, ਉਪਜ ਮਨ ਦੀ ਕੋਈ ਨਵੀਂ ਭਾਵਨਾ ਜਾਂ ਸੂਝ, ਸੋਚਣ ਜਾਂ ਵਿਚਾਰਣ ਦੀ ਸ਼ਕਤੀ । ੪੩.੩, ੬੩੨.੩.

ਉਪਜਾਤ : (ਸੰ.) (उपजन) ਵਿ.—ਪੈਦਾ ਕੀਤਾ ਹੋਇਆ, ਉਤਪਾਦਿਤ, ਘਟਿਤ । ੩੭੦.੧.

ਉਪਜਾਵਈ : ਸ. ਕ੍ਰਿ.—ਉਤਪੰਨ ਕਰਨਾ, ਪੈਦਾ ਕਰਨਾ । ੧੦੧.੨, ੧੪੮.੩, ੨੦੮.੩, ੩੩੦ ੩. ੪੪੨.੨.

ਉਪਜਾਵਹੀ : ਵੇਖੋ ਉਪਜਾਵਈ । ੪੬੬.੧, ੫੬੭.੩.

ਉਪਜਾਏ : (ਸੰ.) (उपजन) ਕ੍ਰਿ.ਅ.—ਉਪਜਣਾ, ਉਤਪੰਨ ਕਰਨਾ, ਪੈਦਾ ਹੋਣ , ਪ੍ਰਕ੍ਰਿਤੀ ਵਿਚ ਉਪਜਾਉਣਾ । ੮੯.੪, ੪੧੧.੪.

ਉਪਜਾਇਕੈ : ਉਪਜਾਕੇ, ਉਤਪੰਨ ਕਰਕੇ, ਵੇਖੋ ਉਪਜਾਏ । ੩੪੬.੩.

ਉਪਜੇ : ਵੇਖੋ ਉਪਜ । ੫੧੭.੧.

ਉਪਜੈ : ਉਗਿਆ ਹੋਇਆ, ਪੈਦਾ ਹੋਇਆ, ਵੇਖੋ ਉਪਜਿ । ੫੯੮.੧, ੬੫੩.੪

ਉਪਦੇਸ : (ਸੰ.) (उपदेश) ਪੁ.—ਗੁਰੂਮੰਤ੍ਰ ਸਿੱਖਿਆ, ਹਿਤ ਦੀ ਗਲ, ਗੁਰ-ਸਿੱਖਿਆ । ੨੨.੧, ੫੭.੩, ੬੧.੩, ੮੨,੨, ੧੨੧.੪, ੧੩੩.੧, ੧੫੪.੩, ੧੫੫.੨, ੨੦੨.੨, ੨੧੪.੩, ੨੩੪.੪, ੨੪੧.੪, ੨੬੦.੩, ੩੬੩.੪, ੩੮੦.੪, ੪੨੭.੧, ੪੨੮.੪, ੪੩੯.੪, ੪੮੨.੧, ੫੩੫.੪, ੫੫੮.੪, ੬੦੯.੪, ੬੨੮.੧, ੬੩੧.੪, ੬੩੯.੪

ਉਪਦੇਸ਼ : ਵੇਖੋ ਉਪਦੇਸ । ੨੭੬.੧, ੩੪੯.੧, ੩੬੪.੪, ੩੭੭.੪, ੪੯੪.੪, ੫੦੭.੪, ੫੧੮.੪, ੫੪੧.੪, ੫੪੭.੪

ਉਪਦੇਸਿ : ਵੇਖੋ ਉਪਦੇਸ । ੫੫੭.੪, ੬੧੩.੧

ਉਪਮਾ : (ਸੰ.) (उपमा) ਇ.—ਤੁਲਨਾ, ਸਮਤਾ, ਸਮਾਨਤਾ, ਅਰਥ ਅਲੰਕਾਰ ਦਾ ਇਕ ਭੇਦ ਜਿਸ ਵਿਚ ਦੋ ਵਸਤੂਆਂ ਦਾ ਭੇਦ ਹੁੰਦੇ ਹੋਏ ਵੀ ਧਰਮਗਤ ਸਮਤਾ ਹੁੰਦੀ ਹੈ । ੧੪੧.੨, ੩੦੩.੪.

ਉਪਰਾਜ : (ਸੰ.) (उपराज) ਪੁ.—ਰਾਜਾ ਦਾ ਨਾਇਬ, ਰਾਜ ਪ੍ਰਤਿਨਿਧਿ, ਵਾਇਸਰਾਇ ਕ੍ਰਿ.ਸ,—ਉਤਪੰਨ ਕਰਨਾ, ਪੈਦਾ ਕਰਨਾ । ੪੧੫.੩, ੪੭੩.੨, ੫੯੮.੨.

ਉਪਰਾਜਤ : ਜੋ ਉਤਪੰਨ ਹੋਇਆ ਹੋਵੇ, ਵੇਖੋ ਉਪਰਾਜ । ੪੪੭.੩.

ਉਪਵਨ : (ਸੰ.) (उपवनं) ਪੁ.—ਬਾਗ਼, ਫੁਲਵਾੜੀ, ਬਗੀਚਾ, ਵਾਟਿਕਾ । ੪੨੬.੧, ੪੬੫.੧

ਉਪਾਧ : (ਸੰ.) (उपाधि) ਪੁ.—ਦੁੱਖ, ਕਲੇਸ਼, ਉਪਦ੍ਰਵ, ਉਤਪਾਤ । ੬੩੩.੩.

ਉਪਾਧਿ : ਵੇਖੋ ਉਪਾਧ । ੭੯.੧, ੨੩੩.੪.

ਉਪਾਧੁ : ਵੇਖੋ ਉਪਾਧ । ੩੮੩.੩.

ਉਪਾਰਜਨ : (ਸੰ.) (उपांजनं) ਪੁ.—ਪੈਦਾ ਕਰਨਾ, ਪ੍ਰਾਪਤ ਕਰਨਾ, ਅਰਜਿਤ ਕਰਨ ਦੀ ਕ੍ਰਿਆ । ੪੮੪.੪

ਉਪਾਰਜਨਾ : ਕ੍ਰਿ. ਸ.—ਉਤਪੰਨ ਕਰਨਾ, ਉਪਜਾਣਾ, ਬਣਾਣਾ । ੩੨੫.੩.

ਉਪਾਵ : (ਸੰ.) (उपाय) ਪੁ.—ਪ੍ਰਯਤਨ, ਸਾਧਨ, ਇਲਾਜ, ਤਦਬੀਰ, ਜੁਗਤਿ ਆਦਿ । ੨੩੭.੧,

ਉਬਟਨਾ : (ਸੰ.) ਕ੍ਰਿ.—ਉਬਟਨ ਲਗਾਣਾ, ਵੱਟਣੇ ਆਦਿ ਦੀ ਮਾਲਸ਼ ਕਰਨਾ । ੩੪੬ ੨.

ਉਬਾਟ : (ਸੰ.) (उबार) ਪੁ.—ਉਧਾਰ ਕਰਨਾ, ਛੁਟਕਾਰਾ, ਮੁਕਤ ਹੋਣਾ । ੨੨੧.੨.

ਉਮਗ : ਵੇਖੋ ਉਮੰਗ । ੫੩੧.੨.

ਉਮੰਗ : (ਸੰ.) (उत्साह) ਇ.—ਉਤਸਾਹ, ਖੁਸ਼ੀ, ਉਲਾਸ, ਖੁਸ਼ੀ ਦੀ ਲਹਿਰ, ਆਨੰਦ ਦੀ ਲਹਿਰ । ੩੭੨.੧.

ਉਮਾਹ : (ਸੰ.) (उत्साह) ਪੁ.—ਉਮਾਹ, ਚਾਅ, ਉਮੰਗ, ਉਮੰਗ ਉਠਣਾ, ਆਨੰਦਿਤ ਹੋਣਾ, ਚਾਅ ਪੈਦਾ ਹੋਣਾ । ੫੦੮.੩.

ਉਰ : (ਸੰ.) (उरु) ਵਿ.—ਸ੍ਰੇਸ਼ਠ, ਉਤਮ । ਪੁ.—ਛਾਤੀ, ਹਿਰਦਾ, ਮਨ, ਚਿਤ ਆਦਿ । ੫.ਛੰ.੩, ੨੬.੪, ੯੨.੩, ੯੮.੩, ੯੯.੨, ੧੦੮.੩, ੧੪੫.ਛੰ.੪, ੧੪੭.੪, ੧੯੬.੪, ੨੨੭.੨, ੨੪੪.੧, ੨੪੫.੩, ੨੭੧.੩, ੩੦੦.੪, ੩੦੧.੪, ੩੫੬.੧, ੩੬੪.੪, ੪੦੫.੨, ੫੦੭.੪, ੫੨੫.੩, ੫੭੪.੨, ੬੦੪.੧, ੬੧੫.੩, ੬੨੦.੩ ੬੨੬.੩, ੬੩੩.੪, ੬੩੯.੪, ੬੪੪.੨, ੬੬੫.੩,

ਉਰਹਾਰ : (ਉਰ+ਹਾਰ) ਗਲੇ ਦਾ ਹਾਰ, ਚਿਤ ਦੀ ਖੁਸ਼ੀ, ਵੇਖੋ ਉਰ । ੩੪੭.੩, ੩੫੮.੨,

ਉਰਹਿ : ਵੇਖੋ ਉਰਿ । ੫੭੬.੩,

ਉਰਝਾਇ : ਕ੍ਰਿ. ਅ —ਉਲਝਣਾ । ੩੪੭.੧, ੫੯੦.੪

ਉਰਧ : (ਸੰ.) (ऊर्ध्व) ਵਿ.—ਉੱਚਾ, ਸਿਧਾ, ਬੁਲੰਦ, ਸ੍ਰੇਸ਼ਠ, ਮਹਾਨ, ਉਪਰ ਵੱਲ ਨੂੰ ਖੜਨਾ, ਸਿਰ ਥਲੇ ਤੇ ਲੱਤਾਂ ਉਪਰ ਕਰਕੇ ਕਰਨ ਵਾਲਾ ਤਪ । ੧੩੬.੩, ੨੩੮.੩, ੨੮੬.੧, ੨੯੦.੨, ੪੨੬.੨.

ਉਰਧਾਰ : (ਸੰ.) (उरस्) ਕ੍ਰਿ. ਸ.—ਮਨ ਵਿਚ ਧਾਰਨ ਕਰਨਾ, ਮਨ ਵਿਚ ਵਸਾਣਾ, ਬਿਖੇਰਨਾ, ਉਧੇੜਨਾ । ੧੪੬.੧, ੪੪੪.੩, ੬੧੧.੩,

ਉਰਧਾਰਯੋ : ਹਿਰਦੇ ਵਿਚ ਧਾਰਨ ਕਰਨਾ, ਵੇਖੋ ਉਰਧਾਰ । ੫੩੬.੨,

ਉਰਧਾਰੀ : ਮਨ ਵਿਚ ਧਾਰੀ ਹੋਈ, ਵੇਖੋ ਉਰਧਾਰ । ੪੪੮.੨

ਉਰਧਾਰੀ : ਮਨ ਵਿਚ ਧਾਰੀ ਹੋਈ, ਵੇਖੋ ਉਰਧਾਰ । ੪੪੮.੨

ਉਰਧਾਰੀਐ : ਮਨ ਵਿਚ ਧਾਰਨ ਕਰਨਾ, ਵੇਖੋ ਉਰਧਾਰ । ੩੯੯.੨

ਉਰਧਾਰੀਏ : ਵੇਖੋ ਉਰਧਾਰੀਐ । ੩੭੭.੪

ਉਰਵਸਿ : (ਸੰ.) (उर्वशी) ਇ.—ਇਕ ਪ੍ਰਕਾਰ ਦਾ ਗਲੇ ਦਾ ਗਹਿਣਾ, ਵਿ.—ਉਹ ਜੋ ਦਿਲ ਵਿਚ ਨਿਵਾਸ ਕਰਦਾ ਹੋਵੇ, ਇਕ ਮਿਥਕ ਪਾਤਰ । ੪੯੬.੨

ਉਰਿ : ਵੇਖੋ ਉਰ । ੩੭੯.੧, ੬੩੫.੪

ਉਰਿਧਾਰ : ਵੇਖੋ ਉਰਧਾਰ । ੫੦੩.੧

ਉਰੂ : (ਸੰ.) (उरु) ਵਿ.—ਵਿਸ਼ਾਲ, ਵਿਸਤ੍ਰਤ, ਲੰਬਾ ਚੌੜਾ, ਸ੍ਰੇਸ਼ਠ, ਮਹਾਨ ਕੀਮਤੀ । ਪੁ.—ਵਿਸ਼ਨੂੰ ਦਾ ਵਾਮਨ ਅਵਤਾਰ, ਸੂਰਜ, ਸ਼ਿਵ, ਬਲਵਾਨ । ੯੭.੨, ੩੦੦.੪

ਉਲਟ : (ਹਿੰ.) (उलटा) ਕ੍ਰਿ. ਅ.—ਪਲਟਣਾ, ਮੁੜਨਾ, ਉਮੜਨਾ, ਪਰਤਣਾ ਵਿ:–ਵਿਰੁਧ, ਵਿਪਰੀਤ । ੧੬.੧, ੨੮.੨, ੪੪.੧, ੫੯.੧, ੨੯੧.੧, ੫੨੯.੧, ੬੪੪.੧

ਉਲਟਿ : ਵੇਖੋ ਉਲਟ । ੧੮੧.੧, ੧੮੧.੨, ੧੮੧,੩, ੧੫੧.੧

ਉਲਟੀਐ : ਉਲਟਿਆ ਹੋਇਆ, ਵੇਖੋ ਉਲਟ । ੫੩੨.੪

ਉਲਟੋਈ : (ਉਲਟ + ਹੀ) ਉਲਟਾਉਣ ਦਾ ਭਾਵ, ਵੇਖੋ ਉਲਟ । ੫੨੬.੪

ਉਲਾਸ : (ਸੰ.) (उल्लस्) ਪੁ.—ਚਾਹ, ਉਮੰਗ, ਉਤਸ਼ਾਹ, ਆਨੰਦ । ੪੨੪.੩

ਉਲਾਸੇ : ਵੇਖੋ ਉਲਾਸ । ੧੬੯.੩

ਉਲੂ : (ਸੰ.) (उलूक :) ਪੁ.—ਉੱਲੂ, ਘੁਗੂ, ਪੁ.—ਇੰਦਰ ਦਰਯੋਧਨ ਦਾ ਇਕ ਦੂਤ, ਉਤੱਰ ਭਾਰਤ ਦਾ ਇਕ ਪ੍ਰਾਚੀਨ ਦੇਸ, ਕਣਾਦਿ ਰਿਸ਼ੀ ਦਾ ਨਾਮ, ਅੱਗ ਦੀ ਲੋਅ, ਲਪਟ, ਜਵਾਲਾ । ੨੯੯.੩, ੪੫੨.੧, ੪੫੩.੧, ੪੭੦.੧, ੫੦੮.੪, ੫੦੯.੨, ੫੨੫.੨

ਉਲੂਐ ; ਵੇਖੋ ਉਲੂ । ੨੩੬.੩

ਉਲੰਘ ; (ਸੰ) (उल्लंघन) ਪੁ.—ਪਾਰ ਕਰਨਾ, ਨਿਯਮ ਤੋੜਨਾ, ਆਗਿਆ ਭੰਗ ਕਰਨਾ, ਪਾਰ ਕਰਨਾ, ਅਗੇ ਵਧਣਾ ।
੧੧.੧, ੨੮.੨, ੨੯.੨, ੩੧.੧, ੨੧੧.੪, ੨੬੬.੨, ੨੯੧.੪, ੩੩੩.੪

ਉਲੰਘਿ ; ਵੇਖੋ ਉਲੰਘ । ੨੪੭.੧

ਉੜੀ : (ਹਿੰ.) (उड़ना) ਕ੍ਰਿ.—ਉਡ ਚੁਕੀ । ੪੭੮.੩,

ਊਸ . (ਸੰ) (उष्मण) ਵਿ.—ਗਰਮ, ਤਪਤ, ਭਾਫ਼ ਆਦਿ । ੫੯੮.੨.

ਊਕ : (ਸੰ.) (उल्का) ਪੁ.—ਉਲਕਾ, ਟੁਟਦਾ ਹੋਇਆ ਤਾਰਾ । ਇ.—ਜਲਨਾ, ਆਂਚ, ਚੂਕ, ਗਲਤੀ, ਅਗੇ ਵਲ, ਮੂੰਹ ਦੇ ਬਲ । ੫੭੩.੧,

ਊਖ : (ਸੰ.) (इक्षु ;) ਸੰਗਿਆ—ਇ.—ਕਮਾਦ, ਗੰਨੇ ਦਾ ਖੇਤ, । ੧੨੯.੨, ੧੩੨.੨, ੧੯੮.੧, ੩੨੬.੪,

ਊਚ : (ਸੰ.) (उच्च) ਵਿ.—ਉੱਚਾ, ਲੰਬਾ, ਵੱਡਾ, ਸ੍ਰੇਸ਼ਠ, ਕੁਲੀਨ, ਤੇਜ਼, ਜ਼ੋਰਦਾਰ, ਉੱਤਮ
੧੩੬.੪, ੩੬੦.੧, ੩੮੨.੪, ੪੬੫.੧, ੪੭੯.੩, ੫੦੮.੪, ੫੧੮.੩.

ਊਚੈ : ਵੇਖੋ ਊਚ । ੬੩੧.੩, ੬੬੧.੨.

ਊਚੇ : (ਸੰ.) (उच्च) ਕ੍ਰਿ. ਵਿ.—ਉਪਰ ਨੂੰ, ਉਤੇ ਵਲ । ੨੮੮.੨.

ਊਚੋ : ਵੇਖੋ ਊਚ । ਬਹੁਵਚਨ । ੨੯੯.੧, ੬੨੯.੧.

ਊਜਰੀ : (ਸੰ.) (उज्जवल) ਵਿ.—ਸਫੇਦ, ਉਜੂਲ, ਸਵੱਛ, ਨਿਰਮਲ ਬੁਧੀ, ਸਵੱਛ ਵਿਚਾਰ । ੩੯੦.੨

ਊਜਲ ; (ਸੰ.) (उज्जवल) ਪੁ.—ਉਜੂਲ, ਸਵੱਛ, ਸਫੈਦ । ੫੯੭.੨.

ਊਤਮ : ਵੇਖੋ ਉੱਤਮ । ੩੭੬.੨

ਊਤਰ : ਵੇਖੋ ਉੱਤਰ ੪੩੧.੧

ਊਪ : (ਹਿੰ.) (चमक)—ਚਮਕ, ਸੋਭਾ, ਰੰਗ, ਕਲਈ । ੧੧੨.੩, ੧੨੨.੪, ੨੫੯.੮, ੩੦੩.੪

ਊਪਰ : (ਸੰ) (ऊपरि)—ਉਚਾਈ ਤੇ, ਆਕਾਸ਼ ਵਲ, ਜ਼ਾਹਿਰਾ ਤੌਰ ਤੇ, ਪ੍ਰਗਟ । ੬੩੧.੧.

ਊਰਧ : (ਹਿੰ.) (ऊरध) ਇ.—ਸੌਭਾਗਧ ਸੰਚਾਰ ਰੇਖਾ, ਵਿਸ਼ਨੂੰ ਦਾ ਚਿੰਨ੍ਹ । ੩੦੬.੧, ੩੧੩.੩.

ਓਅੰਕਾਰ : (ਸੰ.) (ओंकार) ਪੁ.—ਓਮ, ਮੰਤਰ ਜਾਂ ਇਸ ਦਾ ਉਚਾਰਣ, ਬ੍ਰਹਮ । ੩੫.੧, ੫੧.੨, ੫੪.੨, ੧੯੫.੨, ੨੭੦.੩, ੩੦੨.੨, ੪੫੮.੩, ੫੫੫.੩.

ਓਸ : (ਸੰ.) (तस्य) (अवश्याय > प्रा उस्साव)—ਉਸ, ਉਹ, ਤ੍ਰੇਲ, ਸ਼ਬਨਮ । ੪੪੬.੩, ੪੧੧.੨

ਓਹੀ : ਸਰਵ–ਉਸ ਦਾ ਸੂਚਕ, ਕਿਸੇ ਵਸਤੂ ਜਾਂ ਵਿਅਕਤੀ ਵਲ ਸੰਕੇਤ ਕਰਨ ਜਾਂ ਸੰਬੋਧਨ ਦਾ । ੬੨੪.੪

ਓਕਾਰ : ਵੇਖੋ ਓਅੰਕਾਰ । ੬੭੧.੩

ਓਛ : (ਸੰ.) (ਤੁੱਛ) ਪ੍ਰਾ > (ਤੱਛ) ਵਿ.—ਗੰਭੀਰਤਾ ਰਹਿਤ, ਛਿਛੋਰਾ, ਛੋਟਾ, ਘਟੀਆ, ਹਲਕਾ । ੩੭੨.੪

ਓਟ : (ਸੰ.) (ਓਢ਼) ਸੰਗਿਆ ਇ.—ਪਰਦਾ, ਰੋਕ, ਆੜ, ਸ਼ਰਨ, ਸਹਾਰਾ । ੧੪੦.੩, ੧੭੧.੩, ੧੯੪.੪, ੨੪੨.੨; ੩੬੨.੪, ੫੨੮.ਸ.੪, ੫੪੪.੨, ੫੪੫.੪, ੫੮੧.੨, ੬੭੦.੩,

ਓਢਾਈਐ : (ਹਿੰ.) (ਓਢ਼ਨਾ) ਕ੍ਰਿ. ਸ.—ਲਪੇਟਨਾ, ਵਸਤਰ ਨਾਲ ਸਰੀਰ ਨੂੰ ਕਜਣਾ, ਰੋਕਣਾ, ਆਪਣੇ ਉਪਰ ਕਿਸੇ ਕੰਮ ਦਾ ਭਾਰ ਲੈਣਾ । ੩੮੯.੨.

ਓਢਿਅਤ : (ਹਿੰ.) (ਓਢ਼ਨਾ)—ਕਪੜੇ ਰਾਹੀਂ ਸਰੀਰ ਨੂੰ ਕਜਦਾ ਹੈ, ਲਪੇਟਦਾ, ਆਦਿ । ੪੧੯.੨,

ਓਢੈ : (ਹਿੰ.) (ਓਢ਼ਨਾ)—ਪਹਿਨੈ, ਕਪੜੇ ਰਾਹੀਂ ਢਕੇ ਹੋਣਾ । ੫੯੩.੩

ਓਤ : (ਸੰ.) (ਓਤ ਪ੍ਰੋਤ) ਵਿ.—ਭਰਿਆ, ਹੋਇਆ, ਬੁਣਿਆ ਹੋਇਆ, ਕਪੜੇ ਦੇ ਤਾਣੇ ਦਾ ਸੂਤ, ਆਦਿ । ੩.ਛੰ,੩

ਓਤਪੋਤ : ਵੇਖੋ ਓਤਪੋਤਿ । ੪੭.੪, ੫੪.੪, ੧੦੮.੪, ੧੮੫.੪, ੧੯੫.੪, ੩੫੦.੨, ੩੬੭.੨, ੬੦੬.੧

ਓਤਪੋਤਿ : (ਸੰ.) (ਓਤ ਪ੍ਰੋਤ) ਵਿ.—ਅੰਤਰਵਿਆਪਤ, ਗੁੰਦਿਆ ਹੋਇਆ, ਮਿਲਿਆ ਜੁਲਿਆ । ਸੰਗਿਆ – ਤਾਣਾ ਬਾਣਾ । ੧੮੭.੪

ਓਤਿ : ਵੇਖੋ ਓਤ । ੫੪੭.੩

ਓਤਿਪੋਤਿ : ਵੇਖੋ ਓਤਪੋਤਿ । ੧੩੩.੪, ੨੭੭.੧, ੨੮੦.੪, ੫੪੭.੩

ਓਨਮ : (ਸੰ.) (ਓਮ੍ਨਮ :) ਸੰਗਿਆ – ਪਰਮਾਤਮਾ ਨੂੰ ਨਮਸਕਾਰ ਹੈ । ੧.ਸੋ.੧, ੧.ਦੋ.੧, ੧.ਛੰ.੪.

ਓਰ : (ਸੰ.) (ਅਵਾਰ) ਪੁ.—ਦਿਸ਼ਾ, ਅਲਗ, ਨਦੀ ਦਾ ਨੇੜੇ ਦਾ ਕਿਨਾਰਾ, ਅੰਤ, ਆਰੰਭ ਵਲ, ਪੱਖ ਵਿਚ ।
੩੯੯.੧, ੪੧੧.੧, ੪੬੬.੩, ੫੬੩.੩, ੬੦੬.੩, ੬੨੯.੩, ੬੪੩.੧, ੬੫੭.੩

ਓਰਾ : (ਹਿੰ.) (ਓਰਾ)—ਉਸ ਪਾਸੇ, ਉਸ ਵਲ, ਆਦਿ । ਵੇਖੋ ਓਰ । ੧੬੩.੧, ੧੬੩.੩, ੫੯੨.੨.

ਓਲਾ : (ਹਿੰ.) (ਔਲਾ) ਪੁ.—ਮੀਂਹ ਦੇ ਨਾਲ ਗਿਰਿਆ ਹੋਇਆ ਬਰਫ਼ ਦਾ ਟੁਕੜਾ, ਮਿਸ਼ਰੀ ਦਾ ਬਣਿਆ ਹੋਇਆ ਗੋਲ ਲੱਡੂ, ਪਰਦਾ, ਲੁਕੀ ਹੋਈ ਗੱਲ । ੪੦੩.੧.

ਅ

ਆਉ : (ਸੰ.) (अपर > प्र : अवर)—ਪੜਨਾਉਂ ਦੇ ਅਰਥਾਂ ਵਿਚ ਪ੍ਰਯੋਗ ਹੁੰਦਾ ਹੈ, ਦੂਸਰਾ ਅਨਯ, ਹੋਰ ਆਦਿ । ੫੬੩.੪, ੫੬੭.੧, ੫੭੪.੩, ੫੯੭.੩, ੬੧੩.੪, ੬੨੭.੧, ੬੫੦.੪,

ਅਉਸਰ : (ਸੰ.) (अवसर) ਪੁ.—ਮੌਕਾ, ਸੁਯੋਗ, ਅਵਸਰ, ਗੁਪਤ ਪਰਮਾਰਸ਼, ਪ੍ਰਸਤਾਵ, ਸਮਾਂ, ਕਾਲ ਆਦਿ । ੨੧੨.੨, ੬੫੧.੪, ੬੫੮.੪, ੬੫੯.੨, ੬੬੪.੧

ਅਉਸੇਰ : (ਸੰ.) औसेर) ਪੁ.—ਉਡੀਕ ਦੇਰ, ਉਲਝਣ, ਚਿੰਤਾ, ਵਿਆਕੁਲਤਾ, ਵੇਖੋ ਆਉਸਰ । ੬੬੫.੧

ਅਉਖਧੁ : (ਸੰ.) (औषधि :) ਪੁ.—ਦਵਾਈ, ਜੜ੍ਹੀ ਬੂਟੀ, ਇਕ ਖਣਿਜ ਦ੍ਰਵ, ਵਿ.—ਜੜ੍ਹੀ ਬੂਟੀਆਂ ਤੋਂ ਬਣੀ ਹੋਈ । ੬੭੪.੧

ਅਉਟਾਇ : (ਹਿੰ.) (औटना) ਕ੍ਰਿ. ਸ,—ਦੁੱਧ, ਰਸ ਆਦਿ ਨੂੰ ਅੱਗ ਉਤੇ ਗਾੜ੍ਹਾ ਕਰਨਾ, ਦੇਰ ਤਕ ਉਬਾਲਨਾ, ਪਕਾਉਣਾ, ਉਬਾਲਣਾ । ੬੦੯.੨

ਅਉਧ : (ਸੰ.) (अवधि)—ਸੀਮਾ, ਅੰਤਿਮ ਸੀਮਾ, ਨਿਯਤ ਕਾਲ, ਮਿਆਦ, ਉਮਰ, ਆਯੂ ਆਦਿ । ੨੩੩.੨

ਅਸ : (ਸੰ.) (ईदृक्ष)—ਇਹੋ ਜਿਹਾ, ਇਸ ਪ੍ਰਕਾਰ ਹੋਣਾ, ਰਹਿਣਾ, ਵਿਦਯਮਾਨ ਹੋਣਾ, ਸੰਬੰਧ ਰਖਣਾ । ੫੪੩.੪

ਅੰਸ : (ਸੰ.) (अंश)—ਕਿਰਣ, ਜੋਤੀ, ਹਿੱਸਾ, ਭਾਗ । ੨੬.੩, ੮੮.੪, ੨੮੭.੪, ੫੨੫.੨

ਅਸੰਕਾ : (ਸੰ.) (शङ्का) ਇ.—ਭੈ, ਖਤਰਾ, ਅਨਿਸ਼ਟ ਹੋਣ ਦੀ ਸੰਭਾਵਨਾ, ਸੰਦੇਹ, ਆਵਿਸ਼ਵਾਸ਼ । ੪੫੫.੨

ਅਸੰਖ : (ਸੰ.) (असङ्ख्य) ਵਿ.—ਸੰਖਿਆਹੀਨ । ੭੧.੨, ੧੬੩.੪, ੩੬੬.੪, ੩੯੬.੩, ੪੫੪.੧, ੫੨੧.੪, ੬੪੭.੩.

ਅਸੰਖਿਅਕ : ਵੇਖੋ ਅਸੰਖ । ੧੯੨.੪

ਅਸਚਰਜ : (ਹਿੰ.) (आश्चर्य) ਪੁ.—ਅਸਚਰਜ, ਅਚੰਭਾ, ਵਿਸਮਯ, ਤਾਜੁਬ ਚਕਿਤ । ੯.ਸੋ..੧, ੮.ਦੋ.੧, ੯.੪, ੧੯.੧, ੭੧.੪, ੮੦.੧, ੯੯.੨, ੧੩੮.੪, ੧੪੦.੧, ੧੫੩.੧, ੪੩੨.੪, ੬੪੮.੪, ੬੬੯.੨

ਅਸਚਰਜੈ : ਵੇਖੋ ਅਸਚਰਜ । ਅਸਚਰਜਮਯ, ਅਸਚਰਜਿਤ ਹੋਣ ਵਾਲਾ । ੯.੪, ੮੧.੪, ੧੩੮.੪, ੨੬੩.੪, ੩੪੪.੪

ਅਸਚਰਜਹਿ : ਵੇਖੋ ਅਸਚਰਜ । ੮.ਸੋ.੧, ੭.ਦੋ.੧

ਅਸਚਰਜਮੈ : (ਅਸਚਰਜਮਯ) ਅਸਚਰਜ + ਮਈ ਹੈਰਾਨੀ ਪੂਰਵਕ, ਹੈਰਾਨੀ ਵਾਲਾ. ਚਕਿਤ ਕਰਨ ਵਾਲਾ । ੫੨,੩, ੮੧.੪, ੧੪੨.੧, ੧੮੩.੧, ੧੯੪.੨, ੧੮੯.੪, ੨੦੪.੧, ੨੫੦,੧, ੨੫੧.੪ ੨੫੪.੪, ੨੬੯.੧, ੨੮੫.੩, ੨੯੩.੪, ੩੪੪.੪, ੪੨੭.੪

ਅਸਚਰਜ : (ਸੰ.) (आश्चर्य) ਸੰਗਿਆ–ਪੁ.—ਅਚੰਭਾ, ਵਿਸਮਯ. ਹੈਰਾਨੀ, ਤਾਜੁਬ ਆਦਿ। ੬੦੮.੩

ਅਸਟ : (ਸੰ.) (अष्टन्) ਵਿ. – ਅੱਠ ਭਾਗ ਵਾਲਾ, ਅੱਠ ਵਸਤੂਆਂ ਦਾ ਸਮੂਹ, ਅੱਠ ਤਹਿ ਵਾਲਾ, ਜੋ ਪਾਨਿਣੀ ਦੁਆਰਾ ਰਚਿਤ ਅੱਠ ਅਧਿਆਇ ਦਾ ਜਾਣਕਾਰ। ੩੧.੩, ੧੬੬.੧, ੨੨੮.੧, ੨੩੦.੨

ਅਸਤ : (ਸੰ.) (अस्तः)—ਅਸਤਿਤਵ ਨਾ ਹੋਵੇ, ਪਤਨ, ਅਦ੍ਰਿਸ਼ ਓਝਲ ਅੰਤ ਜਾਂ ਸਮਾਪਤੀ। ੪੭੨,੪

ਅਸਤੁਤਿ : (ਸੰ.) (स्तुति) ਇ.—ਗੁਣਗਾਨ, ਪ੍ਰਸ਼ੰਸਾ, ਸਲਾਹੁਣਾ, ਸ਼ਲਾਘਾ, ਚਾਪਲੂਸੀ, ਖੁਸ਼ਾਮਦ, ਝੂਠੀ ਪ੍ਰਸ਼ੰਸਾ। ੧੭੩.੪, ੨੫੨.੨, ੨੯੨.੩, ੩੩੧.੪

ਅਸੰਤੋਖ : (ਹਿੰ.) (असंतोष)—ਤ੍ਰਿਪਤੀ ਦਾ ਨਾ ਹੋਣਾ। ਚਿਤ ਦੀ ਅਜਿਹੀ ਅਵਸਥਾ ਜਿਸ ਵਿਚ ਮਨੁੱਖ ਆਪਣੀ ਵਰਤਮਾਨ ਦਸ਼ਾ ਤੇ ਸੁੱਖ ਦਾ ਅਨੁਭਵ ਨਾ ਕਰਦਾ ਹੋਵੇ, ਸ਼ਾਂਤੀ, ਤ੍ਰਿਪਤੀ ਜਾਂ ਪ੍ਰਸੰਨਤਾ ਆਦਿ ਦਾ ਨਾ ਹੋਣਾ। ੨੫੬.੩

ਅਸਥਨ : (ਸੰ.) (स्तन) ਸੰਗਿਆ—ਮਾਦਾ ਪਸ਼ੂਆਂ ਦਾ ਥਣ। ੩੩੨.੨

ਅਸਥਾਨ : (ਸੰ.) (स्थान) ਪੁ.—ਸਥਿਤੀ, ਠਹਿਰਾਵ, ਟਿਕਾਉ, ਠਉਰ, ਭੂਮੀ–ਭਾਗ, ਮੈਦਾਨ, ਡੇਰਾ, ਪਦ, ਅਵਸਰ, ਅਵਸਥਾ, ਨਿਯੁਕਤੀ ਦਾ ਪਦ। ੧੯.੩, ੨੮੮.੨, ੩੩੫.੧, ੩੪੯.੩, ੩੫੭.੧

ਅਸਥਾਨੇ : ਵੇਖੋ ਅਸਥਾਨ। ਸਥਾਨ ਤੇ। ੨੯੬.੪

ਅਸਥਿਰ : (ਸੰ.) (अस्थिर) ਸਥਿਰ ਨਾ ਹੋਣ, ਨਿਸਚਲ ਨਾ ਹੋਣਾ, ਗਤੀਸ਼ੀਲ, ਜਿਸ ਦਾ ਮਨ ਸਥਿਰ ਜਾਂ ਦ੍ਰਿੜ੍ਹ ਨਾ ਹੋਵੇ, ਡਾਵਾਂ ਡੋਲ। ੨੭.੩

ਅਸਥਲ : (ਸੰ.) (स्थल) ਪੁ.—ਭੂਮੀ, ਸਥਾਨ. ਜਗ੍ਹਾ, ਅਵਸਰ, ਪੁਸਤਕ ਦਾ ਵਿਸ਼ਿਸ਼ਟ ਅੰਸ਼, ਠਹਿਰਨ ਦਾ ਸਥਾਨ। ੧੯.੩, ੨੭੮.੨, ੪੦੪.੪

ਅਸਨ : (ਸੰ.) (अशनम्) ਪੁ.—ਭੋਜਨ, ਆਹਾਰ, ਗਾਣਾ, ਭੋਜਨ ਦੀ ਕ੍ਰਿਆ, ਚੀਤਾ ਨਾਮਕ ਦਰਖਤ। ੩੫.੩, ੧੦੦.੪, ੧੨੦.੨, ੧੭੫.੩, ੨੪੪.੩, ੨੬੩.੪, ੨੯੯.੩, ੩੩੪.੨, ੩੯੩.੨, ੪੮੧.੨, ੪੮੧.੪, ੪੯੮.੧, ੬੨੯.੪, ੬੬੮.੧

ਅਸਨੇਹ : (ਸੰ.) (स्नेह) ਸੰਗਿਆ—ਪੁ.—ਅਨੁਰਾਗ, ਪ੍ਰੇਮ, ਕਿਰਪਾਲਤਾ, ਕੋਮਲਤਾ, ਦਿਆਲਤਾ, ਤੇਲ ਜਾਂ ਮਲਾਈ ਆਦਿ ਚਿਕਨੇ ਪਦਾਰਥ ਆਦਿ। ੪੪੨.੧

ਅਸਪਰਸ : (ਸੰ.) (अस्पर्शय) ਪੁ,—ਸਪਰਸ਼ ਦਾ ਅਭਾਵ। ੮.ਛੰ.੨, ੧੩.੩, ੨੭੯.੩

ਅਸਪ੍ਰੇਹ : (ਸੰ.) (सपृहः)—ਅਪ੍ਰਸੰਨਤਾ, ਨਰਾਜ਼ਗੀ, ੪੪੩.੩

ਅਸੰਪ੍ਰੇਹ : (ਸੰ.) (स्पृहः)—ਇੱਛਾ ਨਾ ਰਖਣ ਵਾਲਾ, ਇੱਛਾ ਤੋਂ ਨਿਰਇਛੱਤ, ਵਿਰਕਤ। ੨੭੨.੩

ਅਸਰਨ : (ਸੰ.) (अशरण) ਵਿ.—ਬਿਨਾਂ ਸ਼ਰਨ ਤੋਂ, ਅਨਾਥ। ੩੮੭.੨, ੪੪੪.੪, ੪੫੯.੬

ਅਸਵ : (ਸੰ.) (अश्वः) ਪੁ.—ਘੋੜਾ, ਤਰੰਗ, ਘੋਟਕ, ਸਤ ਦੀ ਸੰਖਿਆ ਪ੍ਰਗਟ ਕਰਨ ਵਾਲਾ ਪ੍ਰਤੀਕ। ੬੧੦.੨

ਅਸਵਮੇਧ : (ਸੰ.) (अश्वमेध) ਪੁ.—ਪ੍ਰਾਚੀਨ ਕਾਲ ਦਾ ਇਕ ਪ੍ਰਧਾਨ ਯੱਗ। ੬੭੩.੨

ਅਸਾਧ : (ਸੰ.) (असाध्य) ਵਿ.—ਜੋ ਪੂਰਾ ਨਾ ਕੀਤਾ ਜਾ ਸਕੇ, ਜਿਸ ਦਾ ਇਲਾਜ ਨਾ ਹੋ ਸਕੇ। (असाधु) ਵਿ.—ਜੋ ਚੰਗਾ ਨਾ ਹੋਵੇ, ਬੁਰਾ, ਅਪ੍ਰਿਅ, ਦੁਸ਼ਟ, ਦੁਸ਼ਚਰਿਤ੍ਰ। ੨੫.੧, ੭੦.੪, ੧੩੨.੪, ੧੫੫.੪, ੧੪੮.੪, ੧੬੦.੪, ੧੬੨.੪, ੧੬੩.੪, ੧੬੪.੨, ੧੬੫.੩, ੧੭੪.੪, ੧੭੫.੧ ੧੭੫.੪, ੧੭੭.੧, ੧੮੨.੨, ੨੦੧.੩, ੨੩੩.੪, ੨੩੮.੪, ੨੫੮.੩, ੨੮੬.੪, ੨੮੭.੧, ੨੮੭.੨, ੨੯੬.੪, ੨੯੭.੨, ੨੯੮.੧, ੩੦੬.੪, ੩੦੭.੪, ੩੧੩.੪, ੩੨੩.੪, ੩੨੪.੧, ੩੮੩.੧, ੩੮੬.੪, ੩੮੮.੪, ੩੮੯.੪, ੩੯੧.੩, ੪੯੮.੨, ੫੩੨.੪, ੫੯੬.੪, ੫੯੭.੪, ੫੯੭.੪, ੬੩੩.੧, ੬੩੪.੪

ਅਸੀਸ : (ਸੰ.) (आशिस्) ਇ.—ਅਸ਼ੀਰਵਾਦ, ਮੰਗਲਕਾਮਨਾ, ਕਿਸੀ ਪ੍ਰਾਥਨਾ ਜਾਂ ਸਦਭਾਵਨਾ ਦੀ ਅਭਿਵਿਅਕਤੀ। ੩੩੧.੪, ੩੯੩.੩, ੫੮੫.੩, ੬੨੭.੪

ਅਸੁਧ : (ਸੰ.) (अशुद्धि) ਵਿ.—ਗਲਤ; ਦੋਸ਼ ਯੁਕਤ, ਪਵਿੱਤਰ ਆਦਿ। ੯੫.੩, ੩੪੯.੧, ੬੧੪,੨

ਅਸੁਫੁਰਤਿ : (ਸੰ.) (स्फूर्तिः) (ਅਸ+ਫੁਰਤਿ) ਸਪਸ਼ਟ ਹੋਣ ਦੀ ਕ੍ਰਿਆ, ਪ੍ਰਗਟ ਹੋਣ ਦੀ ਕ੍ਰਿਆ, ਜਾਣ ਲੈਣ ਦੀ ਕ੍ਰਿਆ ਆਦਿ। ੧੪੫.ੜ.ਛੰ.੧

ਅਸੁਭ : (ਸੰ.) (अशुभ) ਪੁ.—ਅਮੰਗਲ, ਪਾਪ ਅਪਰਾਧ ਆਦਿ। ੫੯੬.੩

ਅਸੁਰ : (ਸੰ.) (असुर) ਪੁ.—ਦੈਂਤ ,ਦਾਨਵ, ਸੂਰਜ, ਰਾਹੂ, ਹਾਥੀ, ਬੱਦਲ, ਖੱਲ, ਦੇਵਦਾਰ ਸਮੁੰਦਰੀ ਨਮਕ, ਦੁਸ਼ਟ ਵਿਅਕਤੀ ਆਦਿ। ੪੦੭.੨, ੬੦੧.੩

ਅਸੋਗ : (ਸੰ.) (अशोक) ਪੁ.—ਨਿਸ਼ਚਿੰਤ, ਦੁੱਖ ਰਹਿਤ, ਦੁਖਹੀਨ, ਸ਼ੋਕਹੀਨ ਆਦਿ। ੩੫੪.੩

ਅਸ਼ਟਮੀ : (ਸੰ.) (अष्टम) ਵਿ.—ਚੰਦ੍ਰਮਾ ਦੇ ਮਹੀਨੇ ਦੇ ਦੋਵੇਂ ਪੱਖਾਂ ਦਾ ਅਠਵਾਂ ਦਿਨ, ਸ਼ੁਕਲ ਅਤੇ ਕ੍ਰਿਸ਼ਨ ਪੱਖ ਦੇ ਭੇਦ ਤੋਂ ਅਠਵੀਂ ਤਾਰੀਖ। ੪੮੪.੩

ਅਸਨ : (ਸੰ.) (अशन) (असन) ਪੁ.—ਭੋਜਨ, ਆਹਾਰ, ਭੋਜਨ ਦੀ ਕ੍ਰਿਆ, ਖਾਣਾ। ੫੩੩.੪

ਅਹੰਕਾਰ : (ਸੰ.) (अहम्+कार) ਪੁ.—ਅਭਿਮਾਨ, ਗਰਵ, ਘੁਮੰਡ, ਆਪਣੀ ਹੋਂਦ ਦਾ ਬੋਧ। ੧੭੫.੨, ੩੨੯.੩, ੩੫੯.੩, ੪੩੪.੪

ਅਹੰਕਾਰੀ : ਵੇਖੋ ਅਹੰਕਾਰ। ਅਭਿਮਾਨੀ, ਘੁਮੰਡੀ ਗਰਬੀਲਾ। ੩੫੯.੩

ਅਹੰਬੁਧਿ : (ਸੰ.) (अहम्+बुद्धि)—ਆਪਣੀ ਬੁਧੀ ਦਾ ਅਭਿਮਾਨ ਹੋਣਾ, ਆਪਣੇ ਆਪ ਨੂੰ ਸ੍ਰੇਸ਼ਠ ਸਮਝਣਾ। ੧੨.੩, ੩੦੬.੪, ੪੬੫.੪

ਅਹੰਮੇਵ : (ਸੰ.) (अहम्+मति) ਪੁ.—ਹੰਕਾਰੀ, ਹੰਕਾਰ ਨਾਲ ਭਰਿਆ, ਹੋਇਆ, ਅਭਿਮਾਨੀ, ਮੈਂ ਨਾਲ, (ਹਉਮੈ) ਭਰਿਆ ਹੋਇਆ। ੩੦.੪, ੧੭੭.੩, ੨੮੭.੧, ੨੯੩.੩, ੪੫੨.੨, ੬੨੩.੪

ਅਹਾਰ : (ਸੰ.) (आहार) ਪੁ.—ਗ੍ਰਹਣ, ਲੈਣਾ, ਲਿਆਣਾ, ਖਾਣਾ, ਭੋਜਨ, ਖਾਣ ਦੀ ਵਸਤੂ ਆਦਿ। ੯੭.੩, ੧੭੫.੩, ੨੩੯.੩, ੨੪੦.੨, ੩੪੦.੨, ੪੬੦.੨, ੫੩੯.੧, ੫੬੯.੪, ੫੯੯.੧

ਅਹਿ : (ਸੰ.) (अहि:) ਪੁ—ਸੱਪ, ਸੂਰਜ ਰਾਹੂ, ਪਥਿਕ, ਜਲ, ਪ੍ਰਿਥਵੀ, ਬੱਦਲ, ਨਖੱਤਰ ਆਦਿ। ੪੧.੨, ੨੩੬.੨, ੩੧੬.੪, ੩੨੯.੩, ੩੬੯.੧, ੪੦੭.੩, ੬੩੮.੪

ਅਹਿਨਿਸ : (ਸੰ.) (अहनिशम्) ਕ੍ਰਿ. ਵਿ.—ਰਾਤ ਦਿਨ, ਨਿਤਸ, ਸਦਾ, ਨਿਰੰਤਰ, ਲਗਾਤਾਰ। ੨੨੩.੩, ੨੩੦.੩, ੨੬੬.੧, ੩੨੯.੩, ੪੨੯.੨, ੪੯੨.੧, ੫੩੦.੧, ੫੯੮.੧

ਅਹਿਮਣੀ : (ਸੰ.) (मणि)—ਸੱਪ ਦੀ ਮਣੀ, ਕੀਮਤੀ ਚਮਕੀਲਾ ਪੱਥਰ, ਰਤਨ, ਆਦਿ। ੨੯੯.੨

ਅਹੀਰ : (ਸੰ.) (अभीर) ਪੁ.—ਗਵਾਲਾ, ਗਾਂ ਮੱਝ ਆਦਿ ਰਖਕੇ ਦੁੱਧ, ਦਹੀਂ ਦਾ ਰੋਜ਼ਗਾਰ ਕਰਨ ਵਾਲੀ ਜਾਤੀ। ੫੫੪.੨

ਅੰਕ : (ਸੰ.) (अङ्कः) ਪੁ.—ਗੋਦ, ਸ਼ਰੀਰ, ਨਿਸ਼ਾਨ, ਚਿੰਨ੍ਹ, ਲੱਛਣ, ਸੰਖਿਆ ਦਾ ਚਿੰਨ੍ਹ, ਅੰਗ ਆਦਿ। ੬੬੫.੩

ਅੰਕਸਹਿ : (ਸੰ.) (अङ्कुशः) ਪੁ.—ਨਿਯੰਤਰਣ ਜਾਂ ਵਸ ਵਿਚ ਕਰਨ ਦੀ ਕ੍ਰਿਆ, ਦੋ ਮੂੰਹਾਂ ਕਾਟਾਂ ਜਿਸ ਨਾਲ ਹਾਥੀ ਵਸ ਵਿਚ ਕੀਤਾ ਜਾਂਦਾ, ਗਜਬਾਗ।

ਅਕਸਮਾਤ : (ਸੰ.) (अकस्मात्) ਕ੍ਰਿ. ਵਿ.—ਅਚਾਣਕ, ਅਚਨਚੇਤ, ਸਹਜ-ਸੁਭਾਵਕ ਆਦਿ। ੩੨੫.੧

ਅਕਥ : (ਸੰ.) (अकथ्य) ਵਿ.—ਜੋ ਕਿਹਾ ਨਾ ਜਾ ਸਕੇ, ਕਹਿਣ ਦੀ ਸ਼ਕਤੀ ਤੋਂ ਬਾਹਰ, ਕਥਨ ਦੇ ਅਯੋਗ ਆਦਿ । ੧੫.੧, ੨੦.੪, ੩੦.੨, ੩੩.੪, ੩੮.੪, ੬੪.੪, ੮੦.੪, ੮੧.੪, ੮੫.੪, ੮੬.੧, ੯੬.੪, ੧੦੫.੩, ੧੫੩.੨. ੧੭੨.੪, ੧੮੦.੪, ੧੯੫.੧, ੨੫੨.੨, ੨੫੩.੧, ੨੫੭.੪, ੨੬੨.੩ ੨੭੦.੪, ੪੦੭.੪, ੪੩੬ ੪, ੪੫੮.੧ ੬੫੬.੪

ਅੰਕਮਾਲ : (ਸੰ.) (अङ्कमाल) ਪੁ.—ਅਲਿੰਗਨ, ਜੱਫੀ, ਅੰਕਵਾਰ । ੨੦੩.੨ ੨੦੫.੩, ੬੨੬.੩, ੬੬੫.੩

ਅਕਰਖਨ : (ਹਿੰ.) (अकर्षण) ਪੁ.—ਆਕਰਸ਼ਣ, ਖਿਚਾਵ, ਖਿਚੀ ਹੋਈ, ਇਕੱਠੀ ਹੋਈ । ੫੦੬.੩

ਅਕਰਮ : (ਸੰ.) (अक्रम) ਪੁ.—ਕਰਮ ਦਾ ਅਭਾਵ, ਕਰਮ ਦਾ ਨਾ ਕਰਨਾ, ਬੁਰਾ ਕੰਮ, ਗੜਬੜ ਕਰਨਾ, ਅਨਿਯਮਤਾ ਆਦਿ । ੧੦੭.੪

ਅਕਲ : (ਸੰ.) (अकल) ਵਿ.—ਅਖੰਡ, ਅੰਸ਼ ਰਹਿਤ, ਨਿਰਾਕਾਰ, ਕਲਾਹੀਨ, ਗੁਣਹੀਨ, ਪਾਰਬ੍ਰਹਮ ਦੀ ਉਪਾਧੀ । ੩,ਛੰ.੩, ੩੬.੨, ੪੦੬.੪

ਅਕਾਸ : (ਸੰ.) (आकाश) ਪੁ.—ਅਸਮਾਨ, ਈਥਰ, ਸ਼ੁਨਯ, ਸਥਾਨ ਮੁਕਤ ਸਥਾਨ, ਅੰਤਰਿਖਸ਼ (ਬ੍ਰਹਮ ਸਵਰੂਪ) ੨੦੭.੨, ੨੪੮.੨, ੪੨੪.੨. ੪੭੩.੧, ੫੨੯.੨, ੬੬੧.੩

ਅਕਾਸਚਾਰੀ : (ਸੰ.) (आकाश + चरिन्) ਵਿ.—ਅਕਾਸ਼ ਵਿਚ ਵਿਚਰਣ ਵਾਲੀ । ਨਖੱਤਰ, ਵਾਯੂ, ਪੰਖੀ, ਦੇਵਤਾ, ਰਾਖਸ਼ਸ਼ ਆਦਿ । ੨੩੧.੧, ੪੭੮.੩

ਅਕਾਸ਼ : ਵੇਖੋ ਆਕਾਸ਼ ੬੨੪.੨

ਅਕਾਰ : (ਸੰ.) (आकार) ਪੁ.—ਰੂਪ, ਸ਼ਕਲ, ਬਨਾਵਟ, ਲੰਬਾਈ ਚੌੜਾਈ, ਫੈਲਾਵ, ਮਨ ਦਾ ਭਾਵ ਦਸਣ ਵਾਲੀ ਦੇਹ, ਚੇਸ਼ਟਾ, ਇਸ਼ਾਰਾ ਆਦਿ । ੩੫.੨, ੫੧.੧, ੫੪.੨, ੫੫.੨, ੧੧੦.੪, ੨੧੭.੨, ੪੫੮.੩, ੫੫੫.੩, ੬੭੧.੩

ਅਕਾਲ : (ਸੰ.) (अकाल) ਵਿ.—ਅਜਿਹਾ ਸਮਾਂ ਜੋ ਕਿਸੇ ਵਿਸ਼ਿਸ਼ਟ ਕਾਰਨ ਲਈ ਠੀਕ ਨਾ ਹੋਵੇ, ਅਨਅਵਸਰ, ਨਿਯਤ ਸਮੇਂ ਦੇ ਅਗੇ ਪਿਛੇ ਦਾ ਸਮਾਂ, ਅਜਿਹਾ ਸਮਾਂ ਜਿਸ ਵਿਚ ਅੰਨ ਬਹੁਤ ਘਟ ਜਾਂ ਔਖੀ ਤਰ੍ਹਾਂ ਨਾਲ ਮਿਲੇ । ੨੪.੨, ੨੭.੩, ੩੬.੨, ੫੭.੨, ੧੨੫.੨, ੧੨੭.੧, ੩੪੪.੧, ੪੦੮.੨, ੪੮੫.੨, ੬੩੬.੪

ਅੰਕੁਸ਼ : (ਸੰ.) (अङ्कुश) ਪੁ.—ਰੋਕ, ਦਬਾਵ, ਨਿਯੰਤਰਣ, ਲੋਹੇ ਦੀ ਛੋਟੀ ਨੁਕੀਲੀ ਸੋਟੀ ਜਿਸ ਨੂੰ ਮਹਾਵਤ ਹਾਥੀ ਨੂੰ ਵੱਸ ਵਿਚ ਰਖਣ ਲਈ ਉਪਯੋਗ ਕਰਦਾ ਹੈ । ੧੬੪.੧, ੪੯੦.੨, ੫੨੦.੩

ਅੰਕੁਰ : (ਸੰ.) (अङ्कुर) ਪੁ.—ਬੀਜ, ਵਿਚੋਂ ਨਿਕਲਿਆ ਹੋਇਆ, ਗੋਭ, । ੨੯੯.੪

ਅਕੁਲ : (ਸੰ.) (अकुल) ਵਿ.—ਕੁਲ ਰਹਿਤ, ਬੁਰੀ ਕੁਲ, ਨੀਚ ਕੁਲ, ਜਿਸ ਦੀ ਕੁਲ ਦਾ ਪਤਾ ਨਾ ਹੋਵੇ । ੨੯੫.੨, ੪੦੮.੩

ਅਕੁਲਾਤ : (ਹਿੰ.) (अकुलाना) ਅ. ਕ੍ਰਿ.—ਘਬਰਾਉਣਾ, ਵਿਆਕੁਲ ਹੋਣਾ ੩੪੯.੩, ੩੫੦.੩, ੩੬੯.੪, ੪੦੨.੨ ੫੦੨.੨, ੫੨੦.੪, ੫੮੭.੩

ਅਕੁਲੀਨ : (ਸੰ.) (अकुल) ਵਿ.—ਨੀਚ ਕੁਲ ਵਿਚ ਉਤਪੰਨ ਹੋਇਆ, ਹੀਨ ਕੁਲ, ਕਮੀਨਾ, ਪ੍ਰਿਥਵੀ ਨਾਲ ਸੰਬੰਧ ਨਾ ਰਖਣ ਵਾਲਾ, ਕੁਜਾਤ । ੫੮.੪, ੧੪੭.੧, ੧੮੨.੧

ਅਕੇਲੋ : (ਹਿੰ.) (अकेला) ਕ੍ਰਿ. ਵਿ.—ਇਕਲਾ, ਬਿਨਾ ਸਾਥੀ ਤੋਂ ਤਨਹਾ, ਕਿਸੇ ਨੂੰ ਸਾਥ ਲਏ ਬਿਨਾ । ੧੧੮.੩

ਅਖਲੇਸ਼ : (ਸੰ.) अखिलेश ਪੁ.—ਸਭ ਦਾ ਸਵਾਮੀ, ਪਰਮੇਸ਼ਵਰ, ਈਸ਼ਵਰ । ੫੪੦.ੜ ਛੰ.੨

ਅਖਾਦ : (ਸੰ.) (अखाद्य) ਵਿ.—ਨਾ ਖਾਣ ਯੋਗ ਚੀਜ਼, ਜੋ ਖਾਧੀ ਨਾ ਜਾ ਸਕੇ । ੩੬੯.੨, ੫੮੪.੩,

ਅਖੀਆਂ : (ਸੰ.) (अक्षि) ਇ.—ਰੂਪਬੋਧ ਕਰਨ ਵਾਲੀ ਇੰਦ੍ਰੀ, ਅੱਖਾਂ, ਨੈਣ, ਨਿਗਾਹ, ਦ੍ਰਿਸ਼ਟੀ । ੨੦੫.੪, ੬੬੯.੧—੬੬੯.੪

ਅਖੇਟ : (ਸੰ.) (आखेटः) ਪੁ.—ਸ਼ਿਕਾਰ, ਉਹ ਜੰਤੂ ਜਿਸ ਦਾ ਸ਼ਿਕਾਰ ਕੀਤਾ ਜਾਵੇ । ੫੬੫.੪

ਅਖੰਡਲ : (ਸੰ.) (अखंड) ਵਿ.—ਅਖੰਡ, ਅਟੁਟ, ਸੰਪੂਰਨ, ਸਮੂਚਾ, ਪੂਰਾ ਪੁ.—ਇੰਦ੍ਰ, ਸੁਰਮਤਿ । ੧੧੨.੪

ਅੰਗ : (ਸੰ.) (अङ्ग) ਪੁ.—ਸ਼ਰੀਰ, ਦੇਹੀ, ਸਰੀਰ ਦਾ ਭਾਗ, ਹਿੱਸਾ, ਪੱਖ, ਮਿਤੱਰ, ਅੰਕ । ੩.ਛੰ.੨, ੧੫.੪, ੧੮.੪, ੫੨.੧, ੯੬.੪, ੧੧੨.੨, ੧੩੧.੧, ੧੪੦.੪, ੧੫੬.੧, ੧੯੯.੪, ੨੦੬.੪, ੨੨੦.੪, ੨੪੫.੨, ੨੫੪.੪, ੨੬੦.੧, ੨੭੮.੪, ੨੮੪.੪, ੨੮੮.੩, ੨੮੯.੩, ੨੯੩.੧, ੨੯੭.੨, ੩੧੨.੧, ੩੪੬.੧, ੩੪੬.੩, ੩੮੪.੧, ੩੮੫.੨, ੩੮੬.੩, ੪੨੪.੪, ੪੪੯.੩, ੪੬੮.੩, ੪੭੧.੩, ੫੫੭.੩, ੫੭੪.੩, ੫੯੩.੩, ੬੧੭.੩, ੬੨੦.੧, ੬੩੪.੪, ੬੪੦.੩, ੬੪੨.੪, ੬੬੯.੪, ੬੭੨.੧

ਅਗਹ : (ਹਿੰ.) (अगह) ਵਿ.—ਪਕੜ ਵਿਚ ਨਾ ਆਉਣ ਵਾਲਾ, ਚੰਚਲ, ਵਰਣਨ ਤੋਂ ਪਰ੍ਹੇ, ਨਾ ਪਕੜਨ ਯੋਗ । ੬੪੮.੧

ਅੰਗਹੀਨ : (ਸੰ.) (अङ्ग+हीन) ਵਿ.—ਅੰਗ ਰਹਿਤ, ਵਿਕਲਾਂਗ । ੩੧੪.੩, ੬੪੦.੨

ਅਗਹੁ : ਵੇਖੋ ਅਗਹ । ੨੦.੩, ੩੦.੩, ੨੫੩.੩, ੩੦੪.੨. ੪੯੯.੩

ਅੰਗਦ : (ਸੰ.) (अङ्गद) ਪੁ.—ਭੂਸ਼ਣ, ਅੰਗਨੇ ਸਜਾਉਣ ਵਾਲਾ ਜੇਵਰ, ਅੰਗ ਤੋਂ ਪੈਦਾ ਹੋਣ ਵਾਲਾ, ਬਾਲੀ ਦਾ ਪੁੱਤਰ, ਸਿੱਖਾਂ ਦੇ ਦੂਜੇ ਗੁਰੂ ਦਾ ਨਾਮ । ੩.ਛੰ.੨

ਅਗਣਿਤ : (ਸੰ.) (अगणित) ਵਿ.—ਅਸੰਖ, ਅਪਾਰ, ਅਨੰਤ, ਜਿਸਦੀ ਗਿਣਤੀ ਨਾ ਹੋ ਸਕੇ । ੪੮੬.੧

ਅਗਨ : ਵੇਖੋ ਅਗਨਿ । ੩੦੨.੩, ੫੭੩.੨

ਅਗਨਿ : (ਸੰ.) (अग्नि:) ਇ.—ਅੱਗ, ਕ੍ਰੋਧ, ਚਿੰਤਾ, ਅੱਗ ਦਾ ਦੇਵਤਾ । ੩੯.੨, ੪੯.੪, ੯੦.੪, ੧੦੪.੩, ੧੦੮.੨, ੧੮੭.੨ ੨੧੦.੨, ੨੮੬.੧, ੨੮੬.੩, ੨੯੬.੩, ੩੦੬.੧, ੩੫੫.੩, ੩੬੯.੧, ੩੯੦.੩, ੪੦੩.੧, ੪੩੭.੧, ੪੫੬.੩, ੪੫੯.੨, ੫੩੧.੧, ੫੩੪.੩, ੫੪੪.੧, ੫੪੯.੩, ੫੫੭.੧, ੫੬੫.੩, ੫੭੨.੧, ੫੯੨.੩, ੬੦੮.੩, ੬੨੪.੩, ੬੭੨.੨

ਅਗਮ : (ਸੰ.) (अगम, अगम्य) ਵਿ.—ਦੁਰਗਮ, ਪਹੁੰਚ ਤੋਂ ਪਰ੍ਹੇ, ਬੁੱਧੀ ਤੋਂ ਪਾਰ, ਕਠਿਨ, ਅਪਾਰ, ਅਥਾਹ । ੨.ਸੋ.੧, ੨.ਦੋ.੧, ੨.ਛੰ.੪, ੪੭.੨, ੭੧.੩, ੭੩.੧, ੮੦.੩, ੮੧.੩, ੧੪੧.੨, ੧੪੩.੩, ੧੭੮.੭, ੨੩੨.੪, ੨੪੭.੨, ੨੫੩.੩, ੨੫੬.੪, ੨੭੧.੩, ੩੦੨.੩, ੩੦੪,੧, ੩੪੨.੪, ੩੪੩.੨, ੩੪੪.੩, ੩੯੬.੩, ੪੯੮.੪, ੫੪੦.ਝ. ਛੰ.੪, ੬੪੮.੩

ਅਗੰਮ : ਵੇਖੋ ਅਗਮ (अगम्य)—ਜਿੱਥੇ ਕੋਈ ਪਹੁੰਚ ਨਾ ਸਕੇ । ੨੨.੩, ੮੨.੨, ੫੨੯.੧

ਅਗਮਯ : ਵੇਖੋ ਅਗਮ । ੩੬੦.੧

ਅਗਮਿਤਿ : (ਹਿੰ.) (अगम+अति) ਵਿ.—ਜਿਸ ਨੂੰ ਜਾਣਿਆਂ ਨਾ ਜਾ ਸਕੇ, ਬਹੁਤ ਵਿਸ਼ਾਲ, ਅਤਿਅੰਤ । ੨. ਛੰ. ੪, ੪੫.੨, ੭੩.੨, ੧੯੬.੪

ਅਗਯਾਨ : (ਸੰ.) (अज्ञान) ਵਿ.—ਗਿਆਨ ਰਹਿਤ, ਜੜ੍ਹ ਮੂਰਖ, ਨਾ ਜਾਣਨ ਦੀ ਦਸ਼ਾ, ਅਣਜਾਣਪੁਣਾ, ਅਵਿਦਯਾ । ੩੪.੧, ੩੭੮.੪, ੪੧੩.੪, ੪੯੧.੨, ੫੨੮. ਸ. ੨, ੬੬੩.੧, ੬੬੪.੧, ੬੭੧.੪

ਅਗਯਾਨਤਾ : ਵੇਖੋ ਅਗਯਾਨ । ਅਗਿਆਨ ਦਾ ਨਾਉ, ਇ.—ਮੂਰਖਤਾ । ੧੯੧.੧

ਅਗਯਾਨਮਤਿ : ਵੇਖੋ ਅਗਯਾਨ । ਵਿ.—ਗਿਆਨ ਰਹਿਤ ਬੁੱਧੀ, ਮੂਰਖ ਬੁੱਧੀ, ਅਗਯਾਨ ਵਾਲੀ ਬੁੱਧੀ । ੪੮੫.੪

ਅਗਯਾਨਿ : ਵੇਖੋ ਅਗਯਾਨ । ੪੯੦.੩, ੫੨੬.੪, ੫੨੮.੨

ਅਗਯਾਨੀ : ਵੇਖੋ ਅਗਯਾਨ । ਵਿ.—ਨਾਸਮਝ, ਬੇਵਕੂਫ, ਅਨਜਾਣ, ਮੂਰਖ । ੨੫.੩

ਅਗਵਾਨ : (ਸੰ.) (अग्रयायिन्) ਪੁ.—ਸਵਾਗਤ, ਅੱਗੇ ਜਾ ਕੇ ਸਵਾਗਤ ਕਰਨਾ, ਵਿਆਹ ਸਮੇਂ ਕੁੜੀ ਵਾਲਿਆਂ ਵੱਲੋਂ ਅੱਗੇ ਵਧ ਕੇ ਬਰਾਤ ਲਈ ਕੀਤਾ ਆਦਰ ਸਤਿਕਾਰ, ਮੁਖੀਆ, ਨੇਤ੍ਰਿਤਵ ਕਰਨ ਵਾਲਾ ਆਦਿ। ੪੧੩.੨

ਅਗ੍ਰ : (ਸੰ.) (अग्र) ਵਿ.—ਪ੍ਰਥਮ, ਮੁੱਖ, ਸਰਵੋਤਮ, ਪ੍ਰਮੁੱਖ, ਬਹੁਤ ਜ਼ਿਆਦਾ ਆਦਿ। ੮੭.੩, ੧੧੧.੩, ੧੭੯.੧, ੨੧੨.੩, ੨੫੫.੨. ੨੬੦.੪, ੨੭੦.੧, ੩੦੨.੩, ੪੭੭.੩, ੫੯੬.੨, ੬੦੦.੧, ੬੧੦.੩, ੬੬੯.੪

ਅਗ੍ਰਹਿ : (ਸੰ.) (अगरु) ਸੰਗਿਆ—ਇਕ ਸੁਗੰਧਿਤ ਰੁੱਖ, ਸੁਗੰਧਿਤ ਲੱਕੜੀ ੪੨੫.੩

ਅਗ੍ਰਨੀਵ : (ਸੰ.) (अग्रयायिन्) ਵਿ.—ਆਗੂ, ਮੁਖੀਆ, ਪ੍ਰਧਾਨ। ੬੨੧.੩

ਅਗ੍ਰਭਾਗ : (ਸੰ.) (अग्र + भाग) ਵਿ.—ਪ੍ਰਥਮ ਜਾਂ ਪਹਿਲਾ ਭਾਗ, ਸਰਵੋਤਮ ਭਾਗ, ਬਾਕੀ ਹਿੱਸਾ, ਨੋਕ, ਸਿਰਾ। ੫੫੨.੪

ਅਗ੍ਰਭਾਗੀ : (ਸੰ.) (अग्र+भागिन्) ਵਿ.—ਮੁਖੀ, ਸਭ ਤੋਂ ਪਹਿਲਾ ਪ੍ਰਾਪਤ ਕਰਤਾ। ੨੭੪.੩, ੪੧੩.੩

ਅਗੜ : (ਹਿੰ.) (अगड़) ਵਿ.—ਮਜ਼ਬੂਤ, ਸੁਦ੍ਰਿੜ੍ਹ। ੬੪੮.੨

ਅਗਾਧ : (ਸੰ.) (अगाध) ਵਿ.—ਅਥਾਹ, ਬਹੁਤ ਡੂੰਘਾ, ਅਪਾਰ, ਅਸੀਮ, ਜਿਸ ਦਾ ਪਾਰ ਨਾ ਪਾਇਆ ਜਾ ਸਕੇ। ੧੫.੩, ੩੩.੪, ੪੭.੨, ੬੬.੪, ੭੨.੪, ੮੦.੧, ੮੧.੧, ੧੧੧.੪, ੧੪੩.੩, ੧੭੮.੩, ੨੧੭.੪, ੨੪੯.੪, ੨੬੫.੪, ੨੭੦.੨, ੨੭੧.੩; ੩੩੭.੪, ੩੪੨.੪, ੩੪੪.੩, ੩੮੩.੪, ੩੯੬.੩, ੪੦੬.੪, ੪੨੧.੪, ੪੫੩.੪, ੪੮੯.੪

ਅਗਾਧਿ : ਵੇਖੋ ਅਗਾਧ। ੨.ਛੰ.੩, ੫੪੦.ਝ, ਛੰ.੪, ੫੫੬.ਸ.੩.

ਅਗਿਆਨ : ਵੇਖੋ ਅਗਯਾਨ। ੩੫੫.੩, ੪੭੪.੪

ਅਗਿਆਨਈ : ਵੇਖੋ ਅਗਿਆਨ। ਨਾ ਜਾਣਨ ਦੀ ਦਸ਼ਾ। ੩੦੦.੩

ਅੰਗੀ : ਵੇਖੋ ਅੰਗ। ਤੁਕਾਂਤ ਵਿਕਾਰ, ('ਅੰਗ, ਅੰਗੀ') ਅੰਗ ਅੰਗ ਵਿਚ, ਇਸ ਦਾ ਅਰਥ 'ਪ੍ਰਾਣੀ' ਜਾਂ ਅੰਗਾਂ ਵਾਲਾ ਵੀ ਹੋ ਸਕਦਾ ਹੈ। ੧੮੭.੧ ੩੧੬.੧

ਅੰਗੀਆ : ਵੇਖੋ ਅੰਗੀ। ਅੰਗੀ ਦਾ ਬਹੁਵਚਨ। ੩੪੭.੪, ੬੨੬.੩

ਅਗ੍ਰਆ : (ਸੰ.) (अग्र) ਸੰਗਯਾ—ਅਗ੍ਰਭਾਗ, ਅਗਲਾ ਪਾਸਾ, ਅੱਗੇ ਵਧਕੇ ਲੈਣ ਵਾਲਾ। ੨੨੧.੩

ਅਗੋਚਰ : (ਸੰ.) (अगोचर) ਵਿ.—ਜਿਸਦਾ ਅਨੁਭਵ ਇੰਦ੍ਰੀਆਂ ਨੂੰ ਨਾ ਹੋ ਸਕੇ, ਜੋ ਇੰਦ੍ਰੀਆਂ ਦਾ ਵਿਸ਼ਾ ਨਾ ਹੋਵੇ, ਅਪ੍ਰਗਟ, ਗੁਪਤ, ਲੁਪਤ ਪਰਮਾਤਮਾ ਦਾ ਇਕ ਵਿਸ਼ੇਸ਼ਣ। ੮.ਛੰ.੧, ੭੧.੩, ੧੫੩.੧, ੨੫੩.੩, ੨੯੬.੧, ੩੪੪.੩, ੫੫੬. ਸ. ੩, ੬੬੭.੨

ਅਘ : (ਸੰ.) (ਤਬ) ਪੁ.—ਪਾਪ, ਅਧਰਮ, ਗੁਨਾਹ, ਦੁੱਖ, ਬਿਪਤਾ। ੬੦੧.੪

ਅਘਾਇ : (ਸੰ.) (ਅਘਾਨਾ) ਸੰਗਿਆ—ਕਿਸੇ ਨੂੰ ਤ੍ਰਿਪਤ ਕਰਨਾ, ਸੰਤੁਸ਼ਟ ਕਰਨਾ। ੪੧੮.੧

ਅਘਾਈ : (ਸੰ.) (ਅਘ੍ਰਾਣ) ਅ. ਕਿ.—ਅਘਾਉਣਾ, ਸੰਤੁਸ਼ਟ ਹੋਣਾ, ਰੱਜਣਾ, ਢਿੱਡ ਭਰ ਕੇ ਖਾਣਾ। ੬੨੧.੩

ਅਘਾਏ : ਵੇਖੋ ਅਘਾਈ। ੨੨੬.੨, ੨੬੯.੪

ਅਘਾਤ : (ਸੰ.) (ਅਘਾਤ:) ਪੁ.—ਮਾਰ, ਸੱਟ, ਪਰਹਾਰ, ਵਿ.—ਖ਼ੂਬ,ਜ਼ਿਆਦਾ, ਅਧਿਕ, ਪੇਟ ਭਰ। ੩੩੨.੨, ੫੫੯.੪, ੫੮੭.੨

ਅਘਾਨੇ : (ਸੰ.) (ਅਘ੍ਰਾਣ) ਅ. ਕਿ.—ਪੇਟ ਭਰ ਕੇ ਭੋਜਨ ਕਰਨਾ, ਸੰਤੁਸ਼ਟ ਹੋਣਾ, ਤ੍ਰਿਪਤ ਹੋਣਾ, ਪ੍ਰਸੰਨ ਹੋਣਾ, ਥਕਨਾ। ੪੨੩.੧

ਅਚਏ : (ਸੰ.) (ਆਚਮਨ੍) ਕ੍ਰਿਆ—ਪੀ ਕੇ, ਪੀਣਾ, ਹੱਥ ਵਿਚ ਜਲ ਲੈ ਕੇ ਘੁੱਟ ਘੁੱਟ ਕਰਕੇ ਪੀਣਾ। ੧੬੨.੨, ੩੩੨.੨

ਅਚਰ : ਵੇਖੋ ਅਚਲ। ਵਿ.—ਜੜ੍ਹ, ਸਥਿਰ। ੨੭੮.੪

ਅਚਲ : (ਸੰ.) (ਅਚਲ) ਵਿ.—ਜਿਸ ਵਿਚ ਗਤੀ ਨਾ ਹੋਵੇ, ਸਥਿਰ, ਚਿਰਸਥਾਈ, ਸਥਿਤ, ਨਿਸ਼ਚਲ। ੨੪.੧, ੨੭੮.੧, ੨੭੮.੩, ੩੬੦.੧, ੩੬੮.੪

ਅੰਚਲ ; (ਹਿੰ.) (ਆਂਚਲ) ਪੁ.—ਪੱਲਾ, ਡੋਰ, ਕਿਨਾਰਾ, ਧੋਤੀ ਜਾਂ ਦੁਪੱਟੇ ਦੇ ਦੋਵੇਂ ਕਿਨਾਰੇ ਜੋ ਸੀਤੇ ਨਹੀਂ ਹੁੰਦੇ। ੪੦੮.੪

ਅਚਵਤ ; ਵੇਖੋ ਅਚਏ। ਕ੍ਰਿ.—ਪੀ ਕੇ, ਪੀਣਾ। ੧੬੨.੨, ੪੨੩.੧, ੪੩੨.੪, ੫੬੦.੩, ੫੬੮.੩, ੫੯੮.੩, ੬੨੧.੨, ੬੬੬.੪

ਅਚਵਨ : ਵੇਖੋ ਅਚਏ। ਪੁ.—ਆਚਮਨ, ਪੀਣਾ, ਭੋਜਨ ਤੋਂ ਬਾਅਦ ਕੁਰਲੀ (ਚੂਲੀ) ਕਰਨਾ। ੪੧੦.੩

ਅਚਾਰ : (ਸੰ.) ((ਆਚਾਰ) ਸੰਗਿਆ—ਕੰਮ, ਆਚਰਣ, ਵਿਵਹਾਰ, ਸਲੂਕ, ਚਾਲ ਚਲਣ, ਰਹਿਣੀ ਬਹਿਣੀ। ੪੯.੩, ੫੧.੩, ੩੯੫.੧, ੪੮੩.੩

ਅਚਿੰਤ : (ਸੰ.) (ਅਚਿਨ੍ਤ੍ਯ) ਵਿ.—ਜਿਸਦੀ ਚਿੰਤਾ ਨਾ ਹੋ ਸਕੇ, ਚਿੰਤਾ ਰਹਿਤ, ਬੇਫ਼ਿਕਰ ਕ੍ਰਿ. ਵਿ.—ਬਿਨਾਂ ਸੋਚੇ ਕਿਸੇ ਵਸਤੂ ਦਾ ਪ੍ਰਾਪਤ ਹੋਣਾ, ਅਚਾਨਕ। ੫੫੮.੧, ੫੭੮.੨

ਅਚੁਤ : (ਸੰ.) ((ਅਚ੍ਯੁਤ) ਵਿ.—ਜੋ ਡਿੱਗਿਆ ਨਾ ਹੋਵੇ, ਦ੍ਰਿੜ੍ਹ, ਅਟਲ, ਅਬਿਨਾਸ਼ੀ, ਜੋ ਵਿਚਲਿਤ ਨਾ ਹੋਵੇ, ਅਟੱਲ। ੩੪੪.੩

ਅਚੇਤ : (ਸੰ.) (ਅਚੇਤਨ) ਵਿ.—ਜੜ੍ਹ, ਚੇਤਨਾ ਰਹਿਤ, ਮੂਰਛਿਤ, ਬੇਹੋਸ਼। ੨੦੦.੪, ੩੯੧.੪, ੩੯੨.੨, ੩੯੩.੧, ੪੦੫.੩, ੫੦੨.੪ ੫੯੮.੪, ੬੦੪.੨, ੬੫੭.੩

ਅੱਛਤ : (ਹਿੰ.) (अच्छत) ਸੰਗਿਆ ਪੁ.—ਦੇਵਤਿਆਂ ਨੂੰ ਚੜ੍ਹਾਏ ਜਾਣ ਵਾਲੇ ਚਾਵਲ (ਜੋ ਟੁੱਟੇ ਨਾ ਹੋਣ), ਅਖੰਡਤ, ਵਿ.—ਸਮੁੱਚਾ, ਜ਼ਖਮ ਰਹਿਤ, ਲਗਾਤਾਰ । ੪੧.੨, ੪੧.੩, ੧੭੬.੧, ੨੨੩.੧, ੨੩੦.੪, ੩੦੮.੪

ਅਛਦ : (ਸੰ.) (आच्छादित) ਵਿ.—ਢਕਿਆ ਹੋਇਆ, ਛਿਪਿਆ ਹੋਇਆ, ਗੁਪਤ । ੩੧੪.੩

ਅਛਲ : (ਸੰ.) (अ+छल) ਵਿ.—ਛਲ ਰਹਿਤ, ਨਿਸ਼ਕਪਟ, ਸਿਧਾ ਸਾਦਾ, ਪਰਮਾਤਮਾ ਦਾ ਇਕ ਵਿਸ਼ੇਸ਼ਣ । ੧੩੫.੩, ੧੫੦.੪, ੩੪੪.੩, ੬੪੭.੧, ੬੪੮.੧

ਅਛਾਦਿਓ : ਵੇਖੋ ਅਛਦ । ੪੯੬.੪

ਅਛਿਤ : ਵੇਖੋ ਅਛਤ । ੨੯੬.੧, ੩੧੩.੧, ੩੫੧.੨, ੩੫੨.੧, ੩੬੩.੧, ੪੪੭.੪

ਅਛੇਦ : (ਸੰ.) (अछेद्य) ਵਿ.—ਜਿਸਦਾ ਛੇਦ ਨਾ ਹੋ ਸਕੇ, ਅਖੰਡ ਜਿਸਨੂੰ ਕੱਟਿਆ ਨਾ ਜਾ ਸਕੇ, ਵੰਡ ਨਾ ਕਰਨ ਯੋਗ । ੬੪੭.੧

ਅਛੇਵ : (ਹਿੰ.) (अछेव)—ਦੋਸ਼ ਰਹਿਤ, ਨੁਕਸਹੀਣ, ਨਿਰਦੋਸ਼, ਨਿਸ਼ਚੇ ਪੂਰਵਕ, ਅੱਛਾ । ੩੪੪.੩

ਅਛੋਤ : (ਹਿੰ.) (अच्छोत) ਵਿ.—ਅਧਿਕ, ਬਹੁਤ, ਪੂਰਾ । ੧੯੮.੪, ੩੧੨.੨

ਅਜ : (ਸੰ.) (अद्य) ਕ੍ਰਿ. ਵਿ.—ਅੱਜ, ਅੱਜ ਦੇ ਦਿਨ, ਹੁਣ । ੬੫੪.੪

ਅੰਜਨ : (ਸੰ.) (अञ्जन) ਸੰਗਿਆ—ਸੁਰਮਾ, ਕਜਲ, ਸਿਆਹੀ । ੮੨.੧, ੧੮੨.੩, ੨੭੭.੪, ੨੯੫.੨, ੩੪੭.੨, ੪੦੯.੪, ੬੨੬.੧, ੬੫੮.੧

ਅਜਪਾ : (ਸੰ.) ਵਿ.—ਜੋ ਜਪਿਆ ਨਾ ਜਾ ਸਕੇ, ਜਿਸ ਦਾ ਜਾਪ ਨਾ ਕੀਤਾ ਜਾ ਸਕੇ, ਹੋਂਠ ਅਤੇ ਸੁਰਮਾਸ ਦੀ ਸਹਾਇਤਾ ਤੋਂ ਬਿਨਾਂ ਕੇਵਲ ਹਿਰਦੇ ਦੀ ਬ੍ਰਿਤੀ ਨਾਲ ਕੀਤਾ ਗਿਆ ਜਾਪ । ੭੭.੪, ੨੪੮.੧, ੨੫੧.੨

ਅਜਯਾ : (ਹਿੰ.) (अजय) ਪੁ.—ਪਰਾਜਯ, ਹਾਰ, ਜਿਸ ਨੂੰ ਜਿੱਤਿਆ ਨਾ ਜਾ ਸਕੇ । ੧੩੨.੧, ੨੯੭.੪, ੨੯੮.੨

ਅਜਰ : (ਸੰ.) (अजर) ਪੁ.—ਪਾਰਬ੍ਰਹਮ, ਦੇਵਤਾ, ਇਕ ਬੂਟਾ ਵਿ.—ਜੋ ਬੁੱਢਾ ਨਾ ਹੋਵੇ, ਨਾਸ਼ ਰਹਿਤ । ੨੩੯.੨, ੬੪੧.੨

ਅਜਰਹਿ : ਵੇਖੋ ਅਜਰ । ੧੬.੩

ਅਜਾ : (ਸੰ.) (अजा) ਵਿ.—ਜਨਮ ਰਹਿਤ, ਜਿਸਦਾ ਜਨਮ ਨਾ ਹੋਇਆ ਹੋਵੇ, ਦੁਰਗਾ, ਸ਼ਕਤੀ, ਪ੍ਰਕ੍ਰਿਤੀ, ਮਾਇਆ ਆਦਿ । ੫੮੦.੨, ੬੩੬.੧

ਅਜਾਨਪਨ : (ਹਿੰ.) (अनजान) ਵਿ.—ਨਾਸਮਝ, ਨਾਦਾਨ, ਅਗਿਆਨੀ, ਭੋਲਾਭਾਲਾ । ੩੭੯.੧

ਅਜਾਪ : (ਹਿੰ.) (अ + जाप) ਵਿ.—ਜੋ ਜਾਪ ਵਿਚ ਨਾ ਆ ਸਕੇ, ਜੋ ਜਪਿਆ ਨਾ ਜਾ ਸਕੇ, ਪਰਮਾਤਮਾ ਦਾ ਇਕ ਵਿਸ਼ੇਸ਼ਣ । ੨੬੬.੩, ੬੪੮.੩

ਅਜਿਆ : (ਹਿੰ.) (अजय) ਵਿ.—ਜਿਸ ਨੂੰ ਜਿੱਤਿਆ ਨਾ ਜਾ ਸਕੇ । ਬਕਰੀ, ਇਸਤਰੀ, ੫੦੫.੨

ਅਜੀਤ : (ਸੰ.) (अजित) ਵਿ.—ਅਪਰਾਜਿਤ, ਜੋ ਹਾਰਿਆ ਨਾ ਹੋਵੇ, ਜਿਸ ਨੂੰ ਜਿੱਤਿਆ ਨਾ ਜਾ ਸਕੇ । ੪੨.੨, ੧੫੦.੪

ਅੰਜੁਲ : (ਸੰ.) (अंजलि) ਇ.—ਹੱਥ ਦੀਆਂ ਦੋਵਾਂ ਤਲੀਆਂ ਨੂੰ ਮਿਲਾ ਕੇ ਬਣਿਆ ਹੋਇਆ ਗੱਡਾ । ੬੫੯.੧

ਅਜੋਨਿ : (ਸੰ.) (अयोनि) ਵਿ.—ਜੋ ਉਤਪੰਨ ਨਹੀਂ ਹੋਇਆ, ਜੋ ਯੋਨੀ ਦੁਆਰਾ ਪੈਦਾ ਨਹੀਂ ਹੋਇਆ; ਪਰਮਾਤਮਾ ਦਾ ਇਕ ਵਿਸ਼ੇਸ਼ਣ । ੨੪.੨, ੧੮੨.੧

ਅਜੋਨੀ : ਵੇਖੋ ਅਜੋਨ । ੩੪੪.੧; ੪੦੮.੧, ੪੮੪.੪, ੪੮੫.੧

ਅਟ : (ਸੰ.) (अट्) (ਹਿੰ.) (अटन) ਪੁ.—ਘੁਮਣਾ; ਭ੍ਰਮਣ ਕਰਨਾ ਪੂਰਾ ਪੈਣਾ, ਸਮਾਣਾ, ਸ. ਕ੍ਰਿ.—ਢਕਿਆ ਜਾਣਾ, ਛਾ ਜਾਣਾ, ਭਰ ਜਾਣਾ, ਸਮਾ ਜਾਣਾ । ੩੪੨.੨

ਅਟਪਟੀ : (ਹਿੰ.) (अटपटी) ਇ—ਬੇਸਿਰਪੈਰ ਦੀ ਗੱਲ ਜਾਂ ਕ੍ਰਿਆ, ਨਟਖਟ, ਤਿਰਛੀ, ਸ਼ਰਾਰਤ । ੩੬੯.੩

ਅਟਲ : (ਹਿੰ.) (अटल) ਵਿ.—ਨਾ ਟਲਣ ਵਾਲਾ, ਸਥਿਰ, ਅਚਲ, ਨਿੱਤ, ਚਿਰਸਥਾਈ, ਪੱਕਾ । ੪੦੮.੪

ਅਠਿਸਠਿ : (ਸੰ.) (अष्ट + षष्टि) ਵਿ.—ਅੱਠ ਅਤੇ ਸੱਠ ਅਠਾਸਠ, ਅਠਾਹਠ, ਪ੍ਰਸੰਗ ਅਨੁਸਾਰ ਹਿੰਦੂਆਂ ਦੇ ਅਠਾਹਠ ਤੀਰਥਾਂ ਦਾ ਬੋਧ ਹੁੰਦਾ ਹੈ ਭਾਵ ਸਾਰੇ ਤੀਰਥ । ੩੨੯.੨

ਅੰਡਾ : (ਸੰ.) (अण्ड) ਸੰਗਿਆ.—ਆਂਡਾ, ਗੋਲਕਾਰ ਵਸਤੂ । ੧੮੪.੧

ਅੰਤ : (ਸੰ.) (अन्त) ਸੰਗਿਆ.—ਖਾਤਮਾ, ਸਮਾਪਤੀ, ਸਿੱਟਾ, ਨਤੀਜਾ, ਸੀਮਾ, ਹੱਦ. ਆਖ਼ਰ । ੧.ਛੰ.੩, ੬. ਸੋ.੧, ੬.ਸੋ.੨, ੬.ਦੋ.੧, ੬.ਦੋ.੨, ੫੬.੧, ੬੯.੪, ੭੦.੧, ੭੦.੨, ੭੦.੩. ੭੧.੧, ੮੬.੧, ੧੧੯.੪, ੧੪੩.੧, ੧੮੮.੩, ੨੩੯.੪, ੨੪੦.੩, ੨੫੦.੪, ੨੬੯.੩, ੩੧੬.੨, ੩੧੯.੩, ੩੨੧.੨, ੩੮੩.੧, ੪੦੨.੨, ੪੩੪.੨, ੪੩੬.੨, ੫੧੭.੪, ੫੮੧.੧, ੬੫੮.੪

ਅਤਹ : (ਸੰ.) (अतिः) ਵਿ.—ਬਹੁਤ, ਅਧਿਕ, ਜ਼ਿਆਦਾ, ਅਤਿਅੰਤ । ੩੪੪.੨

ਅੰਤਕਾਰ : (ਸੰ.) (अंत + कारिन्) ਸੰਗਿਆ.—ਵਿਨਾਸ਼ ਕਰਨ ਵਾਲਾ, ਸੰਹਾਰ ਕਰਨ ਵਾਲਾ। ੫੯੫.੪

ਅੰਤਕਾਲ : (ਸੰ.) (अन्त + काल) ਸੰਗਿਆ.—ਅੰਤ ਦਾ ਸਮਾਂ, ਮੌਤ ਦਾ ਵੇਲਾ। ੧੧੯.੩, ੧੬੭.੪, ੪੯੫.੩, ੫੫੨.੪, ੫੫੪.੪, ੫੯੨.੪, ੬੬੮.੩

ਅੰਤਰ : (ਸੰ.) (अन्तर्) ਸੰਗਿਆ.—ਵਿਥ, ਭੇਦ, ਫਰਕ, ਫਾਸਲਾ, ਮਨ, ਦਿਲ, ਅੰਤਹਕਰਣ। ੫.ਛੰ.੩, ੪੧.੧, ੪੭.੨, ੪੯.੪, ੬੩.੧, ੬੪.੨, ੬੫.੨, ੭੭.੧, ੯੮.੨, ੧੮੫.੩, ੧੮੬.੪, ੨੦੦.੧, ੨੨੩.੨, ੨੩੨.੩, ੨੩੬.੧, ੨੫੩.੧, ੨੮੦.੨, ੩੧੩.੧, ੩੧੪.੪, ੩੧੫.੩, ੩੨੯.੧, ੩੪੮.੨, ੩੬੪.੪, ੩੮੦.੪, ੪੦੩.੨, ੪੨੫.੨, ੪੪੨.੨, ੪੮੫.੫, ੪੮੭.੧, ੪੯੫.੧, ੫੦੨.੪, ੫੦੭.੪, ੫੧੫.੪, ੫੪੨.੩, ੫੭੧.੨, ੬੩੯.੪, ੬੭੦.੩

ਅੰਤਰਗਤ : ਵੇਖੋ ਅੰਤਰਗਤਿ। ੨੭੫.੨, ੫੦੩.੨

ਅੰਤਰਗਤਿ : (ਸੰ.) (अन्तर + गति) ਵਿ.—ਅੰਦਰ ਸਮਾਇਆ ਹੋਇਆ, ਗੁਪਤ, ਅੰਤਰਮੁੱਖੀ, ਮਨ ਦੀ ਬ੍ਰਿਤੀ। ੧੨.੩, ੨੨੩.੧, ੩੧੫.੪, ੫੭੪.੪, ੬੧੩.੪

ਅੰਤਰਜਾਮੀ : (ਸੰ.) (अन्तर्यामिन्) ਵਿ.—ਦਿਲ ਦੀ ਗੱਲ ਜਾਣਨ ਵਾਲਾ, ਪਰਮਾਤਮਾ ਦਾ ਇਕ ਵਿਸ਼ੇਸ਼ਣ। ੧੮੬.੪, ੨੮੦.੨, ੬੦੨.੩

ਅੰਤਰਯਾਮੀ : ਵੇਖੋ ਅੰਤਰਜਾਮੀ। ੩੧੫.੪, ੫੦੩.੨

ਅੰਤਰਾਗਤਿ : (ਸੰ.) (अंतर + आगति)—ਅੰਤਰ ਆਇਆ ਹੋਇਆ। ੨੮੦.੨

ਅੰਤਰਿ : ਵੇਖੋ ਅੰਤਰ। ੫੭੧.੨

ਅੰਤਰਿਖਸ਼ : (ਸੰ.) (अंतरिक्ष) ਸੰਗਿਆ—ਪੁ. ਪ੍ਰਿਥਵੀ ਅਤੇ ਸੌਰਮੰਡਲ ਦੇ ਵਿਚ ਦਾ ਸਥਾਨ, ਸਵਰਗਲੋਕ, ਇਕ ਰਿਸ਼ੀ ਦਾ ਨਾਮ, ਗੁਪਤ, ਪ੍ਰਗਟ। ੩੧੩.੩, ੩੫੦.੪, ੩੫੧.੪

ਅਤਿ : (ਸੰ.) (अति) ਵਿ.—ਬਹੁਤ, ਅਧਿਕ, ਜ਼ਿਆਦਾ, ਅਧਿਕਤਾ, ਜ਼ਿਆਦਤੀ। ੯.੪, ੧੫.੧, ੧੯.੧, ੩੩.੩, ੫੨.੩, ੫੬.੨. ੭੧.੧, ੭੧.੪, ੭੬.੨, ੮੦.੧, ੧੦੫.੪, ੧੧੬.੩, ੧੪੦.੪, ੧੪੧.੨, ੧੪੩.੩, ੧੯੪.੧, ੧੯੪.੨, ੧੯੬.੪, ੨੦੪.੧, ੨੨੨.੨, ੨੫੪.੨, ੨੬੩.੧, ੨੬੯.੧, ੨੮੪.੧, ੨੮੫.੧, ੨੮੫.੩, ੩੦੩.੪, ੩੦੪.੧, ੩੨੫.੨, ੩੩੫.੨, ੩੩੫.੩, ੩੩੯.੧, ੩੩੯.੪, ੩੪੪.੩, ੩੪੯.੩, ੩੬੦.੧, ੩੭੩.੩, ੩੭੬.੧, ੩੮੧.੨, ੩੮੫.੨, ੩੯੩.੩, ੩੯੯.੨, ੪੦੨.੪,

੪੦੬.੪, ੪੨੭.੪, ੪੩੨.੪, ੪੪੬.੨, ੪੭੧.੧, ੪੯੭.੨, ੫੧੪.੩, ੫੨੨.੩, ੫੩੪.੩, ੫੪੦.੨.ਛੰ.੪, ੫੭੩.੩, ੬੦੮.੩, ੬੧੯.੪, ੬੨੪.੩, ੬੨੯.੨, ੬੩੨.੩, ੬੪੧.੩, ੬੫੫.੪, ੬੫੯.੨, ੬੬੯.੨

ਅੰਤਿ : ਵੇਖੋ ਅੰਤ । ੫੯੩.੧, ੬੩੪.੨, ੬੩੬.੧

ਅਦਭੁਤ : (ਸੰ.) (अद्भुत) ਵਿ.—ਹੈਰਾਨ ਕਰਨ ਵਾਲਾ, ਅਜੀਬ, ਅਨੋਖਾ । ੩.ਸੋ.੨, ੩.ਦੋ.੨, ੩.ਛੰ.੧, ੮.ਸੋ.੨, ੯.ਦੋ.੨, ੯.੪, ੧੯.੩, ੧੩੮.੪, ੨੫੦.੨, ੨੯੩.੪, ੩੪੪.੪, ੫੩੪.੧, ੫੭੯.੪, ੬੦੮.੧, ੬੧੮.੪, ੬੪੮.੪

ਅਦਰਸ : (ਸੰ.) (अ+दर्शन) ਵਿ.—ਦਰਸ਼ਨ ਨਾ ਦੇਣਾ, ਦਰਸ਼ਨ ਨਾ ਦੇਣ ਵਾਲਾ, ਦਰਪਣ, ਆਇਨਾ, ਸ਼ੀਸ਼ਾ ਆਦਿ । ੩੨.੧, ੪੫.੧, ੧੫੩.੧

ਅਦਿਆਉ : (ਅ.) (अदा) (अदायगी) ਇ.—ਚੁਕਤਾ ਕਰਨ ਦਾ ਯਤਨ । ੬੩੩.੨

ਅਦਿਤਯ : (ਹਿੰ.) (आदित्य) ਪੁ.—ਸੂਰਜ ਦੇਵਤਾ, ਇੰਦ੍ਰ, ਵਾਮਨ ਅਵਤਾਰ । ੪੫੩.੧, ੪੮੪.੧

ਅਦ੍ਰਿਸਟਿ : (ਸੰ.) (अदृष्टि) ਵਿ.—ਕ੍ਰੋਧ ਭਰੀ ਨਜ਼ਰ, ਦੇਖਿਆ ਨਾ ਜਾਣਾ, ਅੰਨ੍ਹਾ, ਅਦ੍ਰਿਸ਼ਟ, ਅਗਯਾਤ, ਅਸਵੀਕਾਰ, ਅਵੈਧ । ੯੮.੩, ੪੦੩.੪

ਅੰਧ : (ਸੰ.) (अन्ध) ਸੰਗਿਆ—ਅੰਧਕਾਰ, ਅੰਧੇਰਾ, ਅਗਿਆਨ । ੨੭.੨, ੧੭੬.੧, ੩੧੪.੪, ੩੧੫.੧, ੩੧੫.੨, ੩੧੫.੩, ੩੬੯.੩, ੩੮੬.੨, ੪੭੪.੧, ੪੮੫.੪, ੪੮੮.੪, ੪੯੫.੪, ੫੦੯.੨, ੫੫੫.੪, ੬੭੧.੪

ਅੰਧਕਾਰ : (ਸੰ.) (अन्धकार) ਸੰਗਿਆ—ਹਨੇਰਾ, ਅਗਿਆਨ, ਅਵਿਦਿਆ । ੪੦.੩, ੩੧੨.੩, ੩੫੦.੩, ੩੫੧.੧, ੩੬੭.੨, ੪੮੬.੩, ੪੮੭.੨, ੪੯੬.੩, ੫੩੭.੩, ੬੦੬.੧, ੬੬੮.੨

ਅੰਧਕਾਰੇ : ਵੇਖੋ ਅੰਧਕਾਰ । ੩੫੨.੧

ਅੰਧਨ : ਵੇਖੋ ਅੰਧ । ੩੮੭.੨

ਅਧਮ : (ਸੰ.) (अधम) ਵਿ.—ਨੀਚ, ਖੋਟਾ, ਬੁਰਾ, ਪਾਪੀ ਸੰਗਿਆ ਪੁ.—ਇਕ ਦਰਖ਼ਤ ਦਾ ਨਾਮ, ਤਿੰਨ ਪ੍ਰਕਾਰ ਦੇ ਕਵੀਆਂ ਵਿਚੋਂ ਇਕ ਦੂਸਰੇ ਦੀ ਨਿੰਦਾ ਕਰਨ ਵਾਲਾ ਕਵੀ । ੨੫.੧, ੧੫੫.੪, ੧੬੪.੨, ੧੬੫.੨, ੧੬੫.੩, ੧੮੨.੩, ੪੦੭.੨, ੩੯੬.੪, ੫੦੪.੧, ੫੨੧.੪, ੫੨੨.੪, ੫੫੨.੧, ੬੦੦.੪,

ਅਧਯਾਤਮ : (ਸੰ.) (अध्यात्मन्) ਵਿ.—ਆਤਮਾ ਸੰਬੰਧੀ, ਸੰਗਿਆ—ਪਰਮਾਤਮਾ ਸੰਬੰਧੀ ਵਿਚਾਰ ਜਾਂ ਗਿਆਨ, ਆਤਮ ਪਰਮਾਤਮਾ । ੧੨.੨, ੨੧.੨, ੧੧੫.੩, ੧੧੬.੧, ੧੯੨.੨; ੨੪੮.੩

ਅੰਧਯਾਰ : ਵੇਖੋ ਅੰਧਯਾਰੀ । ੨੭੩.੩

ਅੰਧਯਾਰੀ : (ਹਿੰ.) (अँधियारी) ਸੰਗਿਆ.—ਅੰਧੇਰਾ, ਤਮ, ਅੰਧਕਾਰਮਈ, ਪ੍ਰਕਾਸ਼ਰਹਿਤ, ਧੁੰਧਲਾਪਨ, ਵਿ.—ਉਦਾਸ, ਸੁੰਨਾ । ੪੮੭.੩, ੪੮੮.੨

ਅਧਰ : (ਸੰ.) (अंधर) ਸੰਗਿਆ—ਧਰਤੀ ਅਤੇ ਆਕਾਸ਼ ਵਿਚਲੀ ਥਾਂ, ਪਾਤਾਲ । ਵਿ.—ਬੇਆਸਰਾ, ਬਿਨਾਂ ਆਧਾਰ, ਆਧਾਰ ਰਹਿਤ । ੩੧੫.੩, ੬੬੫.੧

ਅੰਧਰੇ : (ਹਿੰ.) (अंधर) ਪੁ.—ਅੰਧੇਰਾ, ਅੰਧਕਾਰ । ੬੬੭.੨

ਅਧਰਮ : (ਸੰ.) (अधंम) ਪਾਪ, ਦੁਰਾਚਾਰ, ਦੁਸ਼ਕਰਮ । ੧੯੦.੩, ੩੮੨.੪, ੪੨੨.ਸ.੩, ੪੮੮.੧, ੬੩੬.੪

ਅਧਾਨ : (ਸੰ.) (आधान) ਸੰਗਿਆਂ ਪੁ.—ਰਖਣਾ, ਗਿਰਵੀ ਜਾਂ ਰਹਿਣ ਰੱਖਣਾ, ਗਰਭ । ੧੭੬.੧; ੨੩੭.੩, ੨੪੧.੧, ੩੭੪.੨, ੫੬੯.੨ ੬੦੫.੨

ਅਧਾਰ : (ਸੰ.) (आधार) ਸੰਗਿਆ.—ਸਹਾਰਾ, ਓਟ । ੩੮੭.੧, ੫੧੫.੩, ੫੯੯.੧, ੫੯੯.੨

ਅੰਧਿਯਾਰੀ : ਵੇਖੋ ਅੰਧਯਾਰੀ । ੫੬੮.੧

ਅਧਿਕ : (ਸੰ.) (अधिक) ਵਿ.—ਬਹੁਤ, ਜ਼ਿਆਦਾ, ਵਿਸ਼ੇਸ਼, ਅਤਿਰਿਕਤ, ਫਾਲਤੂ, ਬਚਿਆ ਹੋਇਆ । ੧੨੦.੧, ੨੧੨.੧, ੩੯੨.੧, ੪੨੫.੩, ੫੭੧.੪, ੫੯੮.੧; ੬੪੨.੧

ਦੁਰਾਵ : (ਹਿੰ.) (दुराव) ਸੰਗਿਆ ਪੁ.—ਕਿਸੇ ਤੇ ਕੋਈ ਗੱਲ ਗੁਪਤ ਰੱਖਣਾ, ਪਰਦਾ ਕਰਨਾ, ਛਲ, ਕਪਟ ਆਦਿ। ੨੩੭.੩

ਦੁਰਾਵਈ : ਵੇਖੋ ਦੁਰਾਵ। ਦੁਭਾਵ ਦੀ ਕ੍ਰਿਆ। ੧੬੩.੪

ਦੁਹਾਵੈ : ਵੇਖੋ ਦੁਰਾਵ। ਦੁਰਾਵ ਦੀ ਕ੍ਰਿਆ। ੫੬੮.੧

ਦੁਰੈ : ਵੇਖੋ ਦੁਰਾਵ। ਦੁਰਾਵ ਦੀ ਕ੍ਰਿਆ। ੧੬੩.੪, ੪੨੧.੧, ੬੩੦.੩

ਦੁਲਹਨੀ : (ਹਿੰ.) (दुलहिन) ਸੰਗਿਆ ਇ.—ਨਵ ਵਿਵਹਾਤ ਵਧੂ, ਵਿਆਹੀ ਬਹੂ, ਸਜ ਵਿਆਹੀ ਵਹੁਟੀ। ੨੪੬.੨

ਦੁਲਭ : (ਸੰ.) (दुर्लभ) ਕ੍ਰਿ. ਵਿ.—ਦੁਰਲੱਭ, ਕਠਿਨਤਾ ਨਾਲ ਮਿਲਣ ਵਾਲਾ, ਮੁਸ਼ਕਲ ਨਾਲ ਪ੍ਰਾਪਤ ਹੋਣ ਵਾਲਾ। ੬੫੯.੨

ਦੂਸ਼ਣ : (ਸੰ.) (दूषण)—ਕ੍ਰਿ. ਦੋਸ਼ ਲਾਉਣਾ, ਆਰੋਪ ਲਾਉਣਾ, ਨਿੰਦਾ ਕਰਨਾ, ਨਿੰਦਣਾ। ੫੧੩.੪

ਦੁਸ਼ਨ : ਵੇਖੋ ਦੂਸ਼ਨ। ੫੧੨.੩, ੫੨੨.੪

ਦੂਸ਼ਨਾ : ਵੇਖੋ ਦੂਸ਼ਣ। ਦੂਸ਼ਣ ਦੀ ਕ੍ਰਿਆ। ੫੩੯.੪

ਦੂਸਰੋ : (ਹਿੰ.) (दूसरा) ਵਿ.—ਪਹਿਲੇ ਤੋਂ ਬਾਅਦ ਆਉਣ ਵਾਲਾ, ਪ੍ਰਤੱਖ ਜਾਂ ਪ੍ਰਸਤੁਤ ਵਿਸ਼ੇ ਤੋਂ ਕੋਈ ਹੋਰ। ੩੦੫.੧, ੩੬੩.੧

ਦੂਖਨ : ਵੇਖੋ ਦੂਸ਼ਣ। ੨੩੫.੧

ਦੂਖਨਾ : ਵੇਖੋ ਦੂਸ਼ਣ। ਦੂਸ਼ਣ ਦੀ ਕ੍ਰਿਆ। ੩੦੯.੪, ੫੦੬.੪, ੬੪੧.੪

ਦੂਤ : (ਸੰ.) (दूत) ਸੰਗਿਆ ਪੁ.—ਹਰਕਾਰਾ, ਵਕੀਲ, ਸੰਦੇਸ਼ ਵਾਹਕ, ਵਿਚੋਲਾ, ਦਾਸ ਆਦਿ। ੫੭.੧, ੧੩੫.੧, ੨੩੩.੧, ੩੧੩.੪, ੩੩੬.੧, ੩੩੭.੨, ੩੬੫.੪, ੪੯੮.੨, ੫੮੨.੪

ਦੁਤੀ : (ਸੰ.) (ਦੂਤੀ) ਸੰਗਿਆ ਇ.—ਪ੍ਰੇਮੀਆਂ ਵਿਚ ਆਦਾਨ ਪ੍ਰਦਾਨ ਕਰਵਾਉਣ ਵਾਲੀ ਇਸਤਰੀ, ਚੁਗਲੀ, ਵਕਾਲਤ ਕਰਨ ਵਾਲੀ। ਵੇਖੋ ਦੂਤ। ੫੭੫.੧

ਦੂਧ : (ਹਿੰ.) (ਦੁਗਧ) ਸੰਗਿਆ ਪੁ.—ਥਣਧਾਰੀ ਜੀਵਾਂ ਦੇ ਮਾਤਾ ਦੇ ਥਣਾਂ ਚੋਂ ਨਿਕਲਣ ਵਾਲਾ ਦ੍ਰਵ। ੩੯.੧, ੧੨੨.੨, ੧੭੪.੧, ੫੦੬.੨, ੫੮੪.੩, ੬੦੯.੨

ਦੂਰ : (ਸੰ.) (ਦੂਰ) ਕ੍ਰਿ. ਵਿ.—ਫਾਸਲੇ ਤੇ, ਵਿੱਥ ਤੇ। ਵਿਸਤਾਰ, ਕਾਲ, ਸਬੰਧ ਆਦਿ ਦੇ ਵਿਚਾਰ ਤੇ ਬਹੁਤ ਅੰਤਰ ਵਾਲਾ। ੩੬੦.੨, ੬੩੯.੧, ੬੩੯.੪

ਦੇ : (ਹਿੰ.) (ਦੇ) ਸੰਗਿਆ ਇ.—ਇਸਤਰੀਆਂ ਲਈ ਆਦਰ ਸੂਚਕ ਸ਼ਬਦ। ਕ੍ਰਿ. ਵਿ. ਦੇ ਕੇ, ਸਬੰਧ ਬੋਧਕ ਪ੍ਰਤਯਯ—ਕਾ, ਕੇ, ਦੇ। ੬੭੪.੩

ਦੇਸ : (ਸੰ.) (ਦੇਸ਼)—ਪ੍ਰਿਥਵੀ ਦਾ ਉਹ ਵਿਸ਼ਿਸ਼ਟ ਭਾਗ ਜਿਸ ਦਾ ਵੱਖਰਾ ਨਾਮ ਤੇ ਕੋਈ ਸ਼ਾਸਨ ਹੋਵੇ, ਰਾਸ਼ਟਰ, ਸਥਾਨ, ਜਗਾ। ੩੧੦.੩, ੪੧੧.੩, ੪੮੮.੨, ੪੩੯.੧, ੪੭੫.੧

ਦੇਸੰਤਰ : (ਸੰ.) (ਦੇਸ਼ਾਂਤਰ) ਸੰਗਿਆ ਪੁ.—ਦੂਸਰਾ ਦੇਸ਼, ਵਿਦੇਸ਼, ਪਰਦੇਸ, ਦੇਸ਼ਾਂ ਵਿਚਲਾ ਅੰਤਰ। ੫੧੫.੨

ਦੇਹ : (ਸੰ.) (ਦੇਹ) ਸੰਗਿਆ ਇ.—ਸਰੀਰ, ਤਨ, ਬਦਨ, ਸਰੀਰ ਦਾ ਕੋਈ ਅੰਗ, ਜੀਵਨ, ਜਿੰਦਗੀ ਦੇਣ ਦੀ ਕ੍ਰਿਆ। ੧੪.੧, ੧੧੫.੧, ੧੧੬.੪, ੧੩੨.੧, ੨੬੨.੪, ੨੬੩.੪, ੨੭੨.੩, ੩੨੫.੪, ੩੨੯.੪, ੪੪੩.੨, ੪੮੮.੩, ੫੯੭.੪, ੬੨੫.੩

ਦੇਹਿ : ਵੇਖੋ ਦੇਹ। ੧੮.੧, ੪੩.੧, ੯੪.੪, ੧੨੧.੧, ੨੦੦.੧, ੨੦੧.੧, ੨੮੩.੪, ੨੮੯.੧, ੩੩੮.੧, ੪੪੬.੩, ੫੩੩.੪

ਦੇਹੀ : ਵੇਖੋ ਦੇਹ। ੨੩੯.੪, ੩੬੫.੧, ੫੪੯.੨

ਦੇਹੁ : ਵੇਖੋ ਦੇਹ। ੬੨੭.੨

ਦੇਖ : (ਹਿੰ.) (ਦੇਖ) ਸੰਗਿਆ ਇ.—ਵੇਖਣ ਦੀ ਕ੍ਰਿਆ ਜਾਂ ਭਾਵ। ੧੯.੩, ੧੯.੪; ੧੬੦.੧, ੨੦੮.੧, ੩੨੩.੧; ੩੫੫.੧, ੩੬੦.੩, ੩੬੭.੧, ੩੯੭.੨, ੩੯੭.੩, ੩੯੯.੧, ੪੧੨.੧, ੪੧੯.੪, ੪੨੦.੧, ੪੨੨.ਸ.੪, ੪੪੦.੧, ੫੦੮.੧, ੫੬੦.੩, ੫੬੬.੨, ੫੭੦.੧, ੬੦੦.੧, ੬੦੬.੧, ੬੭੫.੧

ਦੇਖਉ : ਵੇਖੋ ਦੇਖ। ਵੇਖਣ ਦੀ ਕ੍ਰਿਆ। ਵੇਖੋ, ਵੇਖਿਆ। ੫੭੧.੨

ਦੇਖਹੁ : ਵੇਖੋ ਦੇਖਉ। ੨੦੭.੨

ਦੇਖਤ : ਵੇਖੋ ਦੇਖ। ਵੇਖਦਾ ਹੈ। ੧੬੩.੩, ੧੮੬.੨, ੩੩੦.੧, ੪੨੩.੪, ੪੩੪.੧, ੪੯੩.੩, ੫੫੮.੩, ੫੭੦.੨, ੫੮੦.੩, ੫੮੯.੩, ੬੧੩.੪, ੬੨੨.੧

ਦੇਖਨ : (ਹਿੰ.) (देखन) ਸੰਗਿਆ ਇ.—ਵੇਖਣ ਦੀ ਕ੍ਰਿਆ ਜਾਂ ਭਾਵ, ਵੇਖਣ ਦਾ ਢੰਗ । ੪੩੧.੧

ਦੇਖਬੈ : ਵੇਖੋ ਦੇਖ । ਦੇਖਣ ਨੂੰ । ੧੪੦.੨, ੨੦੬.੧

ਦੇਖਯੋ : ਵੇਖੋ ਦੇਖ । ਵੇਖਿਆ, ਦੇਖਿਆ, ਵੇਖੋ । ੧੦੦.੪, ੧੯੭.੨, ੪੫੨.੨, ੫੦੮.੧, ੬੨੨.੧

ਦੇਖਿ : ਵੇਖੋ ਦੇਖ । ੫੩੯.੧, ੫੫੧.੧, ੬੬੬.੧

ਦੇਖਿਓ : ਵੇਖੋ ਦੇਖਉ । ੧੭੨.੧

ਦੇਖਿਅਤਿ : ਵੇਖੋ ਦੇਖੀਅਤ । ੧੧੦.੩, ੨੪੫.੪, ੩੫੨.੧

ਦੇਖਿਐ : ਵੇਖੋ ਦੇਖੀਐ । ੧੨.੧, ੧੯੭.੧, ੨੦੬.੧, ੩੧੨.੨, ੩੬੬.੨

ਦੇਖਿਯਤ : ਵੇਖੋ ਦੇਖੀਅਤ । ੧੧੭.੧, ੧੮੬.੨, ੧੯੯.੨, ੪੮੯.੨

ਦੇਖੀ : ਵੇਖੋ ਦੇਖ । ੨੭੪.੨

ਦੇਖੀਅਤ : ਵੇਖੋ ਦੇਖ । ਵੇਖਦਾ ਹੈ, ਦੇਖਦਾ ਹੈ । ੪੭੮.੩, ੪੯੬.੧, ੪੯੬.੨, ੫੧੨.੧, ੬੪੪.੧

ਦੇਖੀਐ : ਵੇਖੋ ਦੇਖ । ਵੇਖੀਏ । ੫੭੪.੧, ੫੮੬.੨, ੬੪੩.੩, ੬੪੪.੧

ਦੇਖੇ : ਵੇਖੋ ਦੇਖ । ਵੇਖਦਾ ਹੈ । ੧੭.੨, ੨੦.੧, ੩੦.੩, ੧੫੨.੧, ੨੧੪.੧, ੨੨੬.੧, ੨੩੫.੪, ੩੯੧.੩, ੪੫੪.੨

ਦੇਖੈ : ਵੇਖੋ ਦੇਖ । ਵੇਖਦਾ ਹੈ । ੬੯.੩, ੯੬.੩, ੧੦੮.੩, ੨੭੬.੩, ੩੦੧.੧, ੩੦੫.੧, ੩੯੭.੧, ੪੦੨.੩, ੪੬੨.੨, ੪੬੭.੧, ੪੭੪.੧, ੬੪੪.੧

ਦੇਖੋਂ : ਵੇਖੋ ਦੇਖ । ੪੨੫.੧

ਦੇਖੌਂ : ਵੇਖੋ ਦੇਖਉ । ੪੦੧.ਸ.ਛੰ.੧

ਦੇਤ : (ਹਿੰ.) (देत) ਕ੍ਰਿ.—ਦਿੰਦਾ ਹੈ, ਦਾਨ ਕਰਦਾ ਹੈ, ਹਵਾਲੇ ਕਰਦਾ ਹੈ, ਸੌਂਪਦਾ ਹੈ, ਅਨੁਭਵ ਕਰਦਾ । ੧੧੧.੩, ੨੨੧.੧, ੨੩੮.੨, ੩੧੧.੩, ੩੨੬.੧, ੩੨੬.੨, ੩੫੮.੪, ੩੬੪.੩, ੩੭੩.੧, ੪੧੪.੧, ੪੧੯.੩, ੪੪੪.੨, ੪੫੦.੧, ੪੫੪ ੪, ੪੫੬.੪, ੪੬੧.੧, ੫੨੪.੪, ੫੬੩.੨, ੫੮੧.੨, ੫੯੬.੧, ੫੯੭.੧, ੬੦੫.੧, ੬੧੮.੪, ੬੨੯.੨, ੬੩੮.੨

ਦੇਤਿ : ਵੇਖੋ ਦੇਤ । ੪੦੬.੩, ੫੭੫.੨, ੬੧੧.੨, ੬੧੮.੩

ਦੇਨ : (ਹਿੰ.) (देन) ਸੰਗਿਆ ਇ.—ਦੇਣ ਦੀ ਕ੍ਰਿਆ ਜਾਂ ਭਾਵ, ਦਾਨ, ਕਿਸੇ ਨੂੰ ਦਿਤੀ ਜਾਂ ਮਿਲੀ ਵਸਤੂ । ੧੯੩.੪, ੪੫੪.੪

ਦੇਵ : (ਸੰ.) (देव) ਸੰਗਿਆ ਪੁ.—ਸਵਰਗ ਵਿਚ ਰਹਿਣ ਵਾਲਾ ਅਮਰ ਪੁਰਖ, ਦੇਵਤਾ, ਸੁਰ, ਪੂਜ ਵਿਅਕਤੀ, ਉਤਮ ਵਿਅਕਤੀ ਆਦਿ । ੨.ਛੰ.੧, ੩੦.੪, ੭੨.੧, ੮੩.੧, ੧੮੩.੨, ੧੯੨.੩, ੩੦੪.੧, ੩੦੪.੩, ੩੪੧.੩, ੩੯੬.੧, ੩੯੭.੧, ੪੦੭.੧, ੪੪੧.੪,

੪੪੨.੪, ੪੪੩.੧, ੪੪੪.੪, ੪੪੫.੪, ੪੪੬.੪, ੪੪੭.੨, ੪੪੮.੩, ੪੪੯.੩, ੪੪੯.੪, ੪੫੧.੩, ੪੫੨.੧—੪੫੨.੪, ੪੫੩.੧—੪੫੩.੩, ੪੫੪.੪, ੪੫੫.੪, ੪੫੬.੪, ੪੫੭.੪, ੪੫੯.੪, ੪੬੦.੪, ੪੬੨.੩, ੪੬੩.੪, ੪੬੫.੪, ੪੬੬.੪, ੪੬੭.੪, ੪੬੮.੪, ੪੭੦.੪, ੪੭੧.੪, ੪੭੯.੩, ੪੭੯.੪, ੪੮੦.੪, ੪੮੧.੧, ੪੮੨.੩, ੪੮੩.੪, ੪੮੬.੧, ੪੮੭.੧, ੪੮੮.੩, ੪੮੯.੩, ੪੯੧.੨, ੪੯੧.੪, ੪੯੨.੪, ੬੨੪.੪, ੬੫੩.੪, ੬੬੫.੪

ਦੇਵਪੁਰੀ : (ਸੰ.)(ਦੇਵਪੁਰੀ) —ਇੰਦਰ ਦੀ ਰਾਜਧਾਨੀ, ਅਮਰਾਵਤੀ । ੪੨੨.ਸ.੨

ਦੇਵਰ : (ਸੰ.) (ਦੇਵਰ) ਸੰਗਿਆ ਪੁ.—ਪਤੀ ਦਾ ਛੋਟਾ ਭਰਾ, ਦਿਓਰ । ੩੯੫.੨

ਦੇਵਾ : ਵੇਖੋ ਦੇਵ । ੮.ਛੰ.੪

ਦੇਵਾਧਿਦੇਵ : (ਸੰ.) (ਦੇਵਾਧਿਦੇਵ) ਸੰਗਿਆ ਪੁ.—ਪਰਮੇਸ਼ਵਰ, ਸ਼ਿਵ, ਮਹਾਂਦੇਵ, ਇੰਦ੍ਰ । ੧੪੩.੪

ਦੇਵੀ : (ਸੰ.) (ਦੇਵੀ) ਸੰਗਿਆ ਇ.—ਦੇਵਤੇ ਦੀ ਇਸਤਰੀ, ਦੇਵ ਪਤਨੀ, ਪੂਜਨੀਕ ਦੇਵ ਇਸਤਰੀ, ਇਸਤਰੀਆਂ ਦੇ ਨਾਲ ਨਾਲ ਲੱਗਣ ਵਾਲੀ ਆਦਰ ਸੂਚਕ ਉਪਾਧੀ । ੨.ਛੰ.੧, ੩੦.੪, ੭੨.੧, ੩੪੧.੩, ੪੮੨.੩

ਦੈ : (ਹਿੰ.) (ਦੈ) ਕ੍ਰਿ. ਵਿ.—ਦੇ ਕੇ, ਸਬੰਧ ਬੋਧਕ ਪ੍ਰਤਯਯ ਦੇ, ਦੇਣਾ । ੧੨੯.੧, ੧੪੪.ਝ.ਛੰ.੪, ੨੦੫.੩, ੩੨੪.੧, ੩੪੭.੧, ੩੪੭,੨, ੩੪੮.੪, ੩੭੦.੧, ੪੩੯.੧, ੫੧੦.੪, ੬੨੮.੪, ੬੬੪.੪

ਦੈਤਯ : (ਸੰ.) (ਦੈਤ੍ਯ) ਸੰਗਿਆ ਪੁ.—ਦੈਂਤ, ਅਸੁਰ, ਦਿਓ, ਹਰਨਾਖਸ਼ ਆਦਿ । ੪੦੭.੧

ਦੇਨਹਾਰੀ : (ਹਿੰ.)(ਦੇਨਹਾਰੀ) ਵਿ.—ਦੇਣ ਵਾਲੀ, ਅਸੀਸ ਦੇਣ ਵਾਲੀ ਇਸਤਰੀ, ਦਾਤੀ । ੩੯੩.੩

ਦੋ : (ਹਿੰ.) (ਦੋ) ਵਿ.—ਇਕ ਤੇ ਇਕ, ਕੁਝ, ਥੋੜ੍ਹਾ । ਕ੍ਰਿ.—ਦੇਵੋਂ, ਦੇਣਾ । ੨੯੫.੨

ਦੋਊ : ਵੇਖੋ ਦੋ । ਦੋਹੇ, ਦੋਵੇਂ, ਦੋਨੋ । ੨੬੨.੩, ੩੦੦.੪, ੪੬੫.੩, ੩੦੬.੪

ਦੋਇ : ਵੇਖੋ ਦੋ । ਸੰਗਿਆ—ਲੋਕ ਪਰਲੋਕ । ੭.ਸ.੧, ੭.ਦੋ.੨, ੭.ਛੰ.੧, ੧੨੨.੪, ੧੮੬.੨, ੨੨੮.੨, ੨੨੯.੧, ੪੬੭.੧—੪੬੭.੩, ੫੭੩.੩

ਦੋਸ਼ : (ਸੰ.) (ਦੋਸ਼) ਸੰਗਿਆ ਪੁ.—ਅਵਗੁਣ, ਔਗੁਣ, ਬੁਰਾਈ, ਕਸੂਰ, ਅਪਰਾਧ, ਪਾਪ, ਨੁਕਸ, ਸਰੀਰਕ ਵਿਕਾਰ, ਤਰੁੱਟੀ ਆਦਿ । ੫੪੩.੩

ਦੋਸ਼ੀ : (ਸੰ.) (दोषिन्) ਵਿ.—ਜਿਸ ਵਿਚ ਦੋਸ਼ ਜਾਂ ਐਬ ਹੋਵੇ, ਅਪਰਾਧੀ, ਕਸੂਰਵਾਰ, ਪਾਪੀ ਆਦਿ । ੪੯੩.੪, ੫੨੧.੪

ਦੋਖ : ਵੇਖੋ ਦੋਸ਼ । ੧੬੧.੪, ੧੯੮.੪, ੨੧੬.੩, ੨੫੬.੩, ੨੮੭.੨, ੩੨੩.੩, ੩੨੪.੧, ੩੮੮.੪, ੩੯੯.੧, ੪੪੪.੨, ੪੫੮.੧, ੪੭੨.੩, ੪੭੫.੪, ੫੭੭.੪

ਦੋਖਨ : ਵੇਖੋ ਦੋਸ਼ । ਦੋਸ਼ ਦਾ ਬਹੁ ਵਚਨ । ੩੬੪.੪

ਦੋਖੀ : ਵੇਖੋ ਦੋਸ਼ੀ । ੩੦੭.੩, ੩੦੮.੧—੩੦੮.੪, ੩੨੯.੪, ੪੨੬.੪

ਦੋਨੋ : (ਹਿੰ.) (दोनों) ਵਿ.—ਦੋਵੇਂ, ਦੋਹੇਂ । ੫੪੫.੪, ੫੯੬.੩, ੫੯੭.੨

ਦੌਰ : (ਅ.) ਸੰਗਿਆ ਪੁ.—ਚੱਕਰ, ਫੇਰਾ, ਉਨਤੀ ਜਾਂ ਪ੍ਰਸਿੱਧੀ ਦੇ ਦਿਨ, ਵਾਰੀ ਆਦਿ । ੪੦੪.੨

ਦੌਰਯੋ : ਵੇਖੋ ਦੌਰੈ । ਦੌੜੇ, ਦੌੜਨ ਦੀ ਕ੍ਰਿਆ । ੬੧੦.੨

ਦੌਰੈ : (ਹਿੰ.) (दौड़ना) ਅ. ਕ੍ਰਿ.—ਦੌੜਨ ਦੀ ਕ੍ਰਿਆ, ਛੇਤੀ ਛੇਤੀ ਪੈਰ ਚੁਕ ਕੇ ਤੁਰਨਾ, ਭੱਜਣਾ, ਕਾਹਲੀ ਨਾਲ ਚਲੇ, ਜਾਂ ਫੈਲੇ । ੫੩੯.੧

ਧ

ਧਸਾਇ : (ਹਿੰ.) (धँसना) ਅ. ਕ੍ਰਿ.—ਧਸਨ ਦੀ ਕ੍ਰਿਆ ਜਾਂ ਢੰਗ, ਕਿਸੇ ਸਖ਼ਤ ਵਸਤੂ ਦਾ ਨਰਮ ਵਸਤੂ ਅੰਦਰ ਘੁਸਣਾ, ਗੜਨਾ, ਤਲ ਦਾ ਕਿਸੇ ਦਬਾਅ ਅਧੀਨ ਥਲੇ ਹੋ ਜਾਣਾ, ਨਸ਼ਟ ਹੋ ਜਾਣਾ ਆਦਿ । ੬੦੯.੩

ਧਸਾਏ : ਵੇਖੋ ਧਸਾਇ । ੫੩੫.੩

ਧੰਧ : (ਸੰ.) (द्वन्द्व) ਸੰਗਿਆ—ਕੰਮਕਾਜ, ਪੇਸ਼ਾ, ਰੋਜ਼ਗਾਰ । ੨੩੪.੪, ੪੯੫.੪

ਧਨ : (ਸੰ.) (धन) ਸੰਗਿਆ ਪੁ.—ਰੁਪਿਆ, ਪੈਸਾ, ਸੋਨਾ ਚਾਂਦੀ, ਦੌਲਤ, ਸੰਪਤੀ, ਅਜਿਹੀ ਮੁੱਲਵਾਨ ਸਮਗਰੀ ਜੋ ਕਿਸੇ ਕੋਲੋਂ ਖਰੀਦੀ ਜਾਂ ਵੇਚੀ ਜਾ ਸਕਦੀ ਹੋਵੇ ਪੂੰਜੀ ਆਦਿ । ੬੧.੩, ੧੦੦.੪, ੨੩੫.੧, ੨੪੪.੩, ੨੯੨.੩, ੩੩੪.੨, ੩੮੭.੨, ੪੮੧.੨, ੪੮੧.੪, ੪੮੩.੧, ੪੯੦.੪, ੫੧੩.੪, ੫੨੨.੪, ੫੩੯.੪, ੫੪੧.੪, ੫੮੪.੪, ੬੪੧.੪, ੬੪੬.੪

ਧੰਨ : ਵੇਖੋ ਧਨ । ੬੫੨.੧

ਧਨਯ : (ਸੰ.) (धन्य) ਵਿ.—ਪ੍ਰਸੰਸਾ ਜਾਂ ਵਡਿਆਈ ਦੇ ਯੋਗ, ਸ਼ਲਾਘਾ, ਕ੍ਰਿਤਾਰਥ, ਭਗਵਾਨ, ਪੁੰਨਵਾਨ, ਅਵਯਯ—ਸਾਧੂਵਾਦ ਲਈ ਵਰਤਿਆ ਗਿਆ ਸ਼ਬਦ । ੧੪.੪, ੧੧੯.੪, ੧੪੯.੧, ੩੪੫.੪, ੪੬੮.੨

ਧਨੁ : ਵੇਖੋ ਧਨਯ । ਧਨ ਦੌਲਤ । ੬੦੨.੪

ਧਨੁਸ਼ : (ਸੰ.) (धनुष) ਸੰਗਿਆ ਪੁ.—ਬਾਂਸ ਜਾਂ ਲੋਹੇ ਦੀ ਸੋਟੀ ਨੂੰ ਲਚਕਦਾਰ ਬਣਾ ਕੇ ਦੋਨਾਂ ਸਿਰਿਆਂ ਤੋਂ ਡੋਰੀ ਨਾਲ ਬੰਨ ਕੇ ਬਣਾਇਆ ਗਿਆ ਇਕ ਪ੍ਰਕਾਰ ਦਾ ਸ਼ਸਤਰ ਜਿਸ ਰਾਂਹੀ ਤੀਰ ਚਲਾਏ ਜਾਂਦੇ ਹਨ, ਤੀਰਕਮਾਨ । ੩੯੧.੧

ਧਨੁਸ਼ਧਾਰੀ : (ਸੰ.) (धनुर्धर) ਸੰਗਿਆ ਪੁ.—ਧਨੁਸ਼ ਧਾਰਣ ਕਰਨ ਵਾਲਾ ਮਨੁੱਖ ਤੀਰ ਅੰਦਾਜ, ਧਨੁਸ਼ ਚਲਾਉਣ ਵਾਲਾ ਨਿਪੁੰਨ ਵਿਅਕਤੀ । ੪੫੫.੩

ਧਨੁਖ : ਵੇਖੋ ਧਨੁਸ਼ । ੬੧੦.੧, ੬੩੦.੧

ਧਯਾਨ : (ਸੰ.) (ध्यान) ਸੰਗਿਆ—ਕਿਸੇ ਦੇ ਸਰੂਪ ਨੂੰ ਮਨ ਵਿਚ ਧਾਰ ਕੇ ਉਸ ਦੇ ਚਿੰਤਨ ਕਰਨ ਦੀ ਕ੍ਰਿਆ, ਲਿਵ, ਲੀਨਤਾ । ੫.ਛੰ.੩, ੯.੨, ੧੨.੧, ੧੨.੪, ੧੩.੨, ੧੯.੧, ੧੯.੪, ੨੧.੧, ੨੨.੧, ੩੦.੩; ੩੪.੨, ੪੨.੨; ੪੩.੩, ੪੫.੧, ੪੫.੩, ੫੦.੨, ੫੦.੪, ੫੫.੩, ੬੦.੩, ੭੩.੨, ੭੯.੪, ੮੨.੧, ੮੬.੨, ੯੦.੩, ੯੭.੧, ੯੭.੨, ੯੯.੨, ੧੦੨.੧, ੧੦੪.੧, ੧੦੬.੨, ੧੦੭.੨, ੧੧੫.੧, ੧੩੧.੩, ੧੩੩.੧, ੧੩੫.੧, ੧੩੮.੧, ੧੩੮.੨, ੧੪੨.੧, ੧੪੩.੩, ੧੪੫.ਝ.ਛੰ.੪, ੧੪੬.੧, ੧੪੮.੧, ੧੫੧ ੨, ੧੫੧.੩, ੧੫੧.੪, ੧੭੫.੧, ੧੯੨.੨, ੧੯੬.੪, ੨੦੩.੧, ੨੧੧.੨, ੨੧੧.੪, ੨੧੩.੪; ੨੧੪.੧, ੨੧੪.੪, ੨੧੫.੨, ੨੧੮.੩, ੨੨੬.੪, ੨੨੭.੨, ੨੪੦.੨, ੨੪੩.੩, ੨੪੭.੪, ੨੪੮.੪, ੨੫੨.੧, ੨੫੫.੩, ੨੬੦.੧, ੨੬੩.੨, ੨੬੮.੧, ੨੬੯.੧, ੨੭੧.੪, ੨੭੮.੧, ੨੭੯.੧, ੨੮੫,੨, ੩੦੦.੨, ੩੦੧.੪, ੩੦੫.੪, ੩੦੯.੨, ੩੧੨.੪; ੩੧੯.੧, ੩੨੦.੪, ੩੨੧.੩, ੩੨੨.੧, ੩੨੨.੨, ੩੨੨.੪, ੩੨੮.੧; ੩੩੬.੩, ੩੪੧.੩, ੩੪੩.੧, ੩੫੪ ੪, ੩੫੮.੧, ੩੫੪.੪, ੩੬੭.੧, ੩੭੬.੪, ੩੯੫.੪, ੩੯੬.੨, ੪੦੧.ਸ.ਛੰ.੪, ੪੧੨.੪, ੪੧੫.੪, ੪੩੧.੪, ੪੩੨.੧, ੪੩੩.੨, ੪੬੦.੩, ੪੬੬.੧, ੪੭੪.੪, ੪੮੨.੪, ੪੮੬.੧, ੪੯੦.੪, ੪੯੦.੪, ੪੯੧.੪, ੪੯੨.੧, ੪੯੬.੪, ੫੦੮.੪, ੫੧੦.੪, ੫੧੯.੪, ੫੨੨.੨, ੫੨੬.੪, ੫੩੧.੪, ੫੩੪.੪; ੫੪੧.੪, ੫੪੨.੪, ੫੫੧.੪, ੫੬੦.੩, ੫੯੯.੩, ੬੦੮.੪, ੬੧੩.੩, ੬੪੧.੩, ੬੫੬.੧, ੬੬੬.੧, ੬੬੬.੪, ੬੭੦.੧

ਧਯਾਨਨ : ਵੇਖੋ ਧਯਾਨ । ਧਿਆਨ ਵਿਚ । ੩੭੬.੪

ਧਯਾਨਿਐ : ਵੇਖੋ ਧਿਆਨੀ । ੧੩੭.੨, ੧੯੭.੩

ਧਯਾਨੀ : (ਸੰ.) (ध्यानिन) ਵਿ.—ਧਿਆਨ ਕਰਨ ਵਾਲਾ, ਚਿੰਤਕ, ਸਾਧਕ । ੪੮.੩, ੨੩੬.੩, ੨੩੯.੪, ੩੨੭.੧; ੩੨੮.੧

ਧਯਾਵਹਿੰ : (ਸੰ.) (ਧ੍ਯੈ) ਸ. ਕ੍ਰਿ.—ਧਿਆਣਾ, ਧਿਆਵਣਾ, ਧਿਆਉਣਾ, ਚਿੰਤਨ ਕਰਨਾ, ਧਿਆ ਕੇ ਆਦਿ । ੨.ਛੰ.੧

ਧਯਾਵਈ : ਵੇਖੋ ਧਯਾਵਹਿੰ । ਧਿਆਂਦੇ ਹਨ । ੧੫੪.੪

ਧਰ : (ਸੰ.) (ਧਰ) ਵਿ.—ਧਾਰਣ ਕਰਨ ਵਾਲਾ, ਗ੍ਰਹਿਣ ਕਰਨ ਵਾਲਾ, ਉਪਰ ਲੈਣ ਵਾਲਾ । ਸੰਗਿਆ ਪੁ.—ਪਰਬਤ, ਪਹਾੜ, ਇ.—ਧਰਨ ਜਾਂ ਧੜਕਨ ਦੀ ਕ੍ਰਿਆ । ੧੦੨.੧, ੧੯੮.੩, ੨੦੧.੪, ੨੦੨.੪, ੩੪੧.੨, ੫੪੮.੨, ੫੫੪.੩

ਧਰਤ : (ਸੰ) (ਧਰਿਤ੍ਰੀ) ਸੰਗਿਆ—ਪ੍ਰਿਥਵੀ, ਭੂਮੀ, ਭੂੰ ਮੰਡਲ, ਵੇਖੋ ਧਰਨ । ੩੮੩.੨, ੩੮੮.੨, ੪੮੯.੨, ੫੩੧.੨, ੫੩੯.੧, ੫੯੯.੩

ਧਰਨ : (ਹਿੰ.) (ਧਰਨ) ਸੰਗਿਆ ਇ.—ਧਰਨ ਦੀ ਕ੍ਰਿਆ, ਭਾਵ ਜਾਂ ਢੰਗ, ਧਾਰਣਾ, ਰਖਣਾ, ਸਥਾਪਿਤ ਕਰਨਾ, ਗ੍ਰਹਿਣ ਕਰਨਾ, ਧਾਰਣ ਕਰਨਾ । ੧੭.੨, ੩੮੧.੧, ੬੨੪.੨, ੬੭੧.੧

ਧਰਨਿ : (ਸੰ.) (ਧਰਣਿ) ਸੰਗਿਆ—ਪ੍ਰਿਥਵੀ, ਭੂਮੀ, ਜ਼ਮੀਨ । ਵੇਖੋ ਧਰਨ । ੧੧੦.੧, ੩੮੧.੧, ੫੫੫.੧

ਧਰਨੀਧਰ : (ਸੰ.) (ਧਰਣਿਧਰ) ਸੰਗਿਆ ਪੁ.—ਪ੍ਰਿਥਵੀ ਨੂੰ ਧਾਰਨ ਕਰਨ ਵਾਲਾ, ਸ਼ਿਵ, ਵਿਸ਼ਨੂੰ, ਪਰਬਤ, ਸ਼ੇਸ਼ ਨਾਗ । ੬੭੧.੧

ਧਰਮ : (ਸੰ.) (ਧਰਮ) ਸੰਗਿਆ ਪੁ.—ਪ੍ਰਕ੍ਰਿਤੀ, ਸੁਭਾਉ, ਕਿਸੇ ਪ੍ਰਮਾਣਿਤ ਮਾਨਤਾ ਗ੍ਰੰਥ, ਆਚਰਯ ਜਾਂ ਰਿਸ਼ੀ ਦੁਆਰਾ ਨਿਰਦੇਸ਼ਤ ਕਰਮ ਜੋ ਪਰਾਲੋਕਿਕ ਸੁੱਖ ਦੀ ਪ੍ਰਾਪਤੀ ਹੇਤੂ ਹੋਵੇ, ਮਜ਼ਹਬ, ਦੀਨ, ਪੰਥ, ਮਤ ਆਦਿ । ੪੬.੨, ੧੬੦.੩, ੧੭੭.੨, ੨੪੬.੧, ੨੮੭.੧, ੩੦੪.੩, ੩੪੦.੧, ੩੭੦.੩, ੩੭੫.੪, ੩੭੬.੪, ੩੮੨.੨, ੩੯੮.੪, ੪੦੫.੪, ੪੧੬.੪, ੪੧੮.੨, ੪੨੨.ਸ.੩, ੪੪੭.੨, ੫੫੩.੩, ੬੦੪.੪, ੬੨੩.੪, ੬੫੧.੪, ੬੫੨.੪, ੬੫੬.੩

ਧਰਮਸਾਲ : ਵੇਖੋ ਧਰਮਸ਼ਾਲਾ । ੫੫੯.੪

ਧਰਮਸ਼ਾਲਾ : (ਸੰ.) (ਧਰਮਸ਼ਾਲਾ) ਸੰਗਿਆ—ਧਰਮ ਜਾਂ ਘਰ ਦਾ ਸਥਾਨ, ਧਰਮ ਕਰਮ ਦੀ ਥਾਂ, ਗੁਰੂ ਧਾਮ, ਧਰਮ ਸਥਾਨ, ਸਰਾਇ ਜੋ ਯਾਤਰੂਆਂ ਦੇ ਠਹਿਰਣ ਲਈ ਹੁੰਦੀ ਹੈ । ੩੩੪.੨, ੩੪੦.੧

ਧਰਮਰਾਇ : (ਸੰ.) (ਧਰਮਰਾਜ) ਸੰਗਿਆ—ਧਰਮਰਾਜ, ਯੁਧਿਸ਼ਟਰ, ਧਰਮ ਦਾ ਪਾਲਣ ਕਰਨ ਵਾਲਾ, ਧਰਮਰਾਜ । ੬੪੩.੩

ਧਰਮਾਤਮਾ : (ਸੰ.) (ਧਰਮਾਤਮਾ) ਵਿ.—ਧਰਮ ਕਰਨ ਵਾਲਾ, ਧਾਰਮਿਕ, ਧਰਮਸ਼ੀਲ, ਧਰਮੀ, ਧਰਮਨਿਸ਼ਠ । ੬੪੩.੩

ਧਰਮਦਿ : (ਧਰਮ + ਆਦਿ) ਧਰਮ ਆਦਿ (ਧਰਮ, ਅਰਥ, ਕਾਮ, ਮੋਖ) ਵੇਖੋ ਧਰਮ ੧੪੪.੩.ਛੰ੧

ਧਰਮਾਰਥ : (ਸੰ.) (ਧਰਮਾਥੰ) ਕ੍ਰਿ. ਵਿ.—ਧਰਮ ਅਥਵਾ ਪੁੰਨ ਦੇ ਵਿਚਾਰ ਤੋਂ, ਪਰਉਪਕਾਰ ਲਈ। ੧੨੬.੩

ਧਰਿ : ਵੇਖੋ ਧਰਮ। ਧਰਣਾ, ਧਰਕੇ। ੬੧੦.੧, ੬੩੮.੨, ੬੫੦.੨

ਧਰੇ : ਵੇਖੋ ਧਰਨ। ਧਰਣਾ। ੫੨੨.੨, ੬੪੧.੨

ਧਰੈ : ਵੇਖੋ ਧਰੇ। ਧਰਣਾ, ਰਖਣਾ ਆਦਿ। ੪੬੭.੧, ੫੩੩.੪, ੫੬੦.੩, ੬੭੨.੩

ਧਰੋਂ : ਵੇਖੋ ਧਰਨ, ਧਰਾਕੇ, ਧਾਰਣ ਕਰਕੇ, ਰਖ ਕੇ ਆਦਿ। ੫੭੧.੪

ਧਾਇ : (ਸੰ.) (ਧਾਵਨ) ਸੰਗਿਆ ਪੁ.—ਬਹੁਤ ਜਲਦੀ ਦੌੜ ਕੇ ਜਾਣਾ, ਵੇਗ ਨਾਲ ਚਲਣਾ ਦੌੜਨਾ, ਭਜਣਾ, ਦੂਤ, (ਹਿੰ.) ਦਾਈ, ਬੱਚੇ ਦਾ ਪਾਲਣ ਪੋਸ਼ਣ ਕਰਨ ਵਾਲੀ ਇਸਤ੍ਰੀ। ੨੨੧.੩, ੩੩੫.੪, ੪੦੪.੩, ੪੬੨.੨, ੫੭੬.੩, ੫੯੪.੨, ੬੦੬.੩, ੬੬੭.੩

ਧਾਇਓ : ਵੇਖੋ ਧਾਇ। ੨.ਸ.੨

ਧਾਇਕੈ : ਵੇਖੋ ਧਾਇ। ਦੌੜਕੇ, ਜਲਦੀ ਨਾਲ। ੩੪੬.੪, ੪੩੮.੨

ਧਾਈਐ : ਵੇਖੋ ਧਾਇ। ਦੌੜੀਐ। ੨੨੨.੨, ੪੭੨.੪, ੫੪੧.੨

ਧਾਏ : ਵੇਖੋ ਧਾਇ। ੩੩੫.੪

ਧਾਤ : ਵੇਖੋ ਧਾਤੁ। ੩੨.੨, ੮੫.੩, ੯੩.੩, ੯੪.੪, ੩੭੬.੨ ੬੦੩.੨

ਧਾਤੁ : (ਸੰ) (ਧਾਤੁ) ਸੰਗਿਆ ਪੁ.—ਅਜਿਹਾ ਪਾਰਦਰਸ਼ਕ ਚਮਕੀਲਾ ਖਣਿਜ, ਦ੍ਰਵ ਜਿਸ ਦੁਆਰਾ ਬਰਤਨ, ਤਾਰ, ਗਹਿਣੇ, ਸ਼ਸਤਰ ਆਦਿ ਬਣਾਏ ਜਾਂਦੇ ਹਨ। ਖਣਿਜ ਪਦਾਰਥ, ਸੰਗਿਆ—ਕਰਤਾਰ ਜੋ ਸਭ ਨੂੰ ਧਾਰਣ ਕਰਦਾ, ਪੰਜ ਤੱਤ, ਆਦਿ। ੧੩੩.੩, ੧੬੬.੧, ੧੬੬.੨, ੧੬੬.੩, ੨੭੭.੩, ੩੬੪.੨, ੪੮੯.੨, ੫੩੮.੧

ਧਾਨ : (ਸੰ) (ਧਾਜ) ਸੰਗਿਆ ਪੁ.—ਚੌਉਲਾਂ ਦਾ ਬੂਟਾ, ਸ਼ਲਿ, ਛਿਲਕੇ ਸਮੇਤ ਦਾਣਾ, ਕਣ, ਅੰਨ ਆਦਿ। ੧੬੩.੨, ੨੩੭.੧, ੪੧੬.੧, ੫੧੧.੧, ੫੩੭.੨, ੫੩੮.੩, ੫੯੮.੧

ਧਾਨਹਿ : ਵੇਖੋ ਧਾਨਾ। ੩੫੭.੩

ਧਾਮ : (ਸੰ.) (ਧਾਜ) ਸੰਗਿਆ ਪੁ.—ਇਕ ਪ੍ਰਕਾਰ ਦਾ ਦੇਵਤਾ ਵਿਸ਼ਨੂੰ, ਘਰ, ਮਕਾਨ, ਦੇਹ, ਸ਼ਰੀਰ, ਦੇਵਸਥਾਨ, ਸਵਰਗ, ਪਰਲੋਕ ਆਦਿ। ੨੫.੪, ੩੬.੪, ੭੨.੩, ੧੦੦.੪, ੧੦੬.੩, ੧੨੦.੧, ੧੨੫.੪, ੧੩੯.੪, ੧੭੮.੩, ੧੭੯.੩, ੧੮੩.੨, ੧੯੦.੨, ੨੫੯.੧, ੨੬੬.੪, ੨੯੦.੪, ੩੫੭.੪, ੪੦੨.੨, ੪੮੧.੨, ੪੮੧.੪ ੪੮੩.੧, ੬੨੯.੪, ੬੪੨.੧

ਧਾਯ : ਵੇਖੋ ਧਾਇ। ੪੦੪.੩, ੪੬੪.੨, ੪੭੩.੩, ੪੯੪.੧, ੫੫੪.੩

ਧਾਯੋ : ਵੇਖੋ ਧਾਇ। ੨੫੭.੪

ਧਾਰ : (ਸੰ.) (धार) ਸੰਗਿਆ ਪੁ.—ਜ਼ੋਰ ਦੀ ਵਰਖਾ ਦਾ ਪੈਣਾ, ਉਧਾਰ, ਕਰਜ਼, ਪ੍ਰਾਂਤ, ਵਿ.—ਗਹਿਰਾ, ਡੂੰਘਾ, ਗੰਭੀਰ। (ਹਿੰ.) ਪ੍ਰਵਾਹ, ਪਾਣੀ ਦਾ ਵਹਿਣਾ, ਚਸ਼ਮਾ, ਕਿਨਾਰਾ, ਸੈਨਾ, ਫੌਜ, ਹਮਲਾ, ਸਮੂਹ, ਰੇਖਾ, ਲਕੀਰ, ਦਿਸ਼ਾ ਆਦਿ। ੧੦.੪, ੧੧.੪, ੨੮.੩, ੩੫.੧, ੪੮.੩, ੫੯.੪, ੭੭.੩, ੧੨੧.੧, ੧੨੮.੪, ੧੬੩.੩, ੧੬੪.੨, ੧੬੫.੧, ੧੭੨.੨, ੨੪੦.੨, ੨੪੮.੨, ੨੫੨.੧, ੨੮੩.੨; ੨੮੩.੪, ੨੮੫.੪, ੨੯੧.੩, ੩੪੭.੪, ੩੫੩.੩, ੩੬੭.੧, ੪੫੯.੨, ੪੬੯.੨, ੪੭੩.੩, ੬੧੫.੩

ਧਾਰਨ : (ਸੰ.) (धारण) ਸੰਗਿਆ ਪੁ.—ਲੜਨਾ, ਰਖਣਾ, ਆਪਣੇ ਉਪਰ ਲੈਣਾ, ਪਹਿਰਾਵਾ ਪਾਉਣਾ, ਸੇਵਨ ਕਰਨਾ, ਖਾਣਾ ਜਾਂ ਪੀਣਾ ਅੰਗੀਕਾਰ ਕਰਨ, ਆਦਿ। ੩੦.੩

ਧਾਰਨੀਕ : (ਸੰ.) (धारणीय) ਵਿ.—ਧਾਰਣ ਕਰਨ ਯੋਗ, ਅਜਿਹੀ ਸ਼ਕਤੀ ਜਿਸ ਨਾਲ ਮਨ ਵਿਚ ਕੋਈ ਗੱਲ ਧਾਰਨ ਕੀਤੀ ਜਾਂਦੀ ਹੈ। ਜਿਸ ਨੂੰ ਧਾਰਨ ਕੀਤਾ ਜਾਵੇ। ੧੫੬.੨

ਧਾਰਯੋ : ਵੇਖੋ ਧਾਰਨ। ਧਾਰਣ ਕਰਨ ਦਾ ਭਾਵ। ੩੭੯.੧

ਧਾਰਾ : (ਸੰ.) (धारा) ਸੰਗਿਆ ਇ.—ਪਾਣੀ ਦਾ ਵਹਾਉ, ਘੋੜੇ ਦੀ ਚਾਲ ਅਖੰਡ ਪ੍ਰਵਾਹ, ਧਾਰ, ਚਸ਼ਮਾ, ਬਹੁਤ ਜ਼ਿਆਦਾ ਮੀਂਹ, ਆਦਿ। ੨੫੫.੨, ੫੩੮.੩

ਧਾਰਿ : ਵੇਖੋ ਧਾਰ। ਧਾਰਕੇ। ੨੬੧.੨, ੩੦੮.੩; ੪੩੪.੪, ੪੬੭.੨, ੫੨੭.ਸ.੨, ੫੭੧.੪, ੫੭੬.੨, ੬੩੫.੪, ੬੩੬.੩, ੬੬੬.੧

ਧਾਰੀ : (ਸੰ.) (धारी) ਵਿ.—ਧਾਰਣ ਕਰਨ ਵਾਲਾ, (धारिणी) ਇ.—ਸੈਨਾ; ਫੌਜ, ਸਮੂਹ, ਝੁੰਡ; ਰੇਖਾ, ਲਕੀਰ ਆਦਿ। ੫੪.੩, ੨੪੦.੩, ੨੬੧.੧, ੩੩੪.੪, ੪੫੮.੧. ੫੫੫.੧, ੬੧੧.੪, ੬੨੪.੨

ਧਾਰੀਅਤ : ਵੇਖੋ ਧਾਰੀ। ਧਾਰਨ ਕੀਤਾ ਹੋਇਆ। ੬੨੬.੩

ਧਾਰੇ : ਵੇਖੋ ਧਾਰਨ। ਧਾਰਨ ਕੀਤੇ। ੨੧੮.੩

ਧਾਰੈ : ਵੇਖੋ ਧਾਰੇ। ੧੬੧.੩, ੪੩੯.੧

ਧਾਵਈ : (ਸੰ.) (धाव्) ਸੰਗਿਆ ਇ.—ਦੌੜਨਾ, ਅਗੇ ਭੱਜਣਾ, ਕਿਸੇ ਵਲ ਦੌੜਨਾ, ਮੁਕਾਬਲੇ ਵਿਚ ਅਗੇ ਵਧਣਾ, ਧੋਣਾ, ਸਾਫ਼ ਕਰਨਾ, ਪਵਿਤ੍ਰ ਕਰਨਾ, ਨਿਰਮਲ ਕਰਨਾ, ਉਜਵਲ ਕਰਨਾ ਆਦਿ ੧੫.੪, ੨੦.੩, ੧੦੫.੧, ੧੪੮.੪, ੨੧੮.੧, ੨੩੫.੪, ੨੭੪.੩, ੩੧੩.੧

ਧਾਵਹੀ : ਵੇਖੋ ਧਾਵਈ। ੩੨੪.੨

ਧਾਵਤ : ਵੇਖੋ ਧਾਵਈ। ਜਲਦੀ ਚਲਣ ਦੀ ਕ੍ਰਿਆ ਜਾਂ ਭਾਵ, ਦੌੜ, ਧਾਵਾ ਆਦਿ। ੬੧.੧, ੭੮.੪, ੮੨.੩, ੨੩੩.੩, ੨੫੯.੧, ੨੮੧.੧, ੨੮੩.੩; ੩੯੧.੪; ੫੪੭.੪, ੬੨੨.੪

ਧਾਵਰੀਨ : (ਸੰ.) (ਧਾਵਿਤ੍) ਸੰਗਿਆ ਇ.—ਦਾਈ, ਦਾਸੀ । ੩੪੬.੪

ਧਾਵੈ : ਵੇਖੋ ਧਾਵਈ । ੨੩੦.੩, ੨੩੫.੧, ੩੪੯.੪, ੩੬੯.੧, ੪੦੬.੧, ੪੬੧.੪, ੫੦੮.੩, ੫੧੧.੨, ੫੭੮.੩, ੬੧੦.੩

ਧਿਆਨ : ਵੇਖੋ ਧਯਾਨ । ੧੪.੨, ੧੮.੨, ੧੮.੪, ੩੪.੨, ੩੬.੨, ੪੩.੧, ੫੫.੩, ੬੩.੧. ੬੪.੨, ੬੫.੨, ੧੧੬.੩, ੧੨੫.੨, ੧੮੩.੧, ੨੬੧.੨

ਧਿਆਨੀ : ਵੇਖੋ ਧਯਾਨੀ । ੧੩੮.੨

ਧਿਆਨੀਐ : ਵੇਖੋ ਧਯਾਨੀ । ੧੩੭.੨, ੧੯੭.੩

ਧਿਕਾਰ : (ਸੰ.) (ਧਿਸ੍ਕਾਰ) ਸੰਗਿਆ ਇ.—ਤਿਰਸਕਾਰ ਜਾਂ ਘ੍ਰਿਣਾ ਵਿਅੰਜਕ ਸ਼ਬਦ. ਲਾਨਤ, ਫਿਟਕਾਰ । ੭੦.੩, ੨੨੩.੩, ੩੫੫.੧ ੩੫੫.੨

ਧਿਕਾਰੇ : ਵੇਖੋ ਧਿਕਾਰ । ਤਿਰਸਕਾਰ ਕਰੇ, ਫਿਟਕਾਰੇ । ੬੬੩.੨

ਧ੍ਰਿਗ : (ਸੰ.) (ਧਿਕ੍) ਸੰਗਿਆ ਇ.—ਲਾਹਣਤ ਪਾਉਣਾ, ਧਿਕਾਰਣਾ, ਘ੍ਰਿਣਾ ਸੂਚਕ ਸ਼ਬਦ । ੧੪.੪, ੩੦੦.੩, ੩੧੭.੪, ੪੨੦.੪, ੪੬੭.੪, ੪੮੩.੪, ੪੯੪.੪, ੬੩੧.੪

ਧੀਰ : (ਸੰ.) (ਧੀਰ) ਵਿ.—ਜਿਸ ਵਿਚ ਧੀਰਜ ਹੋਵੇ, ਦ੍ਰਿੜ ਅਤੇ ਸ਼ਾਂਤ ਚਿਤ ਵਾਲਾ; ਬਲਵਾਨ, ਗੰਭੀਰ, ਸੰਗਿਆ—ਸੰਤੋਖ, ਸਬਰ, ਧੀਰਜ, । ੧੭੭.੨, ੩੭੨.੪, ੩੮੩.੨, ੩੮੮.੨, ੫੩੧.੨, ੫੩੯.੧

ਧੀਰਜ : (ਸੰ.) (ਧੈਰ੍ਯ) ਸੰਗਿਆ ਪੁ.—ਚਿਤ ਦੀ ਸਥਿਰਤਾ, ਉਤਾਵਲਾ ਨਾ ਹੋਣ ਦਾ ਭਾਵ, ਨਿਰਵਿਕਾਰ । ੯.੩, ੨੪੬.੧, ੪੦੨.੧, ੪੦੪.੨, ੫੦੫.੨, ੫੩੩.੪, ੫੭੧.੪, ੬੨੪.੨

ਧੁਜਾ : (ਸੰ.) (ਧ੍ਵਜਾ) ਸੰਗਿਆ ਇ.—ਝੰਡਾ, ਪਤਾਕਾ, ਨਿਸ਼ਾਨ, ਚਿੰਨ੍ਹ । ੨੪੬.੧, ੩੪੦.੧, ੫੦੫.੨

ਧੁਨਿ : (ਸੰ.) (ਧ੍ਵਨਿ) ਸੰਗਿਆ ਪੁ.—ਕੰਬਣ ਦੀ ਕ੍ਰਿਆ ਜਾਂ ਭਾਵ, (ਹਿੰ.) ਸੰਗਿਆ ਇ.—ਕੰਮ ਕਰਨ ਦਾ ਲਗਨ, ਮਨ ਦੀ ਤਰੰਗ; ਮੌਜ, ਗਾਣੇ ਦੀ ਤਰਜ਼, ਸਪੂੰਰਣ ਜਾਤਿ ਦਾ ਇਕ ਭਾਗ, ਅਵਾਜ਼ ਧੁਨੀ ਆਦਿ । ੬.ਛੰ.੧, ੧੩.੪, ੩੬.੩, ੪੫.੨, ੪੭.੪, ੬੩.੨, ੧੧੬.੨, ੧੪੪.ਝ.ਛੰ.੨, ੨੨੨.੩, ੨੨੭.੪, ੨੪੪.੨, ੨੪੬.੪, ੨੪੭.੪, ੨੬੭.੩, ੨੬੮.੨, ੨੬੮.੪, ੨੭੧.੨, ੩੨੫.੨, ੩੪੯.੨, ੪੩੧.੨, ੪੯੪.੩, ੫੦੦.੩, ੫੫੧.੨, ੫੬੭.੨, ੫੭੬.੪, ੬੬੩.੨, ੬੭੦.੨

ਧੁਨੇ : ਵੇਖੋ ਧੁਨ । ੧੭੨.੩

ਧੂਪ : (ਸੰ.) (ਧੂਪ) ਸੰਗਿਆ ਇ.—ਸੁਗੰਧਿਤ, ਖੁਸ਼ਬੂ, ਸੂਰਜ ਦੀਆਂ ਕਿਰਨਾਂ ਦਾ ਵਿਸਤਾਰ, ਸੂਰਜ ਦਾ ਤਾਪ, ਚਮਕਣਾ, ਗਰਮੀ, ਤਾਪ ਆਦਿ । ੧੨੨.੩, ੩੦੩.੩

ਧੂਮ : (ਸੰ.) (ਧੂਮ) ਸੰਗਿਆ ਪੁ.—ਧੂੰਆਂ, ਇਕ ਰਿਸ਼ੀ ਦਾ ਨਾਮ, (ਹਿੰ.) ਸੰਗਿਆ ਇ.—ਬਹੁਤ ਸਾਰੇ ਲੋਕਾਂ ਦਾ ਇਕਠੇ ਹੋ ਕੇ ਪਾਇਆ ਗਿਆ ਸ਼ੋਰ, ਹਲਚਲ, ਉਧਮ, ਪ੍ਰਸਿਧੀ, ਸ਼ੋਹਰਤ ਆਦਿ । ੬੬੮.੨

ਧੂਮ੍ਰ : (ਸੰ.) (ਧੂਮ੍ਰ) ਵਿ.—ਧੂੰਏ ਦਾ ਰੰਗ, ਸੰਗਿਆ ਪੁ.—ਲਾਲੀਪਨ ਵਾਲਾ ਕਾਲਾ ਰੰਗ, ਸ਼ਿਲਾਰਸ ਨਾਮਕ ਦ੍ਰਵ੍ਯ, ਇਕ ਅਸੁਰ ਦਾ ਨਾਮ ਆਦਿ । ੪੭੩.੨

ਧੂਰਿ : (ਹਿੰ.) (ਧੂਲ) ਸੰਗਿਆ ਇ.—ਮਿਟੀ, ਬਾਲੂ ਆਦਿ ਦਾ ਮਹੀਨ ਚੂਰਾ, ਗਰਦ, ਧੂਲ, ਸਧਾਰਣ ਜਾਂ ਤੁੱਛ ਵਸਤੂ । ੨੭੩.੧

ਧੇਨੁ : ਵੇਖੋ ਧਰਨ । ਧਾਰਣ ਕਰਨਾ, ਧਾਰਨ ਕਰਕੇ । ੧੩੫.੨

ਧੋਇ : (ਹਿੰ.) (ਧੋਵਨ) ਸੰਗਿਆ ਪੁ.—ਧੋਣ ਦੀ ਕ੍ਰਿਆ ਜਾਂ ਭਾਵ, ਧੋਵਣਾ, ਧੋਣਾ, ਪਾਣੀ ਨਾਲ ਸਾਫ਼ ਜਾਂ ਸ਼ੁਧ ਕਰਨਾ । ੩੯੦.੩

ਧੋਏ : ਵੇਖੋ ਧੋਇ । ਧੋ ਕੇ । ੩੯੦.੨, ੫੩੭.੧

ਧੋਹ : (ਸੰ.) (ਦ੍ਰੋਹ) ਸੰਗਿਆ—ਧ੍ਰੋਹ, ਉਪਦ੍ਰਵ, ਧੋਖਾ, ਫਰੇਬ, ਵਿਸ਼ਵਾਸ਼ ਘਾਤ ਆਦਿ । ੧੧੭.੪

ਧੋਵੀਐ : ਵੇਖੋ ਧੋਇ । ਧੋਣ ਦੀ ਕ੍ਰਿਆ, ਧੋਈਐ । ਕਿਵੇਂ ਧੋਈਐ । ੬੪੦.੩

ਧੋਬੀ : (ਹਿੰ.) (ਧੋਬੀ) ਸੰਗਿਆ ਇ.—ਕਪੜੇ ਧੋਣ ਦਾ ਕੰਮ ਕਰਨ ਵਾਲਾ, ਰਜਕ । ੬੧੪.੧

ਧੌਂ : (ਹਿੰ.) (ਧੌਂ)—ਅਜਿਹੇ ਪ੍ਰਸ਼ਨਾ ਤੋਂ ਪਹਿਲਾਂ ਆਉਂਦਾ ਜਿਸ ਵਿਚ ਜਿਗਿਆਸਾ ਭਾਵ ਘੱਟ ਤੇ ਸੰਦੇਹ ਦਾ ਭਾਵ ਜ਼ਿਆਦਾ ਹੋਵੇ, ਪਤਾ ਨਹੀਂ, ਨਾ ਜਾਣੇ, ਮਾਲੂਮ ਨਹੀਂ ਆਦਿ । ੨੭੦.੧, ੪੬੦.੧, ੫੯੫.੪

ਨ

ਨ : (ਸੰ.) (ਨ)—ਨਿਖੇਧ ਸੂਚਕ ਸ਼ਬਦ, ਨਕਾਰਤਮਕ ਸ਼ਬਦ, ਨਹੀਂ, ਹਿੰਦੀ ਜਾਂ ਸੰਸਕ੍ਰਿਤੀ ਵਰਣ ਮਾਲਾ ਦਾ ਵੀਹਵਾਂ ਅੱਖਰ, ਗੁਰਮੁਖੀ ਲਿਪੀ ਦਾ ਅੱਖਰ । ੧.ਛੰ.੧, ੬.ਸੋ.੨, ੬.ਦੋ.੨, ੯.੧, ੯.੨, ੯.੩, ੧੦.੧, ੧੦.੪, ੧੨.੨, ੧੨.੩, ੧੪.੧, ੧੪.੨, ੧੪.੩, ੧੪.੪, ੧੫.੧, ੧੫.੪, ੧੯.੨, ੧੯.੩, ੨੦.੩, ੨੧.੧, ੨੧.੨, ੨੧.੩, ੨੧.੪, ੨੩.੧, ੨੩.੨, ੨੩.੩, ੩੦.੧, ੩੦.੨, ੩੦.੩, ੩੦.੪, ੩੨.੧, ੩੨.੩, ੪੧.੧, ੪੧.੨, ੪੧.੩, ੫੨.੨, ੬੦.੨, ੬੫.੩, ੭੩.੨, ੭੩.੩, ੭੯.੨, ੭੯.੩, ੮੦.੨, ੮੪.੧, ੮੫.੪, ੮੬.੩, ੮੬.੪, ੯੨.੨, ੯੩.੨, ੯੩.੩, ੯੫.੧, ੯੫.੪,

੯੮.੩, ੧੦੦.੧, ੧੦੦.੩, ੧੦੦.੪, ੧੦੧.੧—੧੦੧.੪, ੧੦੨.੧, ੧੦੨.੨, ੧੦੨.੩, ੧੦੪.੪, ੧੦੫.੧, ੧੦੫.੩; ੧੦੭.੧—੧੦੭.੪, ੧੦੯.੧, ੧੧੦.੩, ੧੧੭.੧, ੧੧੭.੨, ੧੧੭.੩, ੧੨੧.੨, ੧੨੧.੪, ੧੩੦.੧—੧੩੦.੪, ੧੩੧.੪; ੧੩੨.੨, ੧੩੪.੧, ੧੩੬.੧, ੧੩੬.੪, ੧੪੦.੨, ੧੪੦.੩, ੧੪੨.੮, ੧੪੨.੪, ੧੪੩.੨, ੧੪੩.੩, ੧੪੮.੧, ੧੪੮.੩, ੧੪੮.੪, ੧੭੩.੪, ੧੭੪.੧, ੧੬੨.੧, ੧੬੩.੪, ੧੭੦.੧—੧੭੦.੩, ੧੭੨.੪, ੧੭੩.੩, ੧੭੬.੪, ੧੭੮.੩, ੧੭੯.੩, ੧੮੦.੨, ੧੮੩.੨—੧੮੩.੪, ੧੮੫.੧—੧੮੫.੪, ੧੮੬.੩, ੧੮੭.੧, ੧੮੭.੩, ੧੮੮.੨—੧੮੮.੪, ੧੯੧.੪, ੧੯੨.੧, ੧੯੫.੨, ੧੯੫.੩, ੧੯੭.੧—੧੯੭.੪, ੧੯੮.੧, ੧੯੮.੩, ੧੯੯.੧, ੧੯੯.੨, ੨੦੦.੩, ੨੦੫.੧—੨੦੫.੩, ੨੦੬.੧—੨੦੬.੩, ੨੦੭.੩, ੨੧੫.੨, ੨੧੫.੩, ੨੧੫.੪, ੨੧੬.੪, ੨੧੮.੧, ੨੧੯.੨, ੨੧੯.੪, ੨੨੧.੪, ੨੨੨.੨, ੨੨੨.੩, ੨੨੪.੧, ੨੨੪.੩, ੨੩੦.੪, ੨੩੨.੩, ੨੩੩.੨, ੨੩੪.੧—੨੩੪.੩, ੨੩੫.੧—੨੩੫.੩, ੨੩੬.੧, ੨੩੬.੨, ੨੩੭.੧—੨੩੭.੩, ੨੩੮.੩, ੨੩੯.੧, ੨੩੯.੨, ੨੪੦.੪, ੨੫੩.੩, ੨੫੪.੨, ੨੫੬.੧, ੨੫੭.੪, ੨੫੮.੧, ੨੫੮.੨, ੨੬੩.੨, ੨੬੩.੩, ੨੬੪.੩, ੨੬੯.੨—੨੬੯.੪; ੨੭੧.੨, ੨੭੩.੪, ੨੭੪.੧; ੨੮੫.੨, ੨੮੫.੩, ੨੮੮.੧, ੨੮੯.੧—੨੮੯.੩, ੨੯੨.੪, ੨੯੬.੧, ੨੯੮.੧, ੨੯੯.੪, ੩੦੦.੨, ੩੦੪.੧—੩੦੪.੩, ੩੦੫.੧, ੩੦੬.੨, ੩੦੭.੪, ੩੦੮.੨, ੩੦੮.੪, ੩੧੩.੨, ੩੧੩.੩, ੩੧੬.੨, ੩੧੬.੪, ੩੧੭.੧, ੩੧੭.੩, ੩੧੮.੩, ੩੧੮.੪, ੩੧੯.੨—੩੧੯.੪, ੩੨੦.੧—੩੨੦.੩, ੩੨੧.੨; ੩੨੧.੩; ੩੨੩.੧—੩੨੩.੪, ੩੨੪.੩, ੩੨੪.੪, ੩੨੬.੨, ੩੨੯.੧, ੩੨੯.੩, ੩੩੦.੧, ੩੩੧.੧, ੩੩੨.੨, ੩੩੨.੩, ੩੩੨.੪, ੩੩੩.੧, ੩੩੩.੨, ੩੩੪.੨, ੩੩੬.੨, ੩੩੬.੩, ੩੪੦.੪, ੩੪੧.੧, ੩੪੨.੧, ੩੪੨.੩, ੩੪੬.੪, ੩੪੮.੨, ੩੪੮.੪, ੩੪੯.੧, ੩੫੦.੪, ੩੫੧.੧, ੩੫੧.੨, ੩੫੨.੨, ੩੫੨.੪, ੩੫੩.੩, ੩੫੫.੧, ੩੫੫.੪, ੩੫੬.੨—੩੫੬.੪; ੩੫੮.੧, ੩੫੮.੩, ੩੫੮.੪, ੩੫੯.੪; ੩੬੦.੪, ੩੬੨.੧, ੩੬੨.੨, ੩੬੫.੩, ੩੬੮.੧, ੩੬੮.੨, ੩੬੮.੩, ੩੬੯.੨, ੩੭੩.੨, ੩੭੪.੧—੩੭੪.੩, ੩੭੮.੧, ੩੭੯.੨, ੩੭੯.੪, ੩੮੧.੨, ੩੮੧.੪, ੩੮੩.੧, ੩੮੩.੨, ੩੮੬.੪,

੩੮੮.੨, ੩੮੮.੪, ੩੯੦.੧—੩੯੦.੩, ੩੯੩.੧, ੩੯੭.੪,
੩੯੯.੧, ੩੯੯.੨, ੩੯੯.੪, ੪੦੨.੧, ੪੦੨.੩, ੪੦੩.੪,
੪੦੪.੩, ੪੦੫.੨, ੪੦੬.੩. ੪੦੭.੪, ੪੦੮.੪, ੪੦੯.੧,
੪੦੯.੨, ੪੦੯.੩, ੪੧੧.੧—੪੧੧.੪, ੪੧੨.੨—੪੧੨.੪,
੪੧੫.੧—੪੧੫.੨, ੪੧੬.੪, ੪੧੭.੧—੪੧੭.੩, ੪੧੮.੧,
੪੧੯.੧—੪੧੯.੩, ੪੨੦.੧—੪੨੦.੪, ੪੨੫.੧, ੪੨੮.੧,
੪੨੮.੨, ੪੩੦.੧—੪੩੦.੪, ੪੩੧.੧, ੪੩੧.੨, ੪੩੩.੧,
੪੩੩.੨, ੪੩੫.੪, ੪੩੬.੪, ੪੩੭.੧—੪੩੭.੪, ੪੩੮.੪,
੪੩੯.੧, ੪੩੯.੨, ੪੩੯.੪, ੪੪੧.੧—੪੪੧.੪, ੪੪੨.੩,
੪੪੩.੧, ੪੪੩.੩, ੪੪੩.੪, ੪੪੪.੧—੪੪੪.੪, ੪੪੫.੧,
੪੪੫.੩, ੪੪੫.੪, ੪੪੬.੨, ੪੪੭.੪, ੪੪੮.੨, ੪੪੮.੩,
੪੪੯.੨, ੪੪੯.੩, ੪੫੧.੧, ੪੫੨.੧—੪੫੨.੪, ੪੫੩.੧—
੪੫੩.੪, ੪੫੪.੨, ੪੫੫.੨, ੪੫੫.੩, ੪੫੭.੧—੪੫੭.੩,
੪੬੦.੨, ੪੬੦.੩, ੪੬੧.੨, ੪੬੨.੨, ੪੬੨.੩, ੪੬੩.੨,
੪੬੪.੪, ੪੬੫.੩, ੪੬੫.੪, ੪੬੬.੧, ੪੬੬.੨, ੪੬੬.੪,
੪੬੭.੧, ੪੬੭.੩, ੪੬੯.੩, ੪੭੦.੧, ੪੭੦.੩, ੪੭੦.੪,
੪੭੧.੧—੪੭੧.੪. ੪੭੨.੧—੪੭੨.੪, ੪੭੩.੨, ੪੭੩.੩,
੪੭੩.੪, ੪੭੪.੧—੪੭੪.੪, ੪੭੫.੧, ੪੭੬.੧—੪੭੬.੩,
੪੭੭.੨, ੪੭੮.੧, ੪੭੮.੩. ੪੮੨.੨, ੪੮੨.੩, ੪੮੩.੪,
੪੮੪.੨, ੪੮੪.੯, ੪੯੦.੧, ੪੯੦.੨, ੪੯੧.੨, ੪੯੨.੨—
੪੯੨.੪, ੪੯੫.੧. ੪੯੫.੨, ੪੯੬.੧—੪੯੬.੪, ੪੯੮.੩,
੫੦੧.੪, ੫੦੨.੧—੫੦੨.੩, ੫੦੩.੪, ੫੦੫.੧—੫੦੫.੩,
੫੦੬.੨, ੫੦੭.੧—੫੦੭.੩, ੫੦੮.੧—੫੦੮.੪, ੫੧੦.੨,
੫੧੧ ੩, ੫੧੨.੨, ੫੧੩.੧, ੫੧੩.੨, ੫੧੩.੪, ੫੧੪.੪,
੫੧੬.੨, ੫੧੬.੩, ੫੧੬.੪, ੫੧੮.੩, ੫੧੯.੧, ੫੨੦.੧,
੫੨੧.੪, ੫੨੨.੧—੫੨੨.੪, ੫੨੩.੪, ੫੨੪.੧, ੫੨੫.੧
੫੨੮.ਸ.੧—੫੨੮.ਸ.੩, ੫੨੯.੨, ੫੨੯.੩, ੫੨੯.੪੫੩੦.੧—
੫੩੦.੪, ੫੩੧.੨, ੫੩੧.੩, ੫੩੩.੧—੫੩੩.੪, ੫੩੪.੧,
੫੩੪.੨, ੫੩੬.੧—੫੩੬.੪, ੫੩੭.੨, ੫੩੭.੪, ੫੩੮.੧—
੫੩੮.੩, ੫੩੯.੧, ੫੩੯.੩, ੫੩੯.੪, ੫੪੧.੨, ੫੪੨.੨—
੫੪੨.੪, ੫੪੩.੨, ੫੪੩.੩, ੫੪੫.੪, ੫੪੭.੨, ੫੪੭.੩,
੫੫੦.੪, ੫੫੧.੧—੫੫੧.੩, ੫੫੩.੨, ੫੫੩.੪, ੫੫੬.ਸ.੧,
੫੫੮.੧, ੫੫੮.੨, ੫੬੧.੩, ੫੬੫.੨, ੫੬੫.੩, ੫੬੮.੧,
੫੬੮.੩, ੫੭੦.੪, ੫੭੧.੩, ੫੭੧.੪, ੫੭੨.੪, ੫੭੪.੪,

੫੭੫.੧, ੫੭੫.੪, ੫੭੭.੩, ੫੭੮.੩, ੫੮੧,੨, ੫੮੨.੨, ੫੮੩.੧—੫੮੩.੩, ੫੮੪.੨, ੫੮੫.੧—੫੮੫.੪, ੫੮੭.੧—੫੮੭.੪, ੫੯੦.੨, ੫੯੧.੧—੫੯੧.੪, ੫੯੨.੧, ੫੯੨.੩, ੫੯੩.੧—੫੯੩.੩, ੫੯੪.੧, ੫੯੫.੧, ੫੯੫.੪, ੫੯੮.੧, ੬੦੦.੧, ੬੦੦.੨, ੬੦੦.੪, ੬੦੧.੪, ੬੦੭.੪, ੬੦੮.੧, ੬੦੮.੨, ੬੧੧.੧—੬੧੧.੪, ੬੧੫.੩, ੬੧੫.੪, ੬੧੭.੨, ੬੧੮.੪, ੬੨੦.੪, ੬੨੧.੧—੬੨੧.੩, ੬੨੩.੪, ੬੩੦.੩, ੬੩੦.੪, ੬੩੧.੧, ੬੩੧.੪, ੬੩੩.੧, ੬੩੪.੧, ੬੩੫.੧, ੬੩੫.੨, ੬੩੫.੪, ੬੩੬.੨, ੬੩੮.੪, ੬੩੯.੧—੬੩੯.੩, ੬੪੦.੧, ੬੪੦.੨, ੬੪੦.੪, ੬੪੧.੧—੬੪੧.੪, ੬੪੨.੩, ੬੪੨.੪, ੬੪੬.੩, ੬੪੭.੨, ੬੪੭.੪, ੬੫੧.੧—੬੫੧.੪, ੬੫੩.੧—੬੫੩.੩, ੬੫੪.੪, ੬੫੬.੧, ੬੫੬.੨, ੬੫੭.੩, ੬੫੮.੩, ੬੬੦.੧—੬੬੦.੪, ੬੬੧.੧—੬੬੧.੩, ੬੬੨.੧, ੬੬੨.੨, ੬੬੪.੧, ੬੬੪.੨, ੬੬੭.੧, ੬੬੭.੨, ੬੬੭.੪, ੬੬੮.੧, ੬੭੦.੧—੬੭੦.੩

ਨਈਵੇਦ : (ਸੰ.) (नैवेद्य) ਸੰਗਿਆ ਪੁ.—ਦੇਵਤਾ ਨੂੰ ਨਿਵੇਦਤ ਕੀਤੀ ਗਈ ਭੋਜਨ ਸਮੱਗ੍ਰੀ ਆਦਿ, ਅਰਪਿਤ ਸਮੱਗਰੀ। ੩੫.੩, ੧੯੨.੧, ੨੫੫.੧, ੪੮੨.੩

ਨਏ : (ਹਿ.) (नया) ਵਿ.—ਨਵਾਂ, ਜਿਸ ਦਾ ਸਿਰਜਨ ਜਾਂ ਸੰਗਠਨ ਹੁਣੇ ਹੁਣੇ ਹੋਇਆ ਹੋਵੇ, ਨਵੀਨ, ਨੂਤਨ, ਜੋ ਪਹਿਲਾਂ ਵਰਤੋਂ ਵਿਚ ਨਾ ਹੋਵੇ ਆਦਿ। ੪੨੬.੨, ੫੫੬..ਸ.੨

ਨਸਾਵਤੀ : ਕ੍ਰਿ.—ਨਸਾ ਦੇਣਾ, ਭਜਾ ਦੇਣਾ, ਨੱਠਾ ਦੇਣਾ ਆਦਿ। ੫੭੫.੨

ਨਹੀ : ਵੇਖੋ ਨਹੀਂ। ੧੦੦.੩, ੧੯੬.੧, ੧੯੯.੨, ੩੨੧.੨, ੪੮੨.੩, ੫੪੨.੧, ੫੮੭.੨

ਨਹੀਂ ; (ਹਿੰ.) (नहीं)—ਨਿਖੇਧ ਸੂਚਕ ਸ਼ਬਦ, ਅਸਵਕ੍ਰਿਤੀ, ਅਭਾਵ ਸੂਚਤ ਕਰਨ ਵਾਲਾ ਸ਼ਬਦ। ੧੨.੧, ੨੦.੨, ੭੧.੨, ੧੦੦.੧, ੧੦੦.੨, ੧੦੯.੩, ੧੭੦.੪, ੪੪੩.੪, ੪੫੫.੧, ੪੬੬.੩, ੪੮੯.੩, ੫੦੮.੪, ੫੨੫.੪, ੫੨੭.ਸ.੧

ਨਕਟਾ : (ਹਿੰ.) (नकटा) ਵਿ.—ਉਹ ਜਿਸ ਦੀ ਨੱਕ ਕੱਟ ਗਈ ਹੋਈ, ਨੱਕ ਹੀਨ, ਨੱਕ ਰਹਿਤ, ਵਿਆਹ ਦੇ ਅਵਸਰ ਤੇ ਗਾਉਣ ਵਾਲਾ ਗੀਤ, ਬੇਸ਼ਰਮ, ਨਿਰਲੱਜ ਆਦਿ। ੧੯੧.੩

ਨਖ : (ਸੰ.) (नख) ਸੰਗਿਆ ਪੁ.—ਹੱਥ ਜਾਂ ਪੈਰ ਦਾ ਨੌਂਹ, ਨਾਖੁਨ। ੬੧੫.੪, ੬੭੨.੪

ਨਖਤ੍ਰ : (ਸੰ.) (नक्षत्र) ਸੰਗਿਆ ਪੁ.—ਤਾਰਿਆਂ ਦਾ ਸਮੂਹ ਜੋ ਚੰਦ੍ਰਮਾ ਦੇ ਰਸਤੇ ਵਿਚ ਆਉਂਦਾ ਹੈ, ਆਕਾਸ਼ ਵਿਚ ਚਮਕਣ ਵਾਲਾ ਗ੍ਰਹਿ। ੬੦੩.੩

ਨਖਤਰ : ਵੇਖੋ ਨਖਤ੍ਰ। ੪੪੮.੨

ਨਗ : (ਫ਼ਾ.) ਸੰਗਿਆ ਪੁ.—ਸ਼ੀਸ਼ੇ ਜਾਂ ਪੱਥਰ ਦਾ ਬਣਿਆ ਹੋਇਆ ਰੰਗੀਨ ਲਿਸ਼ਕਦਾ ਰੂਪ ਜੋ ਗਹਿਣਿਆਂ ਦੀ ਸਜਾਵਟ ਲਈ ਵਰਤਿਆ ਜਾਂਦਾ। ਨਗੀਨਾ ਆਦਿ। (ਸੰ.) (नग) ਵਿ.—ਅਚਲ, ਸਥਿਰ। ਪੁ.—ਸੂਰਜ, ਸੱਪ, ਪਰਬਤ, ਪਹਾੜ। ੬੩੨.੨

ਨਗਨ : (ਹਿੰ.) (नग्न) ਵਿ.—ਜਿਸ ਦੇ ਸਰੀਰ ਉਤੇ ਬਸਤਰ ਨਾ ਹੋਣ, ਨੰਗਾ; ਜੋ ਕਿਸੇ ਤਰ੍ਹਾਂ ਵੀ ਢਕਿਆ ਨਾ ਹੋਵੇ, ਆਵਰਣ ਰਹਿਤ। ੪੦੩.੩

ਨਗਰ : (ਸੰ.) (नगर) ਸੰਗਿਆ—ਮਨੁੱਖਾਂ ਦੇ ਰਹਿਣ ਦੀ ਵਿਸ਼ਾਲ ਅਕਾਰ ਦੀ ਬਸਤੀ, ਸ਼ਹਿਰ, ਪੁਰ, ਪੁਰੀ। ੧੧੭.੩, ੨੪੭.੨, ੪੫੪.੧, ੫੨੩.੨, ੫੨੪.੩, ੬੫੯.੨

ਨਗਰੀ : (ਸੰ.) (नगरी) ਸੰਗਿਆ ਇ.—ਛੋਟਾ ਨਗਰ, ਕਸਬਾ, ਟਾਊਨ, ਪੁਰੀ ਆਦਿ। ੪੬.੩, ੨੪੬.੨

ਨਟ . (ਸੰ.) (नट) ਸੰਗਿਆ ਪੁ.—ਦ੍ਰਿਸ਼ ਕਾਵਿ, ਵਿਚ ਅਭਿਨਯ ਕਰਨ ਵਾਲਾ ਇਕ ਪਾਤਰ, ਖੱਤਰੀਆਂ ਦੀ ਇਕ ਜਾਤ, ਗਾਉਣ ਵਜਾਉਣ ਦੇ ਪੇਸ਼ੇ ਰਾਹੀਂ ਆਪਣੀ ਰੋਜ਼ੀ ਕਮਾਉਣ ਵਾਲੀ ਜਾਤ। ੯੯.੪, ੩੪੨.੨, ੫੭੯.੪

ਨੰਦ : (ਸੰ.) (नंद) ਸੰਗਿਆ ਪੁ—ਆਨੰਦ, ਸਚਿਦਾਨੰਦ, ਪਰਮੇਸ਼ਰ, ਪੁਰਾਣ ਅਨੁਸਾਰ ਨੌ ਨਿਧੀਆਂ ਵਿਚੋਂ ਇਕ, ਵਿਸ਼ਨੂੰ, ਇਕ ਰਾਗ ਦਾ ਨਾਮ, ਗਿਆਨ ਆਦਿ। ੬੭੧.੩

ਨਦੀ : (ਸੰ.) (नदी) ਸੰਗਿਆ ਇ.—ਵਗਦਾ ਹੋਇਆ ਪਾਣੀ, ਵਿਸ਼ਾਲ ਜਲ ਪ੍ਰਵਾਹ ਆਦਿ। ੧੧੭.੩, ੩੩੪.੧, ੫੮੩.੩

ਨਨਸਾਰ : (ਹਿੰ.) (ननसार) ਸੰਗਿਆ ਇ.—ਨਾਨੇ ਦਾ ਘਰ, ਨਾਨਕਾ, ਨਨਿਹਾਲ। ੧੦੦.੩

ਨਮ : (ਫ਼ਾ.) ਵਿ.—ਗਿਲਾ, ਤਰ, ਭਿਜਿਆ ਹੋਇਆ। (ਸੰ.) (नम्) ਸੰਗਿਆ ਪੁ.—ਨਮਸਕਾਰ, ਤਿਆਗ, ਅੰਨ ਆਦਿ। ੮.ਛੰ.੪, ੨੨.੪, ੮੦.੧, ੮੧.੧, ੯੧.੩, ੧੪੧.੧, ੧੫੨.੪; ੧੫੩.੩, ੩੫੩.੩

ਨਮਸ : (ਸੰ.) (नमस्) ਸੰਗਿਆ ਪੁ.—ਝੁੱਕਣਾ, ਨਮਨ, ਪ੍ਰਣਾਮ, ਨਮਸਕਾਰ; ਤਿਆਗ ਆਦਿ। ੨੪੯.੪

ਨਮਸਕਾਰ : (ਸੰ.) (नमस्कार) ਸੰਗਿਆ—ਝੁੱਕ ਕੇ ਸਾਦਰ ਪ੍ਰਣਾਮ ਕਰਨਾ, ਅਭਿਵਾਦਨ ਕਰਨਾ, ਪ੍ਰਣਾਮ ਆਦਿ। ੩੮.੪, ੫੧.੪, ੧੪੬.੪, ੧੯੨.੪, ੨੧੭.੪, ੨੩੨.੪, ੨੯੬.੨, ੪੬੯.੩, ੬੦੬.੪, ੬੨੬.੨

ਨਮਹ : ਵੇਖੋ ਨਮਸ । ਨਮਸਕਾਰ । ੧੪੪.ਙ.ਛੰ.੧

ਨਮਤ : (ਸੰ.) (नमत) ਸੰਗਿਆ ਪੁ.—ਸਵਾਮੀ, ਪ੍ਰਭੂ, (ਅ.) ਸੰਗਿਆ—ਦਸਤੂਰ, ਤਰੀਕਾ । ੨੯੮.੨

ਨਮ੍ਰਤਾ : ਵੇਖੋ ਨਿਮ੍ਰਤਾ । ੧੩੦.੨, ੧੩੭.੩, ੩੦੬.੪, ੪੨੮.੪

ਨਮਿਤ : (ਸੰ.) (नमित) ਵਿ.—ਝੁਕਿਆ । ੪੧੫.੨, ੪੧੫.੪

ਨਮ੍ਰੀਭੂਤ : (ਸੰ.) (नम्रीभुत) (नम्री+भुत) ਵਿ.—ਨਿਮਰਤਾ ਦਾ ਧਾਰਣੀ ਮਨੁੱਖ, ਨਿਮਰਤਾ ਵਾਲਾ, ਹਲੀਮ । ੨੯੮.੪

ਨਮੋ : (ਸੰ.) (नमस्) ਅਵਯਯ—ਪ੍ਰਣਾਮ, ਬੰਦਨਾ, ਨਮਸਕਾਰ । ੮.ਛੰ.੪, ੨੨.੪, ੩੮.੪, ੫੧.੪, ੮੦.੧, ੮੧.੧, ੧੧੧.੪, ੧੪੦.੪, ੧੪੧.੧, ੧੪੬.੪, ੧੫੨.੪, ੧੫੩.੩, ੧੯੩.੪, ੨੧੭.੪, ੨੩੨.੪, ੨੬੨.੨, ੨੬੫.੪, ੨੭੦.੪, ੩੪੩.੪, ੪੮੯.੪

ਨਯਨ : (ਸੰ.) (नयन) ਸੰਗਿਆ ਪੁ.—ਨੇਤਰ, ਅੱਖ, ਚਖਸ਼ੂ । ੨੧੯.੧, ੨੩੯.੪

ਨਯਾਰੇ : (ਸੰ.) (न्यारे) ਸੰਗਿਆ ਪੁ.—ਪੁਰਸ਼, ਮਰਦ, ਵਿਸ਼ਨੂੰ, ਸ਼ਿਵ, ਮਹਾਂਦੇਵ, ਆਦਿ । ਵਿ.—ਜੋ ਪੁਰਸ਼ ਜਾਤੀ ਦਾ ਹੋਵੇ । ੫੭੯.੪

ਨਰਹਰ : (ਸੰ.) (नरहरि) ਸੰਗਿਆ ਪੁ.—ਨਰਸਿੰਘ ਅਵਤਾਰ, ਕਰਤਾਰ ਪਾਰਬ੍ਰਹਮ ਆਦਿ । ੭੬.੪, ੩੧੫.੪

ਨਰਕ : (ਸੰ.) (नरक) ਸੰਗਿਆ—ਧਰਮ ਅਨੁਸਾਰ ਅਜਿਹੀ ਥਾਂ ਜਿਥੇ ਪਾਪੀ ਮਨੁੱਖ ਮੌਤ ਤੋਂ ਬਾਅਦ ਸਜ਼ਾ ਭੁਗਤਣ ਜਾਵੇਗਾ, ਦੋਜ਼ਖ । ੧੪.੪, ੨੩.੪, ੯੦.੨, ੩੮੭.੩ ੪੦੯.੧, ੫੦੩.੪, ੫੦੪.੩, ੫੨੩.੪, ੫੨੪.੪

ਨਰਪਤਿ : (ਸੰ.) (नरपति) ਸੰਗਿਆ ਪੁ.—ਰਾਜਾ, ਭੂਪਤੀ, ਪ੍ਰਜਾਪਤੀ, ਕਰਤਾਰ ਆਦਿ । ੨੨੩.੪, ੩੭੧.੧, ੫੦੧.੧, ੫੬੩.੧, ੫੬੬.੧, ੫੭੦.੧

ਨਰਬਦਾ : (ਸੰ.) (नर्मदा) ਸੰਗਿਆ ਇ.—ਮੱਧ ਪ੍ਰਦੇਸ਼ ਦੀ ਇਕ ਨਦੀ, ਇਕ ਗੰਧਰਵ ਇਸਤਰੀ । ੪੧੬.੩

ਨਰਿੰਦ : (ਹਿੰ.) (नरिंद) ਸੰਗਿਆ ਪੁ.—ਰਾਜਾ, ਨਰਪਤਿ, ਨਰੇਸ਼ । ੪੬੪.੧, ੫੪੪.੩. ੬੧੮.੧

ਨਰੇਸ : (ਸੰ.) (नरेश) ਸੰਗਿਆ ਪੁ.—ਮਨੁੱਖਾਂ ਦਾ ਸਵਾਮੀ, ਰਾਜਾ, ਬਾਦਸ਼ਾਹ । ੩੮੦.੩, ੪੬੪.੩

ਨਲਨੀ : (ਸੰ.) (नलिनी) ਸੰਗਿਆ ਇ.—ਕਮਲ, ਕਮਲਿਨੀ, ਉਹ ਪ੍ਰਦੇਸ਼ ਜਿਥੇ ਵਧੇਰੇ ਕਮਲ ਹੋਣ, ਨਦੀ, ਨਲਕੀ, ਨਾਲੀ ਆਦਿ । ੪੪.੧

ਨਵ : (ਸੰ.) (नव) ਵਿ.—ਨਵੀਨ, ਨੂਤਨ, ਨਵਾਂ, ਬਿਲਕੁਲ ਨਵੇਂ ਸਿਰੇ ਦਾ, ਆਧੁਨਿਕ, ਵਿ.—ਨੌਵਾਂ (9) ਹਿੰਦਸਾ । ੩੨.੩, ੪੫੭.੨

ਨਵਖੰਡ : (ਸੰ.) (नवखंड) ਸੰਗਿਆ ਪੁ.—ਪ੍ਰਿਥਵੀ ਦੇ ਨੌ ਖੰਡ ਜਾਂ ਨੌ ਭਾਗ। ੧੯੭.੧

ਨਵਘਹ : (ਸੰ.) (नवग्रह) ਸੰਗਿਆ ਪੁ.—ਸ਼ਰੀਰ ਦੇ ਨੌ ਦੁਆਰ, ਨੌ ਦੁਆਰਾ ਵਾਲਾ ਸਰੀਰ, (ਨਵਗ੍ਰਹ) ਜੋਤਿਸ਼ ਅਨੁਸਾਰ ਨੌ ਗ੍ਰਹਿ। ੨੪੭.੨

ਨਵਤਨ : (ਹਿੰ.) (नवतन) ਵਿ.—ਨਵੀਨ, ਨੂਤਨ, ਨਵਾਂ ਤਾਜ਼ਾ। ੩੭੧.੪, ੫੬੩.੪

ਨਵਦੁਆਰ : (ਸੰ.) (नवद्वार) ਸੰਗਿਆ ਪੁ.—ਸਰੀਰ ਦੇ ਨੌ ਦੁਆਰ :- ਦੋ ਅੱਖਾਂ, ਦੋ ਕੰਨ, ਦੋ ਨੱਕ, ਇਕ ਮੂੰਹ, ਇਕ ਗੁਦਾ ਅਤੇ ਇਕ ਲਿੰਗ ਦਾ ਭਾਗ। ਜਦੋਂ ਮਨੁੱਖ ਮਰਦਾ ਤਾਂ ਉਸ ਦੀ ਆਤਮਾ ਇਹਨਾਂ ਹੀ ਰਸਤਿਆਂ ਤੋਂ (ਨਵਦੁਆਰ) ਹੋ ਕੇ ਬਾਹਰ ਜਾਂਦੀ ਹੈ। ੩੩੩.੪

ਨਵਨ : (ਹਿੰ.) (नमन) ਸੰਗਿਆ—ਨਮਨ, ਨਮਸਕਾਰ, ਪ੍ਰਣਾਮ, ਨਿਵਕੇ, ਨਿਵਾਣ, ਝੁਕਣਾ ਆਦਿ। ੨੮੬.੧, ੨੮੮.੨, ੨੮੯.੪, ੨੯੦.੧—੨੯੦.੩, ੩੦੬.੧, ੪੨੬.੧, ੬੩੨.੧

ਨਵਾਏ : (ਹਿੰ.) (नहावना) ਸੰਗਿਆ—ਨਹਾਉਣ ਦੀ ਕ੍ਰਿਆ, ਇਸ਼ਨਾਨ ਕਰਵਾਏ ਆਦਿ : ੬੭੩.੧

ਨਵਾਵੈ : ਸੰਗਿਆ—ਨਹਾਉਂਦਾ ਹੈ। ਵੇਖੋ ਨਵਾਏ। ੨੩੮.੧

ਨ੍ਰਿਖਿ : ਵੇਖੋ ਨਿਰਖ। ੫੩੫.੩

ਨ੍ਰਿਗੁਨ : (ਸੰ.) (निर्गुण) ਵਿ.—ਜੋ ਤੱਤਵ ਰਜੋ ਸਤੋ ਤਮੋ ਗੁਣਾਂ ਤੋਂ ਪਰੇ ਹੋਵੇ, ਗੁਣ ਰਹਿਤ, ਕਰਤਾਰ, ਪਰਮਾਤਮਾ ਦਾ ਵਿਸ਼ੇਸ਼ਣ। ੩੬.੧, ੩੬.੩, ੮੧.੩, ੧੫੩.੩

ਨ੍ਰਿਪ : (ਸੰ.) (नृप) ਸੰਗਿਆ ਪੁ.—ਰਾਜਾ, ਨਰਪਤਿ, ਨਰੇਸ਼। ੬.ਛੰ.੩, ੧੨੦.੧, ੩੬੨.੨, ੪੧੫.੨, ੪੪੪.੩, ੬੧੯.੩

ਨ੍ਰਿਪਤ : (ਸੰ.) (नृपति) ਸੰਗਿਆ ਪੁ.—ਰਾਜਾ, ਕੁਬੇਰ। ੪੬੪.੨

ਨ੍ਰਿਭੈ : (ਸੰ.) (निर्भय) ਵਿ.—ਨਿਰਭੈ, ਜਿਸ ਨੂੰ ਕਿਸੇ ਤਰ੍ਹਾਂ ਦਾ ਭੈ ਨਾ ਹੋਵੇ, ਜੋ ਕਿਸੇ ਤੋਂ ਨਾ ਡਰੇ, ਨਿਡਰ, ਭੈ ਹੀਣ। ੭੯.੧

ਨ੍ਰਿਵਿਕਾਰ : (ਸੰ.) (निरविकार) ਵਿ.—ਜਿਸ ਵਿਚ ਕੋਈ ਐਬ ਨਹੀਂ, ਦੋਸ਼ ਰਹਿਤ, ਜੋ ਬਦਲਦਾ ਨਹੀਂ, ਇਕ ਰੰਗ ਵਿਚ ਰਹਿਣ ਵਾਲਾ। ੧੬੮.੩, ੩੪੪.੧

ਨਾ : (ਸੰ.) (ना)—ਨਿਖੇਧਾਤਮਕ ਸ਼ਬਦ, ਨਹੀ। (ਫਾ.) ਨਾਮ ਸੰਗਿਆ—ਉਹ ਸ਼ਬਦ ਜਿਸ ਤੋਂ ਕਿਸੇ ਵਸਤੂ ਜਾਂ ਵਿਅਕਤੀ ਦਾ ਬੋਧ ਹੋਵੇ, ਪਰਮਾਤਮਾ ਦੀ ਪ੍ਰਤੀਤੀ ਕਰਾਉਣ ਵਾਲਾ ਸ਼ਬਦ। ੭੫.੧, ੭੫.੨, ੩੩੧.੧, ੩੬੩.੧, ੫੩੮.੧, ੫੭੮.੪ ੫੮੫.੪, ੬੩੮.੧, ੬੩੮.੩

ਨਾਉ : (ਸੰ.)(नाव)—ਨੌਕਾ, ਕਿਸ਼ਤੀ। ਵੇਖੋ ਨਾ, ਨਾਮ। ੪੪.੨, ੫੪.੧, ੧੬੬.੧, ੩੮੨.੩

ਨਾਓ : ਵੇਖੋ ਨਾਉ । ੫੪੪.੧

ਨਾਇ : ਵੇਖੋ ਨਾਉ । ਨਾਮ ਵਿਚ । ੬੭੩.੧

ਨਾਇਕ : (ਸੰ.) (नायक) ਸੰਗਿਆ ਪੁ.—ਆਪਣੇ ਪਿਛੇ ਹੋਰਨਾਂ ਨੂੰ ਲਾਉਣ ਵਾਲਾ, ਨੇਤਾ, ਆਗੂ, ਸ੍ਵਾਮੀ, ਮਾਲਕ, ਕਾਵਯ ਅਨੁਸਾਰ ਸ਼ਿੰਗਾਰ ਰਸ ਦਾ ਧੁਰ ਪੁਰਸ਼ । ੧੨੦.੧, ੨੦੪.੪, ੨੦੬.੪, ੨੧੯.੧, ੩੪੫.੨

ਨਾਇਕਾ : (ਸੰ.) (नायका) ਸੰਗਿਆ ਇ.—ਹੋਰਨਾਂ ਨੂੰ ਪਿਛੇ ਲਾਉਣ ਵਾਲੀ ਸ੍ਵਾਮਿਨੀ, ਜੋ ਕਿਸੇ ਕਾਵਿ ਚਰਿਤ ਦਾ ਅਧਾਰ ਹੋਵੇ ਆਦਿ । ੨੦੪.੧, ੨੦੪.੪, ੨੦੬.੪, ੨੧੯.੧, ੨੨੮.੧, ੩੪੫.੨, ੪੧੪.੧, ੪੫੦.੧—੪੫੦.੪, ੪੮੧.੧, ੬੧੦.੩, ੬੪੨.੧, ੬੪੯.੨

ਨਾਸ : (ਸੰ.) (नाश) ਸੰਗਿਆ—ਤਬਾਹੀ, ਬਰਬਾਦੀ, ਵਿਨਾਸ਼ । (ਸੰ.) (नासा) ਸੰਗਿਆ—ਨੱਕ, ਨਾਕ । ੫੩.੩, ੧੯੧.੩, ੪੮੬.੧

ਨਾਸਕਾ : (ਸੰ.) (नासिका) ਸੰਗਿਆ—ਨੱਕ ਦੇ ਦੋ ਛੇਦ, ਨੱਕ ਦੇ ਦੁਆਰ । ੫੩੩.੨, ੫੭੯.੩, ੬੨੦.੩, ੬੬੯.੪

ਨਾਸਤ : (ਸੰ.) (नास्ति)—ਨਹੀਂ, ਨਹੀਂ ਹੈ । ੪੬੨.੧

ਨਾਸਤਿ : ਵੇਖੋ ਨਾਸਤ । ੩੩੩.੧, ੩੩੬.੪, ੩੩੮.੪, ੩੪੦.੨

ਨਾਸ਼ਾ : (ਸੰ.) (नासा) ਸੰਗਿਆ—ਨਾਸਿਕਾ, ਨੱਕ, ਨੱਕ ਦੇ ਛੇਦ । ੫੩.੪

ਨਾਸਿਕਾ : ਵੇਖੋ ਨਾਸਕਾ । ੧੭.੩, ੧੦੪.੨, ੧੦੭.੩, ੧੯੮.੧, ੨੨੬.੨, ੨੩੨.੨, ੨੪੫.੧, ੨੭੮.੩, ੨੮੯.੨, ੩੩੫.੩

ਨਾਸੈ : ਵੇਖੋ ਨਾਸ । ਨਾਸ਼ ਹੁੰਦਾ ਹੈ । ੪੦੮.੨

ਨਾਹ : ਵੇਖੋ ਨਾ । ਨਹੀਂ, ਨਾਂਹ, ਨਾਂਹਿ । ੨੯੯.੨, ੪੫੦.੧, ੬੫੧.੪

ਨਾਹਿ : ਵੇਖੋ ਨਾ । ਨਹੀਂ, ਨਾਂਹ । ੨੦.੧, ੧੯੬.੧, ੨੮੮.੨, ੩੧੨.੧, ੩੧੨.੨, ੩੫੨.੧, ੩੬੮.੧, ੩੬੯.੩, ੩੭੪.੨, ੩੭੯.੧, ੩੭੯.੩, ੩੯੪.੩, ੪੧੩.੩, ੪੪੦.੨, ੪੪੩.੨, ੪੪੬.੩, ੪੫੧.੩, ੪੫੯.੪, ੪੭੬.੨, ੪੭੯.੪, ੫੧੭.੨, ੫੨੯.੨, ੫੨੯.੩, ੫੩੮.੨, ੫੬੪.੨, ੫੭੬.੪, ੬੧੫.੧, ੬੧੫.੨, ੬੪੦.੨—੬੪੦.੪, ੬੪੬.੧, ੬੪੬.੪, ੬੬੧.੧, ੬੬੭.੪

ਨਾਹਿਨ : ਵੇਖੋ ਨਾ । ਨਹੀਂ, ਨਾਂਹ । ੨੯੯.੪, ੬੪੦.੧, ੬੪੦.੪, ੬੬੧.੧

ਨਾਹੀ : ਵੇਖੋ ਨਾ । ਨਹੀਂ, ਨਾਂਹ । ਨਿਖੇਧ ਸੂਚਕ ਸ਼ਬਦ । ੧੪੫.ਝ.ਛੰ.੧—੧੪੫.ਝ.ਛੰ.੪, ੨੨੩.੨, ੨੮੫.੪, ੫੬੪.੧, ੫੭੬.੩

ਨਾਕ : (ਸੰ.)(नाक) ਸੰਗਿਆ—(ਨ+ਅਕ) ਨਹੀਂ ਹੈ, ਅਕਾਸ਼, ਨਾਸਿਕਾ, ਨੱਕ ਆਦਿ । ੩੨੪.੩, ੫੨੪.੩

ਨਾਗ : (ਸੰ.) (नाग) ਸੰਗਿਆ ਪੁ.—ਸੱਪ, ਸਰਪ, ਸਰੀਰ, ਵਿਚ ਇਕ ਵਾਯੂ ਜਿਸ ਤੋਂ ਡਕਾਰ ਦਾ ਹੋਣਾ ਲਿਖਿਆ, ਸੱਪਾਂ ਦੀ ਇਕ ਵਿਸ਼ੇਸ਼ ਜਾਤਿ ਆਦਿ । ੭੫.੨, ੭੫.੩, ੫੦੮.੪

ਨਾਗਬੇਲ : (ਹਿੰ.) (नागबेल) ਸੰਗਿਆ ਇ.—ਪਾਨ ਦੀ ਵੇਲ, ਸੱਪ ਦੇ ਆਕਾਰ ਦੀ ਵੇਲ । ੫੦੧.੧, ੫੧੫.੧

ਨਾਗੋ : ਵੇਖੋ ਨਾਗ । ਨਾਗ ਦੇ । ੪੧੯.੨

ਨਾਜ : (ਹਿੰ.) (नाज) ਸੰਗਿਆ—ਅਨਾਜ, ਅੰਨ । (ਫ਼ਾ.) ਨਾਜ਼—ਲਾਡ, ਪਿਆਰ, ਹਾਵ ਭਾਵ, ਨਖਰਾ । ੬੩੫.੩, ੬੩੮.੧

ਨਾਤ : ਵੇਖੋ ਨਾਤਾ । ਵੇਖੋ ਨਵਾਏ, ਨਹਾਉਂਦਾ ਹੈ । ੪੮੩.੧

ਨਾਤਰ : (ਹਿੰ.) (नातरु)— ਨਹੀਂ ਤੋਂ, ਨਹੀਂ ਤਾਂ । ੨੦੦.੪

ਨਾਤਾ : (ਹਿੰ.) (नाता) ਸੰਗਿਆ ਪੁ.—ਮਨੁੱਖਾਂ ਦਾ ਉਹ ਪਰਸਪਰ ਸੰਬੰਧ ਜੋ ਇਕ ਕੁਲ ਵਿਚ ਪੈਦਾ ਹੋਣਾ ਜਾਂ ਵਿਆਹ ਹੋਣ ਤੇ ਬਣਦਾ ਹੈ, ਸੰਬੰਧ, ਰਿਸ਼ਤਾ ਆਦਿ । ੧੦੦.੪

ਨਾਤੀ : (ਹਿੰ.) (नाती) ਸੰਗਿਆ ਪੁ.—ਲੜਕੀ ਦਾ ਲੜਕਾ, ਪੁੱਤਰੀ ਦਾ ਪੁੱਤਰ, ਦੋਹਤਾ । ੨੨੮.੨

ਨਾਤੋ : ਵੇਖੋ ਨਾਤਾ । ੫੬੮.੩

ਨਾਥ : (ਸੰ.) (नाथ) ਸੰਗਿਆ ਪੁ.—ਮਾਲਕ, ਸਵਾਮੀ, ਪਤੀ, ਪ੍ਰਭੂ, ਪਰਮਾਤਮਾ, ਯੋਗਮਤ ਦੇ ਮੁਖੀਆਂ ਦੀ ਉਪਾਧੀ । ੨੧.੧, ੩੦.੩, ੩੧.੩, ੧੯੩.੩, ੩੮੭.੧, ੪੦੮.੩, ੪੫੭.੨, ੪੮੫.੩, ੫੨੮.ਸ.੧, ੫੪੩.੨, ੫੭੬.੧, ੫੭੬.੪, ੬੦੧.੩, ੬੨੪.੪, ੬੩੦.੩, ੬੪੭.੪, ੬੬੦.੪

ਨਾਥਨ : ਵੇਖੋ ਨਾਥ । ੩੦.੨, ੩੧.੩

ਨਾਦ : (ਸੰ.) (नाद) ਸੰਗਿਆ—ਸ਼ਬਦ, ਧੁਨੀ, ਆਵਾਜ਼, ਜੋਗੀਆਂ ਦੀ ਸਿੰਙੀ ਵਿਚੋਂ ਨਿਕਲੀ ਆਵਾਜ਼ ਆਦਿ । ੬.ਛੰ.੧, ੬.ਛੰ.੨, ੧੧.੩, ੧੨.੨, ੧੬.੪, ੫੨.੪, ੫੪.੬, ੧੧੨.੩, ੧੧੬.੨; ੧੨੮.੨, ੧੩੧.੨, ੧੪੬.੩, ੧੭੨.੩, ੧੮੫.੨; ੧੮੭.੨; ੧੮੮.੩, ੧੯੮.੨, ੧੯੯.੧, ੨੨੬.੨, ੨੫੦.੨, ੨੫੪.੩, ੨੫੫.੩, ੨੫੯.੩, ੨੬੫.੩, ੨੭੫.੩, ੨੮੫.੩; ੨੯੨.੨, ੩੦੪.੨, ੩੪੧.੨, ੩੪੨.੪, ੩੫੨.੩, ੪੧੨.੨, ੪੨੪.੩, ੪੩੧.੨, ੪੩੨.੨, ੪੪੯.੨, ੪੭੪.੨, ੪੭੫.੩, ੪੮੨.੩, ੫੦੦.੩, ੫੩੩.੧, ੫੭੪.੨, ੫੭੯.੩, ੫੮੬.੩, ੬੦੦.੨, ੬੧੧.੨, ੬੨੦.੩; ੬੬੧.੩

ਨਾਦਹਿ : ਵੇਖੋ ਨਾਦ । ੪੯੪.੨

ਨਾਦਿ : ਵੇਖੋ ਨਾਦ । ੨੫੧.੩, ੩੨੧.੧

ਨਾਦੈ : ਵੇਖੋ ਨਾਦ । ਨਾਦ ਨਾਲ, ਨਾਲ ਸਹਿਤ; ਨਾਦ ਤੋਂ । ੧੬.੪, ੨੮੩.੧

ਨਾਰਦ : (ਸੰ.) (नारद) ਸੰਗਿਆ ਪੁ.—ਇਕ ਪ੍ਰਸਿੱਧ ਦੇਵ ਰਿਸ਼ੀ ਜੋ ਬ੍ਰਹਮਾ ਦੇ ਭਗਤ ਤੇ ਮਾਨਸ ਪੁੱਤਰ ਸਨ । ਵਿ.—ਜਲਦੇਵ ਵਾਲਾ, ਵੰਸ਼ਜ਼ । ੩੦੩.੧, ੫੫੬.ਸ.੨

ਨਾਰਦਾਇਕ : ਵੇਖੋ ਨਾਰਦ । ਨਾਰਦ ਆਦਿ । ੫੪੩.੧

ਨਾਰਦਾਦਿਕ : ਵੇਖੋ ਨਾਰਦ । ਨਾਰਦ ਆਦਿਕ, ਨਾਰਦ ਅਤੇ ਹੋਰ ਦੇਵ ਰਿਸ਼ੀ । ੨੧.੩

ਨਾਰਿ : ਵੇਖੋ ਨਾਰ । ੭੯.੩, ੨੦੭.੨, ੨੯੨.੩, ੩੫੮.੨, ੩੯੪.੩, ੪੪੦.੨, ੪੪੯.੧, ੪੬੭.੩, ੪੮੦.੧, ੫੩੮.੨, ੫੬੬.੩, ੫੬੮.੨, ੫੯੫.੩, ੬੦੪.੧, ੬੩੬.੩, ੬੩੭.੧, ੬੩੭.੨, ੬੪੧.੧, ੬੫੯.੪

ਨਾਲ : (ਹਿੰ.) (नाल) ਕ੍ਰਿ. ਵਿ.—ਨੇੜੇ, ਲਾਗੇ, ਸੰਗ, ਸਾਥ, ਸਹਿਤ, ਨਾਲੀ, ਨਲਕੀ, ਨਹਰ, ਕਮਲ ਦੀ ਡੰਡੀ, ਪੌਦੇ ਦਾ ਪਤਲਾ ਤਣਾ ਆਦਿ । ੩੦੫.੨

ਨਾਵ : ਵੇਖੋ ਨਾਉ । ੧੧੭.੩, ੩੧੦.੧, ੩੩੪.੧, ੪੬੭.੧, ੫੮੩.੩

ਨਾਵਹਿ : ਵੇਖੋ ਨਾਵ । ੬੫੭.੨

ਨਾਵੈ : ਵੇਖੋ ਨਾਵ । ਨਾਵ ਦੀ । ੨੨੧.੨

ਨਿਸ : (ਸੰ.) (निशा) ਸੰਗਿਆ ਇ.—ਰਾਤ, ਰਾਤ੍ਰੀ, ਰਜਨੀ, ਧਯਾਨ ਪਰਾਇਣ ਹੋਣਾ, ਸਮਾਧੀ ਲਾਉਣਾ । ੭੬.੩, ੧੫੬.੩, ੧੫੭.੧, ੧੭੯.੪, ੪੨੨.੩, ੪੮੬.੨, ੪੮੮.੧, ੪੮੮.੨, ੪੯੫.੩, ੫੦੦.੧, ੫੭੨.੨, ੬੩੫.੨, ੬੫੩.੧, ੬੫੪.੧, ੬੫੫.੧

ਨਿਸਚਿੰਤ : (ਸੰ.) (निश्चिंत) ਵਿ.—ਜਿਸ ਨੂੰ ਕੋਈ ਚਿੰਤਾ ਜਾਂ ਫ਼ਿਕਰ ਨਾ ਹੋਵੇ ਚਿੰਤਾ ਮੁਕਤ, ਚਿੰਤਾ ਰਹਿਤ । ੩੫੪.੨

ਨਿਸਤਾਰੋ : (ਸੰ.) (निस्तार) ਸੰਗਿਆ ਪੁ.—ਪਾਰ ਹੋਣ ਦਾ ਭਾਵ ਛੁਟਕਾਰਾ, ਉਦਾਰ, ਅਪਰਾਧ ਤੋਂ ਮੁਕਤੀ, ਮੋਕਸ਼ । ੫੮੦.੪

ਨਿਸਾਨ : (ਫ਼ਾ.) ਸੰਗਿਆ ਪੁ.—ਚਿੰਨ੍ਹ, ਸ਼ਾਹੀ ਫ਼ੁਰਮਾਣ, ਪ੍ਰਮਾਣ ਸੂਚਕ ਵਸਤੂ । ੩੮੨.੨, ੪੧੧.੧

ਨਿਸਿ : ਵੇਖੋ ਨਿਸ । ੧੫੪.੨, ੧੫੯.੨, ੧੬੦.੧, ੧੭੯.੪, ੨੪੧.੨, ੨੪੨.੧, ੩੧੨.੩, ੩੪੮.੧, ੪੨੩.੩, ੪੪੬.੪, ੪੭੧.੨, ੪੮੭.੧, ੪੮੭.੩, ੪੯੩.੧, ੪੯੫.੩, ੫੦੦.੧

ਨਿਸ਼ਿ : ਵੇਖੋ ਨਿਸ਼ । ੪੮੬.੨, ੪੮੭.੨

ਨਿਹਸ੍ਰਮ : (ਸੰ.) (निःश्रम) ਵਿ—ਥਕਾਣ ਰਹਿਤ, ਅਥਕ, ਬਿਨਾ ਮਿਹਨਤ । ੧੬੮.੪

ਨਿਹ੍ਸਾਦ : (ਸੰ.) (निस्स्वादु) ਵਿ.—ਸਵਾਦ ਰਹਿਤ ਬੇਸੁਆਦ, ਜਿਸ ਵਿਚ ਸਵਾਦ ਨਾ ਹੋਵੇ, ਬੇਰਸ, ਫਿੱਕਾ । ੧੬੮.੪, ੨੭੨.੩

ਨਾਨਕ : ਸੰਗਿਆ ਪੁ.—ਸਿੱਖ ਮੱਤ ਦੇ ਸੰਸਥਾਪਕ ਅਤੇ ਪ੍ਰਥਮ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਦਾ ਜਨਮ ਵੈਸਾਖ ਸੁਦੀ ੩, 20 ਵੈਸਾਖ ਸੰਮਤ 1526 (15 ਅਪ੍ਰੈਲ 1469) ਨੂੰ ਰਾਇ ਭੋਇ ਦੀ ਤਲਵੰਡੀ ਵਿਖੇ ਬੇਦੀ ਕਾਲੂ ਚੰਦ ਦੇ ਘਰ ਮਾਤਾ ਤ੍ਰਿਪਤਾ ਦੀ ਕੁਖੋਂ ਹੋਇਆ। ਆਪ ਨੇ ਸਗਲ ਜਗਤ ਦੇ ਉਧਾਰ ਲਈ ਚਾਰ ਯਾਤਰਾਵਾਂ ਕੀਤੀਆਂ ਅਤੇ ਹਰ ਧਰਮ ਦੇ ਆਗੂ ਨਾਲ ਵਿਚਾਰ ਵਟਾਂਦਰੇ ਕੀਤੇ। ਆਪ ਦੁਆਰਾ ਰਚਿਤ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ੨.ਸੋ.੨, ੨.ਦੋ.੨, ੨.ਛੰ.੧

ਨਾਨਾ : (ਸੰ.) (नाना) ਵਿ.—ਅਨੇਕ ਪ੍ਰਕਾਰ ਦੇ, ਬਹੁਤ। ਸੰਗਿਆ ਪੁ.—ਮਾਤਾ ਦਾ ਪਿਤਾ, ਸ. ਕ੍ਰਿ.—ਝੁਕਾਨਾ, ਨੀਵੇਂ ਕਰਨਾ, ਨਿਮ੍ਰ ਕਰਨਾ। ੧੩.੧, ੨੧.੪, ੩੫.੨, ੬੩.੩, ੧੨੩.੩, ੧੪੮.੨, ੧੮੫.੩, ੨੦੨.੨, ੩੦੨.੨, ੩੪੨.੪, ੩੫੦.੩, ੫੦੫.੧

ਨਾਭ : (ਹਿੰ.) (नाभि) ਸੰਗਿਆ ਇ.—ਚੰਦ੍ਰਮਾ ਦਾ ਪ੍ਰਕਾਸ਼। ਇ. ਨਾਭਿ ਧੁੰਨੀ, ਸ਼ਿਵਜੀ ਦਾ ਇਕ ਨਾਮ, ਇਕ ਸੂਰਜ ਵੰਸ਼ੀ ਰਾਜਾ। ੨੫੭.੨

ਨਾਮ : (ਸੰ.) (नामन्) ਸੰਗਿਆ ਪੁ.—ਅਜਿਹਾ ਸ਼ਬਦ ਜਿਸ ਤੋਂ ਕਿਸੇ ਵਸਤੂ ਵਿਅਕਤੀ ਜਾਂ ਸਮੂਹ ਦਾ ਬੋਧ ਹੋਵੇ, ਨਾਂਵ, ਨਾਂ, ਪਰਮਾਤਮਾ, ਕਰਤਾਰ ਆਦਿ। ੨.ਛੰ.੨, ੪.ਛੰ.੨, ੫.ਸੋ.੨, ੫.ਦੋ.੨, ੫.ਛੰ.੧, ੬.ਛੰ.੪, ੭.ਸੋ.੨, ੭.ਦੋ.੨, ੭.ਛੰ.੧, ੭.ਛੰ.੨, ੨੧.੩, ੨੩.੪, ੨੫.੧, ੪੪.੩, ੫੪.੨, ੭੨.੩, ੧੪੪.ਝ.ਛੰ.੩, ੧੫੪.੩, ੧੬੪.੨, ੧੭੮.੩, ੧੭੯.੩, ੧੯੦.੨, ੧੯੧.੨, ੨੪੨.੪, ੩੧੧.੨, ੩੫੭.੪, ੪੧੫.੩, ੪੨੮.੪, ੪੮੨.੨, ੪੮੫.੧—੪੮੫.੩, ੪੮੬.੪, ੫੦੪.੧, ੫੧੬.੪, ੫੫੫.੨, ੫੫੬.ਸ.੩, ੫੮੨.੩, ੬੧੯.੩, ੬੪੨.੪

ਨਾਮਾ : (ਸੰ.) (नामा) (नामदेव) ਸੰਗਿਆ ਪੁ.—ਨਾਮਦੇਵ, ਇਕ ਪ੍ਰਸਿੱਧ ਭਗਤ ਜੋ 1328 ਬਿਕ੍ਰਮੀ ਵਿਚ ਮਹਾਰਾਸ਼ਟਰ ਵਿਖੇ ਜ਼ਿਲਾ ਸਹਾਰਾ ਦੇ ਪਿੰਡ ਵਾਸਕੀ ਵਿਖੇ ਪਿਤਾ ਦਮਸੇਤੀ ਤੇ ਮਾਤਾ ਗੋਨਾਬਾਈ ਦੇ ਘਰ ਪੈਦਾ ਹੋਏ। ਆਪ ਦੀ ਅਧਿਆਤਮਕ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ੬੩੨.੪

ਨਾਯਕ : ਵੇਖੋ ਨਾਇਕ। ੯੮.੨, ੬੦੨.੩, ੬੦੪.੩, ੬੪੯.੪

ਨਾਯਕਾ : ਵੇਖੋ ਨਾਇਕਾ। ੪੫੦.੧—੪੫੦.੪, ੫੭੫.੩, ੬੦੨.੩, ੬੦੪.੩, ੬੪੯.੪, ੬੬੨.੧

ਨਾਰ : (ਸੰ.) (नारी) ਸੰਗਿਆ ਇ.—ਇਸਤਰੀ, ਔਰਤ, ਤੀਵੀਂ। (ਹਿੰ.) ਸੰਗਿਆ ਇ.—ਨਾੜ, ਗਲਾ, ਗਰਦਨ। ੧੧੪.੨, ੩੯੪.੩, ੫੨੨.੧, ੫੩੮.੨, ੫੬੬.੩, ੫੬੮.੨, ੫੯੫.੩, ੬੩੫.੧, ੬੩੬.੩, ੬੩੭.੨, ੬੩੭.੩, ੬੪੫.੪

ਨਿਹਕਪਟ : (ਸੰ.) (निष्कपट) ਵਿ.—ਜੋ ਕਿਸੇ ਪ੍ਰਕਾਰ ਦਾ ਛਲ ਜਾਂ ਕਪਟ ਨਾ ਜਾਣਦਾ ਹੋਵੇ, ਨਿਰਛਲ, ਛਲ ਰਹਿਤ, ਸਿੱਧਾ, ਸਰਲ ਆਦਿ। ੩੮੦.੨

ਨਿਹਕਰਮ : (ਸੰ.) (निष्कर्म) ਵਿ.—ਜੋ ਕਰਮ ਵਿਚ ਲਿਪਤ ਨਾ ਹੋਵੇ, ਅਕਰਮ। ੧੬੮.੪

ਨਿਹਕਲੰਕ : (ਸੰ.) (निष्कलङ्क) ਵਿ.—ਜਿਸ ਵਿਚ ਕਿਸੇ ਪ੍ਰਕਾਰ ਦਾ ਕਲੰਕ ਨਾ ਹੋਵੇ, ਨਿਰਦੋਸ਼, ਬੇ ਐਬ। ੨੫੮.੧

ਨਿਹਕਾਮ : (ਸੰ.) (निष्काम) ਵਿ.—ਉਹ ਮਨੁੱਖ ਜਿਸ ਵਿਚ ਕਿਸੇ ਪ੍ਰਕਾਰ ਦੀ ਕਾਮਨਾ ਜਾਂ ਇੱਛਾ ਨਾ ਹੋਵੇ। ੪.ਛੰ.੨, ੨੫.੨, ੩੬.੪, ੫੦.੩, ੭੨.੩, ੮੨.੩, ੧੦੬.੩, ੧੨੫.੪, ੧੩੯.੩, ੧੪੪.ਝ.ਛੰ.੩, ੧੪੫.ਛੰ.੩, ੧੫੧.੪, ੧੬੮.੪, ੧੭੮.੩, ੧੭੯.੩, ੧੮੩.੨, ੧੯੫.੨, ੨੬੬.੪, ੨੭੨.੨, ੨੮੨.੧, ੨੯੦.੪, ੨੯੩.੩, ੩੫੭.੪, ੪੨੮.੪, ੫੧੬.੪, ੫੬੪.੪, ੬੨੯.੪, ੬੬੧.੪

ਨਿਹਕੇਵਲ : ਵਿ.—ਦੂਜੇ ਦੀ ਸਹਾਇਤਾ ਬਿਨਾ, ਖਾਲਿਸ, ਸ਼ੁੱਧ, ਅਸੰਗ, ਨਿਰਲੇਪ। ੨੯੧.੪

ਨਿਹਕ੍ਰਮ : (ਸੰ.) (निष्क्रम) ਵਿ.—ਬਿਨਾਂ ਕ੍ਰਮ ਜਾਂ ਸਿਲਸਿਲੇ ਦਾ ਬੇਤਰਤੀਬ, ਸੰਗਿਆ ਪੁ.—ਘਰ ਤੋਂ ਬਾਹਰ ਨਿਕਲਣ ਦਾ ਕਾਰਜ ਆਦਿ। ੨੭੨.੨

ਨਿਹਕ੍ਰਾਂਤਿ : (ਸੰ.) (निष्कांत) ਵਿ.—ਨਿਕਲਿਆ ਹੋਇਆ, ਮੁਕਤ, ਛੁਟਿਆ ਹੋਇਆ, ਨਾ ਬਦਲਣ ਵਾਲਾ। ੧੪੧.੪, ੨੭੨.੧

ਨਿਹਕ੍ਰੋਧ : (ਸੰ.) (निष्क्रोध) ਵਿ.— ਜਿਸ ਨੂੰ ਕ੍ਰੋਧ ਨਾ ਆਵੇ, ਜਿਸ ਨੂੰ ਗੁੱਸਾ ਨਾ ਆਵੇ, ਕ੍ਰੋਧ ਹੀਣ। ੧੬੮.੧

ਨਿਹਚਲ : (ਸੰ.) (निशचल) ਵਿ.—ਜੋ ਆਪਣੇ ਸਥਾਨ ਉਤੇ ਸਥਿਰ ਜਾਂ ਦ੍ਰਿੜ ਰਹੇ, ਅਚਲ, ਸਥਿਰ। ੨੫.੪, ੪੬.੧, ੬੧.੧, ੭੮.੪, ੮੫.੧, ੮੮.੩, ੯੫.੩, ੧੩੮.੬, ੧੫੦.੩, ੧੬੮.੩, ੨੦੬.੩, ੨੧੭.੩, ੨੨੭.੧, ੨੩੧.੪, ੨੪੭.੩, ੨੫੯.੧, ੨੬੭.੩, ੨੭੨.੨, ੨੭੬.੧, ੨੮੧.੧, ੨੮੨.੨, ੨੯੫.੧, ੩੨੨.੨, ੩੩੬.੪, ੩੩੭.੩, ੩੪੯.੪, ੪੩੮.੪

ਨਿਹਚੈ : (ਸੰ.) (निशचय) ਸੰਗਿਆ ਪੁ.—ਅਜਿਹੀ ਧਾਰਣਾ ਜਾਂ ਗਿਆਨ ਜਿਸ ਵਿਚ ਕੋਈ ਦੁਬਿਧਾ ਜਾਂ ਕ੍ਰਮ ਨਹੀਂ ਹੈ, ਦ੍ਰਿੜ ਸੰਕਲਪ, ਪੱਕਾ ਵਿਚਾਰ ਆਦਿ। ੫੪੬.੧

ਨਿਹਟੇਵ : ਵਿ.—ਖੋਟੀ ਬਾਣ ਤੋਂ ਬਿਨ੍ਹਾਂ, ਜਿਸ ਨੂੰ ਕਿਸੇ ਸੁਆਦ ਦਾ ਐਬ ਨਹੀਂ, ਰਸ ਦਾ ਤਿਆਗੀ, ਚਸਕੇ ਤੋਂ ਰਹਿਤ। ੧੬੮.੧

ਨਿਹਫਲ : (ਸੰ.) (निष्फल) ਵਿ.—ਫਲ ਰਹਿਤ, ਫਲ ਹੀਨ, ਵਿਅਰਥ, ਬੇਕਾਰ। ੧੯੧.੧—੧੯੧.੩, ੨੩੬.੪, ੨੩੮.੨, ੨੯੯.੨, ੩੦੦.੪, ੩੦੪.੪, ੩੦੭.੨, ੩੦੮.੪, ੩੨੯.੪, ੩੩੪.੩, ੪੧੫.੧, ੪੬੫.੧, ੪੭੭.੪, ੪੭੯.੪, ੫੧੯.੨, ੫੨੫.੧, ੬੩੧.੨

ਨਿਹਬਾਦ : ਵਿ.—ਤਰਕ ਰਹਿਤ, ਬਹਿਸ ਰਹਿਤ, ਵਿਵਾਦ ਰਹਿਤ। ੨੭੨.੩

ਨਿਹਭਰਮ : (ਹਿੰ.) (निर्भ्रम) ਵਿ.—ਭਰਮ ਤੋਂ ਰਹਿਤ, ਜਿਸ ਨੂੰ ਕੋਈ ਭਰਮ ਜਾਂ ਸ਼ੰਕਾ ਨਾ ਹੋਵੇ, ਭਰਮਹੀਣ, ਨਿਸੰਗ, ਨਿਧੜਕ, ਸਪੱਸ਼ਟ। ੧੬੮.੪

ਨਿਹਭਾਗ : (ਸੰ.) (निर्भाग्य) ਵਿ.—ਭਾਗ ਰਹਿਤ, ਅਭਾਗਾ, ਬਦਨਸੀਬ। ੬੩੭.੩

ਨਿਹਭ੍ਰਾਂਤ : (ਸੰ.) (निष्भ्रांति)—ਭਰਮ ਰਹਿਤ, ਸੰਦੇਹ ਰਹਿਤ, ਸ਼ੰਕਾ ਰਹਿਤ। ੧੬੮.੩

ਨਿਹਭ੍ਰਾਂਤੀ : ਵੇਖੋ ਨਿਹਭ੍ਰਾਂਤ। ੨੭੨.੨

ਨਿਹਮੇਵ : ਵਿ.—ਅਭਿਮਾਨ ਰਹਿਤ, ਘੁਮੰਡਹੀਣ, ਹਉਮੈ ਦਾ ਤਿਆਗੀ, ਨਿਮਰ, ਹਲੀਮ। ੧੬੮.੧

ਨਿਹਾਰ : (ਸੰ.) (निहार) ਸੰਗਿਆ ਪੁ.—ਕੋਹਰਾ, ਪਾਲਾ, ਓਸ, ਹਿਮ ਬਰਫ਼। (ਸੰ.) (निहारना) ਸੰਗਿਆ ਪੁ.—ਵੇਖਣਾ, ਦਰਸ਼ਨ, ਪਹਿਚਾਨਣਾ ਆਦਿ। ੪੪੪.੪

ਨਿਹਾਰੀਐ : ਵੇਖੋ ਨਿਹਾਰ। ਵੇਖੀਐ, ਦੇਖੀਐ। ੫੪੭.੧, ੬੫੦.੪

ਨਿਕਸ : (ਸੰ.) (निकष) ਸੰਗਿਆ ਪੁ.—ਕਸੌਟੀ, ਘਸਪੱਟੀ, ਹਥਿਆਰ ਤਿੱਖਾ ਕਰਨ ਦਾ ਸੰਦ ਆਦਿ। (निष्क्रम) ਬਾਹਰ ਦੀ ਕ੍ਰਿਆ, ਆਉਣਾ ਨਿਕਲਣਾ, ਨਿਕਲਣ ਦੀ ਕ੍ਰਿਆ। ੫੬.੩, ੧੨੧.੩, ੪੧੨.੩, ੪੪੭.੨

ਨਿਕਸਤ : ਵੇਖੋ ਨਿਕਸ। ਨਿਕਲਣਾ, ਬਾਹਰ ਆਉਣਾ। ੧੬੭.੧, ੩੬੫.੧, ੪੫੧.੧, ੪੫੬.੨, ੪੭੬.੨, ੫੮੨.੩

ਨਿਕਸਿ : ਵੇਖੋ ਨਿਕਸ। ੫੪੮.੨, ੬੪੫.੩

ਨਿਕਸਿਓ : ਵੇਖੋ ਨਿਕਸ। ਨਿਕਲਿਓ। ੪੭੩.੨

ਨਿਕਸੈ : ਵੇਖੋ ਨਿਕਸ। ਨਿਕਲਦਾ ਹੈ, ਬਾਹਰ ਆਉਂਦਾ ਹੈ। ੧੬੨.੧, ੨੨੪.੨

ਨਿਕਟ : (ਸੰ.) (निकट) ਵਿ.—ਪਾਸ, ਨੇੜੇ, ਸਮੀਪ, ਅਜਿਹੇ ਸੰਬੰਧ ਜਿਨ੍ਹਾਂ ਵਿਚ ਅੰਤਰ ਨਾ ਹੋਵੇ, ਨਜ਼ਦੀਕ ਆਦਿ। ੪੦੪.੧, ੪੩੮.੨, ੫੦੭.੪, ੫੬੫.੩, ੬੩੪.੧, ੬੩੯.੪

ਨਿਕਟਿ : ਵੇਖੋ ਨਿਕਟ। ੫੬੫.੩, ੬੩੪.੧

ਨਿਕਾਸ : (ਸੰ.) (निकास) ਸੰਗਿਆ ਪੁ.—ਨਿਕਲਣ ਦੀ ਕ੍ਰਿਆ ਜਾਂ ਭਾਵ, ਉਹ ਸਥਾਨ ਜਿਸ ਤੋਂ ਕੁਝ ਹੋ ਕੇ ਨਿਕਲੇ, ਨਿਰਬਾਹ ਦਾ ਢੰਗ ਵਸੀਲਾ ਆਦਿ । ੫੧੪.੧

ਨਿਕਾਰਯੋ : ਵੇਖੋ ਨਿਕਾਸ । ਕੱਢਣਾ, ਬਾਹਰ ਕਢਣਾ । ੫੨੩.੨

ਨਿਕਾਰੀਐ : ਵੇਖੋ ਨਿਕਾਸ । ਬਾਹਰ ਕਢੀਏ, ਨਿਕਾਲੀਐ । ੫੨੪.੩

ਨਿਖੇਧ : (ਸੰ.) (निषेध) ਸੰਗਿਆ ਪੁ.—ਵਰਜਿਤ, ਮਨਾਹੀ, ਰੋਕ, ਨਾ ਕਰਨ ਦਾ ਆਦੇਸ਼, ਰੁਕਾਵਟ । ੨੬.੨

ਨਿਗੁਨ : ਵੇਖੋ ਨਿਰਗੁਨ । ੬੦੮.੪

ਨਿਗਮ : (ਸੰ.) (निगम) ਸੰਗਿਆ ਪੁ.—ਵੇਦ, ਵੇਦ ਸੰਹਿਤਾ, ਵੇਦਾਂ ਦਾ ਕੋਈ ਅੰਸ਼, ਵੇਦ ਭਾਗ, ਨਿਸ਼ਚਯ, ਵਿਸ਼ਵਾਸ਼ ਆਦਿ । ੨੬.੪, ੩੫.੪, ੧੮੦.੨, ੬੪੭.੩

ਨਿਗ੍ਰਹ : (ਸੰ.) (निग्रह) ਸੰਗਿਆ.—ਰੋਕਣ ਦਾ ਭਾਵ, ਇੰਦ੍ਰੀਆਂ ਨੂੰ ਵਿਕਾਰਾਂ ਵਲੋਂ ਰੋਕ ਕੇ ਰਖਣ ਦੀ ਕ੍ਰਿਆ, ਬੰਧਨ, ਦੰਡ, ਸਜ਼ਾ, ਆਦਿ । ੭੦.੧—੭੦.੩, ੨੫੫.੪, ੩੨੮.੩, ੬੦੭.੪

ਨਿਜ : (ਸੰ.) (निज) ਵਿ.—ਆਪਣਾ, ਜੋ ਪਰਾਇਆ ਨਾ ਹੋਵੇ । ੪.ਛੰ.੩, ੨੮.੧, ੩੦.੨, ੩੭.੨, ੩੮.੨, ੪੦.੩, ੪੩.੩, ੫੮.੪, ੬੮.੧, ੮੦.੩, ੮੯.੧, ੧੦੫.੧, ੧੨੦.੪, ੧੨੭.੩, ੧੭੮.੨, ੨੧੮.੪, ੨੪੭.੨, ੨੬੬.੩, ੩੦੩.੧, ੩੦੩.੩, ੩੧੦.੪, ੩੨੨.੨, ੩੩੬.੨, ੩੩੮.੩, ੩੫੪.੪, ੪੨੮.੪, ੪੫੭.੨, ੪੭੧.੨, ੬੧੪.੪, ੬੩੦.੧

ਨਿਜਧਾਮ : ਵਿ.—ਆਪਣਾ ਘਰ । ੧੪੪.ੜ.ਛੰ.੩

ਨਿਜਪਦ : ਵਿ.—ਆਪਣੀ ਪਦਵੀ, ਸ੍ਵੈ ਅਧਿਕਾਰ, ਆਤਮ ਪਦ । ੩੫੭.੪, ੫੦੦.੪

ਨਿਝਰ : (ਸੰ.) (निर्झर) ਸੰਗਿਆ— ਝਰਨਾ, ਸੋਮਾ, ਨਿਰੰਤਰ ਜਲਧਾਰਾ, ਯੋਗਮੱਤ ਅਨੁਸਾਰ ਦਸਮ ਦੁਆਰ ਜਿਥੋਂ ਅੰਮ੍ਰਿਤ ਝਰਦਾ ਹੈ । ੧੦.੪, ੧੧.੪, ੨੮.੩, ੩੧.੪, ੩੨.੩, ੪੮.੩, ੫੯.੪, ੭੭.੩, ੮੯.੩, ੧੨੮.੪, ੧੭੨.੨, ੧੪੮.੨, ੨੫੧.੨, ੨੮੩.੨, ੨੮੫.੩, ੨੯੧.੩

ਨਿਤ : (ਸੰ.) (नित्य) ਵਿ.—ਜੋ ਸਦਾ ਰਹੇ, ਜਿਸ ਦਾ ਨਾਸ਼ ਨਾ ਹੋਵੇ, ਅਬਿਨਾਸ਼ੀ, ਅਵਯਯ—ਹਰ ਰੋਜ਼, ਪ੍ਰਤਿ ਦਿਨ, ਸਦਾ ਹਮੇਸ਼ਾਂ । ੩੬੫.੩, ੩੯੧.੨, ੪੯੯.੨, ੫੭੫.੨, ੫੭੭.੩, ੫੯੦.੩, ੬੩੭.੩

ਨਿਤਨੇਮ : ਸੰਗਿਆ ਪੁ.—ਉਹ ਕਰਮ ਜਿਸ ਨੂੰ ਨਿਤ ਕਰਨ ਦਾ ਨਿਯਮ ਹੋਵੇ, ਧਰਮ ਅਨੁਸਾਰ, ਨਿਤ ਕਰਨ ਯੋਗ ਕਰਮ, ਨਿਤ ਲਈ ਥਾਪਿਆ ਧਰਮ । ੩੨੭.੨

ਨਿੰਦ : (ਸੰ.) (निन्द)—ਧਿਕਾਰਨਾ, ਦੋਸ਼ ਲਾਉਣਾ, ਬਦਨਾਮੀ ਕਰਨੀ। ਸੰਗਿਆ—ਨਿੰਦਾ, ਦੋਸ਼ ਲਾਉਣ ਦੀ ਕ੍ਰਿਆ। ੪੬੪.੩

ਨਿੰਦਕ : (ਸੰ.) (निदक) ਸੰਗਿਆ—ਨਿੰਦਾ ਕਰਨ ਵਾਲਾ, ਦੋਸ਼ ਦੇਣ ਵਾਲਾ। ੬੪੪.੪

ਨਿੰਦਾ : (ਸੰ.) (निन्दक) ਸੰਗਿਆ—ਦੋਸ਼ ਦੇਣ ਦੀ ਕ੍ਰਿਆ, ਗੁਣਾਂ ਵਿਚ ਦੋਸ਼ ਥਾਪਣ ਦਾ ਕਰਮ। ੮੨.੨, ੧੦੪.੨, ੧੦੭.੨, ੧੭੩.੪, ੧੯੧.੧, ੨੫੨.੨, ੨੬੨.੨, ੨੬੨.੩, ੩੩੧.੪, ੩੯੪.੪, ੩੯੮.੩, ੫੦੮.੨, ੫੧੨.੧, ੫੨੬.੪, ੫੫੫.੪, ੫੫੭.੨, ੫੯੫.੪, ੬੫੩.੩, ੬੫੪.੪, ੬੫੮.੪, ੬੭੧.੪

ਨਿਦ੍ਰਾ : (ਸੰ.) ਸੰਗਿਆ—ਨੀਂਦ, ਦਿਮਾਗ ਅਤੇ ਅੰਤਹ ਕਰਣ ਦੀ ਵਿਸ਼ਰਾਮ ਦੀ ਅਵਸਥਾ। ੨੧੯.੧, ੨੧੯.੨

ਨਿੰਦ੍ਰਾ : ਵੇਖੋ ਨਿਦ੍ਰਾ। ੫੬੯.੪, ੬੨੩.੧

ਨਿਧ : ਵੇਖੋ ਨਿਧਿ। ੪੭.੪, ੬੧੯.੩

ਨਿਧਾਨ : (ਸੰ.) (निधान) ਸੰਗਿਆ—ਖਜ਼ਾਨਾ, ਕੋਸ਼, ਸੰਪਤੀ। ੧੮.੨, ੨੦.੩, ੪੫.੪, ੪੬.੩, ੪੮.੪, ੫੨.੨, ੫੭.੪, ੫੮.੩, ੫੯.੪, ੬੦.੩, ੬੦.੪, ੬੧.੩, ੬੪.੩, ੬੫.੨, ੬੬.੩, ੬੭.੩, ੬੮.੩, ੭੩.੧, ੭੯.੪, ੮੬.੧, ੮੭.੩. ੮੮.੪, ੯੬.੧, ੯੭.੧, ੧੦੫.੪, ੧੦੯.੪, ੧੧੧.੩, ੧੧੨.੧, ੧੧੫.੨, ੧੨੫.੪, ੧੨੭.੧.—੧੨੭.੩, ੧੩੦.੪, ੧੪੨.੪, ੧੪੮.੩, ੧੭੦.੩, ੧੭੬.੩, ੧੭੮.੨, ੧੭੯.੧, ੧੮੯.੩, ੨੧੬.੩, ੨੪੪.੩, ੨੪੪.੪, ੨੪੭.੩, ੨੬੧.੪, ੨੬੮.੩, ੨੭੧.੪, ੨੮੩.੩, ੨੮੪.੪, ੨੮੫.੪, ੩੨੧.੪, ੩੨੨.੩, ੩੨੪.੪, ੩੩੭.੪, ੩੩੮.੨, ੩੪੧.੩, ੩੪੮.੨, ੩੫੫.੪, ੩੬੭.੪, ੩੯੪.੪, ੪੨੦.੨, ੪੨੯.੨, ੪੫੧.੪, ੪੫੪.੪, ੪੮੬.੪, ੫੦੪.੪, ੬੦੬.੪, ੬੨੧.੧, ੬੬੨.੪

ਨਿਧਾਨੀਐ : ਵੇਖੋ ਨਿਧਾਨ। ੧੨੮.੪, ੧੩੭.੪

ਨਿਧਾਨੇ : ਵੇਖੋ ਨਿਧਾਨ। ੨੯.੪

ਨਿਧਿ : (ਸੰ.) (निधि) ਸੰਗਿਆ—ਖਜ਼ਾਨਾ, ਕੋਸ਼, ਦਬਿਆ ਹੋਇਆ ਧਨ, ਕੁਬੇਰ ਦੇ ਨੌ ਰਤਨ, ਨੌ ਖਜ਼ਾਨੇ। ੭੨.੨, ੭੪.੪, ੭੬.੨, ੮੮.੩, ੧੧੧.੪, ੧੯੪.੪, ੨੦੬.੨, ੨੩੬.੨, ੨੪੮.੩, ੨੬੫.੧, ੪੦੦.ਸ.ਛੰ.੨, ੪੭੦.੧, ੪੭੨.੨, ੫੦੬.੪, ੫੧੧.੪, ੫੪੬.੧, ੫੬੪.੩, ੬੦੦.੪, ੬੧੨.੧

ਨਿਧੀ : ਵੇਖੋ ਨਿਧਿ। ੧੩੧.੩, ੧੩੯.੪

ਨਿਧੋ : ਵੇਖੋ ਨਿਧੀ। ੧੯੨.੨

ਨਿਪਜਾਇ : (ਹਿੰ.) (निपजना) ਅ. ਕ੍ਰਿ.—ਨਿਪਜਣਾ, ਪੈਦਾ ਹੋਣਾ, ਤਿਆਰ ਹੋਣਾ। ਵੇਖੋ ਉਪਜਦਾ। ੬੩੫.੩

ਨਿਪਜਾਵਈ : ਵੇਖੋ ਨਿਪਜਾਇ। ੫੪੬.੪

ਨਿਪਜੈ : ਸੰਗਿਆ—ਨਿਪਜ, ਪੈਦਾਵਾਰ ਹੋਣਾ। ੧੨੧.੧, ੨੩੭.੧, ੪੭੬.੨, ੫੩੮.੩, ੬੩੮.੧

ਨਿਪਟ : (ਹਿੰ.) (निपट)—ਨਿਰਾ, ਵਿਸ਼ੁੱਧ, ਖਾਲੀ, ਇਕਦਮ, ਬਿਲਕੁਲ। ੩੪੨.੨

ਨਿਪਟਾਇ : (ਹਿੰ.) (निपटाना) ਸੰਗਿਆ ਪੁ.—ਨਿਪਟਾਉਣ ਦੀ ਕ੍ਰਿਆ ਜਾਂ ਭਾਵ, ਅੰਤ, ਸਮਾਪਤੀ। ੬੩੬.੩

ਨਿਪੁੰਸਕ : (ਸੰ.) (नंपुसक) ਸੰਗਿਆ ਪੁ.—ਵੈਦਕ ਮੱਤ ਅਨੁਸਾਰ ਅਜਿਹਾ ਮਾਨਵ ਜਿਸ ਵਿਚ ਕਾਮ ਇੱਛਾ ਬਿਲਕੁਲ ਨਾ ਹੋਵੇ, ਹਿਜੜਾ, ਨਾਮਰਦ। ੪੪੩.੧, ੪੪੫.੧

ਨਿਬਹਤ : (ਸੰ.) (निर्वहृष) ਸੰਗਿਆ—ਨਿਭਦਾ ਹੈ, ਨਿਭ ਜਾਂਦਾ ਹੈ। ੫੧੫.੩

ਨਿਬਹੈ : (ਸੰ.) (निर्वहृण) ਕ੍ਰਿ.—ਨਿਭਣਾ, ਨਿਰਵਾਹ ਹੋਣਾ, ਗੁਜ਼ਾਰਾ ਕਰਨਾ ਆਦਿ। ੨੧੯.੪

ਨਿਬਰਤ : (ਸੰ.) (निवृंत) ਕ੍ਰਿ.—ਨਿਬੜਨਾ, ਨਿਪਟਣਾ, ਨਿਵ੍ਰਿਤ ਹੋਣਾ, ਛੁਟਕਾਰਾ ਪਾਉਣਾ, ਮੁਕਤ ਹੋਣਾ ਆਦਿ। ੨੯੮.੩

ਨਿਬੇਰਾ : ਵੇਖੋ ਨਿਬਹਤ। ੫੬.੩

ਨਿਬੇਰੋ : ਵੇਖੋ ਨਿਬਹਤ। ਨਿਬੇੜੋ, ਸਿਰੇ ਚੜ੍ਹਨਾ, ਤੈਅ ਹੋਣਾ। ੫੭੦.੩

ਨਿਮਖ : (ਸੰ.) (निमेष) ਸੰਗਿਆ ਪੁ.—ਅੱਖ ਝਮਕਣ ਦੀ ਕ੍ਰਿਆ, ਪਲਕ ਮਾਰਨ ਦਾ ਸਮਾਂ, ਪਲ, ਖਿਣ। ੬੫੪.੧

ਨਿਮ੍ਰਤਾ : (ਸੰ.) (नम्रता) ਸੰਗਿਆ ਪੁ.—ਨਮ੍ਰ ਹੋਣ ਦਾ ਭਾਵ, ਨੀਵੇਂ ਹੋਣ ਦਾ ਭਾਅ, ਝੁਕਾਉ, ਹਲੀਮੀ। ੨੨.੧, ੧੩੦.੨, ੧੩੫.੪, ੧੮੯.੧, ੪੬੫.੪, ੬੨੮.੩

ਨਿਮਰੀਭੂਤ : ਵਿ.—ਨਮ੍ਰਭੂਤ, ਝੁਕਿਆ ਹੋਇਆ, ਨਿਰ ਅਭਿਮਾਨ। ੨੯੦.੪

ਨਿਮਿਤ : (ਸੰ.) (निमित) ਸੰਗਿਆ ਪੁ.—ਕਾਰਜ ਜਾਂ ਗੱਲ ਜਿਸ ਦੇ ਕਰਕੇ ਕੋਈ ਕਾਰਜ ਜਾਂ ਗੱਲ ਹੋਵੇ, ਕਾਰਣ, ਹੇਤੁ, ਸਬੱਬ, ਚਿੰਨ੍ਹ, ਨਿਸ਼ਾਨ ਆਦਿ। ੪੦੫.੧, ੫੨੫.੧

ਨਿਯਤ : (ਸੰ.) (नियत) ਵਿ.—ਨਿਯਮ, ਪ੍ਰਥਾ ਦੁਆਰਾ ਨਿਯਮਿਤ ਕੀਤਾ ਗਿਆ, ਮੁਕੱਰਰ, ਆਗਿਆ, ਵਿਧਾਨ ਦੁਆਰਾ ਸਥਿਰ ਕੀਤਾ ਗਿਆ। ੧੩੬.੨

ਨਿਯਾਰੀ : (ਹਿੰ.) (न्यारा) ਵਿ.—ਅਲਗ, ਜੁਦਾ, ਦੂਰ, ਨਿਆਰਾ। ੧੨੭.੪

ਨਿਰਸ : (ਸੰ.) (नीरस) ਵਿ.—ਜਿਸ ਵਿਚ ਰਸ ਨਾ ਹੋਵੇ, ਰਸਹੀਨ, ਸੁਕਿਆ, ਖੁਸ਼ਕ, ਜਿਸ ਵਿਚ ਕੋਈ ਆਕਰਸ਼ਣ ਨਾ ਹੋਵੇ। ੧੯.੪

ਨਿਰੰਕਾਰ : (ਸੰ.) (निराकार) ਵਿ.—ਜਿਸ ਦਾ ਕੋਈ ਆਕਾਰ ਜਾਂ ਰੂਪ ਨਹੀਂ, ਸਾਕਾਰ ਦੇ ਉਲਟ, ਪਰਮਾਤਮਾ ਦਾ ਇਕ ਵਿਸ਼ੇਸ਼ਣ। ੫੧.੩, ੫੫.੧, ੧੨੫.੩, ੧੬੮.੩

ਨਿਰੰਕਾਰੀ : ਵੇਖੋ ਨਿਰੰਕਾਰ। ਨਿਰੰਕਾਰ ਦਾ ਉਪਾਸ਼ਕ। ੩੭.੪, ੧੨੯.੪, ੧੮੧.੩, ੨੬੦.੧, ੨੬੧.੨, ੩੩੪.੪, ੩੩੮.੧, ੪੪੮.੩, ੪੮੭.੩, ੬੦੩.੪

ਨਿਰਖ : (ਹਿੰ.) (निरख) ਸੰਗਿਆ ਇ.—ਭਾਅ, ਦਰ, ਨਿਰਖ-ਪਰਖ, ਪੜਚੋਲ, ਮਾਪਣਾ, ਤੋਲਣਾ। ੪੬੪.੧, ੫੬੬.੧

ਨਿਰਗੰਧ : (ਸੰ.) (निर्गन्ध) ਵਿ.—ਜਿਸ ਵਿਚ ਗੰਧ ਨਾ ਹੋਵੇ, ਗੰਧ ਰਹਿਤ। ੨੬.੩, ੨੩੬.੩, ੩੦੭.੨, ੩੦੮.੪, ੪੬੫.੨

ਨਿਰਗੁਣ : ਵੇਖੋ ਨਿਰਗੁਨ। ੯੮.੩, ੫੩੪.੪,

ਨਿਰਗੁਨ : (ਸੰ.) (निर्गुण) ਵਿ.—ਜੋ ਤੱਤ ਰਜੋ, ਸਤੋ, ਤਮੋ ਗੁਣਾਂ ਤੋਂ ਪਰੇ ਹੋਵੇ, ਗੁਣ ਰਹਿਤ, ਗੁਣ ਅਤੀਤ, ਪਰਮਾਤਮਾ ਦਾ ਇਕ ਵਿਸ਼ੇਸ਼ਣ। ੪੨.੪, ੫੫.੩

ਨਿਰੰਜਨ : (ਸੰ.) (निरञ्जन) ਵਿ.—ਅੰਜਨ ਰਹਿਤ, ਮਾਯਾ ਰਹਿਤ, ਨਿਰਲੇਪ, ਪਰਮਾਤਮਾ ਦਾ ਇਕ ਵਿਸ਼ੇਸ਼ਣ। ੧੫੦.੪, ੧੬੮.੪, ੨੬੭.੪, ੨੭੭.੪, ੨੯੫.੨, ੨੯੫.੪, ੩੪੪.੨, ੪੦੯.੪, ੫੫੬.ਸ.੩

ਨਿਰੰਜਨਈ : ਸੰਗਿਆ ਇ.—ਸਾਧੂਆਂ ਦੀ ਇਕ ਸੰਪ੍ਰਦਾ ਜੋ ਲੰਗੋਟੀ, ਤਿਲਕ ਤੇ ਕੰਠੀ ਦੇ ਧਾਰਣੀ ਹੁੰਦੇ ਹਨ। ੧੮੨.੩

ਨਿਰੰਤਰ : (ਸੰ.) (निरन्तर) ਵਿ.—ਜਿਸ ਵਿਚ ਕੋਈ ਅੰਤਰ ਜਾਂ ਫਾਸਲਾ ਨਾ ਹੋਵੇ, ਅੰਤਰ ਰਹਿਤ, ਲਗਾਤਾਰ, ਬਰਾਬਰ, ਅਖੰਡ, ਸਦਾ ਰਹਿਣ ਵਾਲਾ, ਸਥਾਈ ਆਦਿ। ਕ੍ਰਿ. ਵਿ.—ਲਗਾਤਾਰ, ਬਰਾਬਰ, ਸਦਾ, ਹਮੇਸ਼ਾ। ੯੮.੨, ੧੮੬.੪, ੨੮੦.੨, ੩੪੮.੨

ਨਿਰੰਤਰੀ : ਵੇਖੋ ਨਿਰੰਤਰ। ਨਿਰੰਤਰ ਹੀ, ਨਿਰੰਤਰ ਰਹਿਣ ਵਾਲਾ। ੪੭.੨, ੧੩੫.੪

ਨਿਰੰਤਰੀਨ : ਵੇਖੋ ਨਿਰੰਤਰ। ੨੩੨.੩

ਨਿਰਦਲ : (ਸੰ.) (निर्दलन) ਵਿ.—ਕੁਚਲਣ ਦਾ ਭਾਵ, ਦਲਨ ਕਰਨਾ, ਨਾਸ਼ ਕਰਨਾ, ਖਤਮ ਕਰਨਾ, ਖਾਤਮਾ ਕਰਨਾ। ੨੯੫.੩

ਨਿਰਦੇਸ਼ : (ਸੰ.) (निर्देश) ਸੰਗਿਆ—ਦੱਸਣ ਦੀ ਕ੍ਰਿਆ, ਹੁਕਮ, ਨਿਸ਼ਚਿਤ, ਆਦੇਸ਼, ਜਿਸ ਦਾ ਕੋਈ ਖਾਸ ਦੇਸ਼ ਜਾਂ ਦਿਸ਼ਾ ਨਾ ਹੋਵੇ। ੪੮੫.੩

ਨਿਰਦੋਸ਼ : (ਸੰ.) (निर्दोष) ਵਿ.—ਦੋਸ਼ ਰਹਿਤ, ਬੇਐਬ, ਨਿਰਅਪਰਾਧ, ਬੇਕਸੂਰ। ੫੦੧.੨

ਨਿਰਦੋਖ : (ਸੰ.) (निर्दोष) ਵਿ.—ਜਿਸ ਵਿਚ ਕੋਈ ਦੋਸ਼ ਨਾ ਹੋਵੇ, ਦੋਸ਼ ਰਹਿਤ, ਕਲੰਕ ਮੁਕਤ। ੧੬੮.੧, ੧੯੮.੪, ੩੪੪.੨, ੩੫੪.੪, ੩੮੪.੩, ੩੯੨.੪

ਨਿਰਧਨ : (ਸੰ.) (ਨਿਰ੍ਧਨ) ਵਿ.— ਗਰੀਬ, ਧਨ-ਹੀਣ । ੩੮੭.੨

ਨਿਰਬੰਧ : (ਸੰ.) (ਨਿਰ੍ਬਂਧ) ਸੰਗਿਆ ਪੁ.—ਅੜਚਨ, ਰੁਕਾਵਟ, ਜ਼ਿਦ, ਹੱਠ, ਰੋਕ। ੨੭ .੪

ਨਿਰਬਾਹ : (ਸੰ.) (ਨਿਰ੍ਵਾਹ) ਸੰਗਿਆ—ਗੁਜ਼ਾਰਾ, ਨਿਰਵਾਹ, ਪਾਲਣ, ਕਿਸੇ ਕਰਮ ਦੇ ਬਰਾਬਰ ਜਾਰੀ ਰਹਿਣ ਦਾ ਭਾਵ । ੧੧੯.੪, ੩੧੫.੪

ਨਿਰਬਾਹੈ : ਵੇਖੋ ਨਿਰਬਾਹ । ਨਿਰਬਾਹ ਕਰਦਾ ਹੈ । ੪੯੨.੨

ਨਿਰਬਾਹੋ : ਵੇਖੋ ਨਿਰਬਾਹ । ਨਿਰਬਾਹ ਕਰਦਾ ਹੈ । ੩੮੩.੧

ਨਿਰਬਾਣ : ਵੇਖੋ ਨਿਰਬਾਨ । ੫੧੯.੨

ਨਿਰਬਾਨ : (ਸੰ.) (ਨਿਰ੍ਵਾਣ) ਸੰਗਿਆ— ਮੋਕਸ਼, ਮੁਕਤੀ, ਛੁਟਕਾਰਾ (ਨਿਰ + ਬਾਣ) ਨਿਰਬੰਧਨ, ਇਕ ਰਸ ਆਦਿ । ੪੫.੩, ੭੩.੪, ੧੬੮.੨, ੨੬੮.੪

ਨਿਰਬਾਨੀ : ਵੇਖੋ ਨਿਰਬਾਨ । ਵਿ.—ਬਾਣੀ ਰਹਿਤ, ਨਾ ਬੋਲਣ ਵਾਲਾ, ਗੂੰਗਾ । ੩੨੭.੪

ਨਿਰਬਿਘਨ : (ਸੰ.) (ਨਿਰਵਿਘ੍ਨ) ਵਿ.—ਵਿਘਨ ਰਹਿਤ, ਰੁਕਾਵਟ ਰਹਿਤ, ਬਿਨਾਂ ਕਿਸੇ ਰੋਕ ਦੇ, ਨਿਰੰਤਰ ਜਾਰੀ ਰਹਿਣ ਵਾਲਾ । ੧੨੧.੨. ੫੮੨.੧,

ਨਿਰਬੈਰ : (ਸੰ.) (ਨਿਰ੍ਵੈਰ) ਵਿ.—ਜਿਸ ਦਾ ਕੋਈ ਵੈਰੀ ਨਾ ਹੋਵੇ, ਪਰਮਾਤਮਾ ਦਾ ਇਕ ਵਿਸ਼ੇਸ਼ਣ । ੨੬.੧

ਨਿਰਭੇਦ : (ਸੰ.) (ਨਿਰ੍ਭੇਦ) ਵਿ.—ਭੇਦਨ ਕਰਨੇ, ਪਾੜਨਾ, ਬਾਹਰ ਆਉਣ ਦੀ ਕ੍ਰਿਆ । ੨੬.੨, ੧੫੫.੦, ੪੦੮.੩

ਨਿਰਭੈ : (ਸੰ.) (ਨਿਰ੍ਭਯ) ਵਿ.—ਨਿਡਰ, ਜਿਸ ਨੂੰ ਕਿਸੇ ਦੀ ਭੈਅ ਨਾ ਹੋਵੇ । ੨੪.੪, ੧੬੮.੩, ੩੪੪.੨, ੩੫੪.੨

ਨਿਰਮਲ : (ਸੰ.) (ਨਿਰ੍ਮਲ) ਵਿ.—ਪਵਿਤ੍ਰ, ਸ਼ੁੱਧ, ਮਲ ਰਹਿਤ । ੫੫੭.੨, ੬੧੪.੧

ਨਿਰਮਾਨ : (ਸੰ.) (ਨਿਰ੍ਮਾਣ) ਸੰਗਿਆ ਪੁ.— ਕਿਸੇ ਵਸਤੂ ਦਾ ਬਣਾਇਆ ਜਾਣਾ, ਬਨਾਉਣ ਦਾ ਕੰਮ, ਰਚਨਾ, ਉਹ ਵਸਤੂ ਜੋ ਬਣ ਕੇ ਤਿਆਰ ਹੁੰਦੀ ਹੈ । ੧੭੯.੧, ੨੪੧.੧

ਨਿਰਮੋਹ : (ਸੰ.) (ਨਿਰ੍ਮੋਹ) ਵਿ.— ਜਿਸ ਦੇ ਮਨ ਵਿਚ ਮੋਹ ਨਾ ਹੋਵੇ, ਮੋਹ ਰਹਿਤ, ਮਮਤਾ ਹੀਣ । ੧੫੦.੪, ੧੬੮.੨, ੨੯੩.੩, ੩੪੪.੨

ਨਿਰਮੋਲ : (ਸੰ.) (ਨਿਰ੍ਮੋਲ) ਵਿ.—ਜਿਸ ਦਾ ਕੋਈ ਮੋਲ ਨਾ ਹੋਵੇ, ਅਮੋਲ, ਮੁੱਲ ਰਹਿਤ । ੧੭.੧, ੬੧.੩, ੧੫੦.੪, ੨੪੩.੨

ਨਿਰਲੰਭ : (ਸੰ.) (ਨਿਰਵਲੰਭ) ਵਿ.— ਅਵਲੰਬ ਹੀਨ, ਨਿਰਆਸਰਾ, ਬਿਨਾ ਆਸਰੇ ਦੇ, ਆਧਾਰ ਰਹਿਤ । ੧੫੦.੩, ੨੯੩.੩

ਨਿਰਲੇਪ : (ਸੰ.) (ਨਿਰ੍ਲੇਪ) ਵਿ.—ਨਿਰਲਿਪਤ, ਵਿਸ਼ਿਆਂ ਤੋਂ ਮੁਕਤ, ਪਾਪ ਮੁਕਤ, ਮਾਇਆ ਤੋਂ ਮੁਕਤ । ੧੫੦.੩, ੧੬੮.੨, ੩੪੪.੨, ੩੬੯.੪, ੪੯੦.੪

ਨਿਰਲੋਭ : (ਸੰ.) (निर्लोभ) ਵਿ.—ਲੋਭ ਰਹਿਤ, ਲਾਲਚ ਰਹਿਤ, ਸੰਤੋਖੀ। ੧੬੮.੧

ਨਿਰਵੈਰ : (ਸੰ.) (निर्वैर) ਵਿ.—ਜਿਸ ਦਾ ਕੋਈ ਵੈਰੀ ਨਾ ਹੋਵੇ, ਜਿਸ ਦੇ ਅੰਦਰ ਵੈਰ ਦੀ ਭਾਵਨਾ ਨਹੀਂ, ਪਰਮਾਤਮਾ ਦਾ ਇਕ ਵਿਸ਼ੇਸ਼ਣ। ੬੪੩.੪

ਨਿਰਵਾਰੋ : (ਸੰ.) (निवारण) ਸੰਗਿਆ—ਰੋਕਣ ਜਾਂ ਹਟਾਉਣ ਦੀ ਕ੍ਰਿਆ (ਕ੍ਰਿ.) ਨਿਰਵਾਰਨਾ, ਅਲੱਗ ਕਰਨਾ, ਫੈਸਲਾ ਕਰਨਾ, ਛੁਟਕਾਰਾ ਕਰਨਾ ਆਦਿ। ੯੩.੧, ੩੪੦.੩

ਨਿਰਵਿਕਾਰ : (ਸੰ.) (निर्बिकार) ਵਿ.— ਵਿਕਾਰ ਰਹਿਤ, ਜਿਸ ਵਿਚ ਕਿਸੇ ਪ੍ਰਕਾਰ ਦਾ ਵਿਕਾਰ ਜਾਂ ਪਰਿਵਰਤਨ ਨਾ ਹੋਵੇ। ੧੫੦.੩

ਨਿਰਵਿਘਨ : ਵੇਖੋ ਨਿਰਬਿਘਨ। ੩੫੪.੧, ੪੧੮.੩, ੫੧੫.੨

ਨਿਰਵਿਘਨਾਇ : ਵੇਖੋ ਨਿਰਬਿਘਨ। ੧੬੮.੨

ਨਿਰਵਿਵਾਦ : (ਸੰ.) (निर्विवाद) ਵਿ.—ਵਿਵਾਦ ਰਹਿਤ, ਬਿਨਾਂ ਕਿਸੇ ਮਤ ਭੇਦ, ਵਿਵਾਦ ਜਾਂ ਝਗੜੇ ਦੇ, ਸਰਬ ਮਾਨਤਾ ਪ੍ਰਾਪਤ। ੧੬੮.੪

ਨਿਰਵੈਰ : ਵੇਖੋ ਨਿਰਬੈਰ। ੧੫੦.੩, ੧੬੮.੨. ੩੪੪.੨, ੪੦੮.੩

ਨਿਰਾਸ : ਵੇਖੋ ਨਿਰਾਸ਼। ੧੪੫.ਝ.ਛੰ.੩, ੧੯੦.੧, ੨੭੨.੨, ੪੨੮.੪, ੪੫੮.੨

ਨਿਰਾਸ਼ : (ਸੰ.) (निराश) ਵਿ.—ਆਸ਼ਾ ਤੋਂ ਰਹਿਤ, ਸੰਸਾਰ ਤੋਂ ਉਦਾਸ, ਆਸਾ ਦਾ ਆਭਾਵ। ੫੦੩.੧

ਨਿਰਾਸਨ : (ਸੰ.) (निरासन) ਵਿ.—ਆਸਨ ਰਹਿਤ, ਬਿਨਾਂ ਆਸਨ ਤੋਂ, ਨਿਰਆਸਰਾ, ਜਿਸ ਦਾ ਕੋਈ ਆਸਰਾ ਨਾ ਹੋਵੇ। ੩੮੭.੧

ਨਿਰਾਸਾ : ਵੇਖੋ ਨਿਰਾਸ਼।੨੬.੪

ਨਿਰਾਸੀ : ਵੇਖੋ ਨਿਰਾਸ। ਵਿ.—ਜਿਸ ਦੀ ਆਸ ਮੁੱਕ ਚੁਕੀ ਹੋਵੇ, ਨਾ ਉਮੀਦ, ਬੇ-ਰੌਣਕ, ਉਦਾਸ। ੧੬੮.੩

ਨਿਰਾਸੋ : ਵੇਖੋ ਨਿਰਾਸੀ। ਨਿਰਾਸ ਹੋਣ ਦੀ ਕ੍ਰਿਆ। ੪੩੪.੧

ਨਿਰਾਹਾਰ : (ਸੰ.) (निराहार) ਵਿ.—ਆਹਾਰ ਰਹਿਤ, ਜਿਸ ਨੇ ਭੋਜਨ ਨਾ ਕੀਤਾ ਹੋਵੇ, ਅਹਾਰ ਰਹਿਤ, ਵਰਤ ਰਖਣ ਵਾਲਾ। ੧੫੦.੪, ੧੬੮.੩, ੨੩੭.੪, ੩੪੪.੧

ਨਿਰਾਕਾਰ : ਵੇਖੋ ਨਿਰੰਕਾਰ। ੩੪੪.੧

ਨਿਰਾਦੁਰ : (ਸੰ.) (निरादर) ਸੰਗਿਆ ਪੁ—ਆਦਰ ਰਹਿਤ, ਆਦਰ ਨਾ ਹੋਣਾ, ਅਪਮਾਨ, ਬੇਇਜ਼ਤੀ। ੨੧੯.੨, ੪੪੨.੩

ਨਿਰਾਧਾਰ : (ਸੰ.) (निराधार) ਵਿ.—ਆਸਰਾ ਰਹਿਤ, ਸਹਾਰੇ ਤੋਂ ਬਿਨਾਂ ਆਧਾਰ ਹੀਨ। ੧੫੦.੩, ੧੬੮.੩, ੩੪੪.੧, ੩੮੭.੧, ੬੪੮.੪

ਨਿਰਾਲੰਬ : ਵੇਖੋ ਨਿਰਲੰਬ। ੨੫੩.੩, ੨੬੮.੪, ੫੨੯.੪

ਨਿਰਾਲੰਭ : ਵੇਖੋ ਨਿਰਲੰਬ । ੧੬੮.੨

ਨਿਰੁਦਮ : (ਸੰ.) (निरुद्यम) ਵਿ.—ਉਦਮ ਰਹਿਤ, ਜਿਸ ਦੇ ਹੱਥ ਵਿਚ ਕੋਈ ਉਦਮ ਨਾ ਹੋਵੇ, ਬੇਕਾਰ । ੨੮੨.੧

ਨਿਲਜ : (ਸੰ.) (निर्लज्ज) ਵਿ.—ਜਿਸ ਨੂੰ ਲਜਾ ਜਾਂ ਸ਼ਰਮ ਨਾ ਹੋਵੇ, ਬੇਸ਼ਰਮ, ਬੇਹਯਾ । ੧੭੩.੨

ਨਿਵਾਸ : (ਸੰ.) (निवास) ਸੰਗਿਆ ਪੁ.—ਰਹਿਣ ਦੀ ਕ੍ਰਿਆ ਜਾਂ ਭਾਵ, ਰਿਹਾਇਸ਼, ਵਿਸ਼ਰਾਮ ਸਥਾਨ, ਮਕਾਨ, ਘਰ, ਬਸਤਰ, ਕਪੜਾ ਆਦਿ । ੪.ਸੋ.੧, ੪.ਦੋ.੧, ੪.ਛੰ.੪, ੨੨.੧, ੩੫.੧, ੩੭.੩, ੬੨.੩, ੧੦੫.੧, ੧੨੩.੨, ੧੨੪.੪, ੧੨੫.੧, ੧੨੯.੪, ੧੩੭.੩, ੧੮੯.੧, ੧੯੫.੩, ੨੪੬.੨, ੨੮੧.੧, ੨੮੧.੪, ੨੮੩.੩, ੩੨੨.੧, ੩੪੯.੩, ੩੬੪.੧, ੪੨੧.੨, ੪੨੪.੧, ੪੪੫.੩, ੪੭੧.੪, ੫੨੯.੧, ੫੯੯.੨

ਨਿਵਾਸੀ : (ਸੰ.) (निवासिन्) ਸੰਗਿਆ ਪੁ.—ਵਾਸਾ ਕਰਨ ਵਾਲਾ, ਰਹਿਣ ਵਾਲਾ, ਵਾਸੀ । ੩੩੩.੨, ੫੦੪.੩

ਨਿਵਾਰ : (ਸੰ.) (निवार) ਪੁ.—ਨਿਵਾਰਨ ਕਰਨਾ, ਹਟਾਉਣਾ, ਦੂਰ ਕਰਨਾ । ੨੪.੪ ੩੨.੧, ੯੨.੨, ੨੫੨.੨, ੨੭੭.੪, ੪੮੦.੪

ਨਿਵਾਰਣ : (ਸੰ.) (निवारण) ਸੰਗਿਆ ਪੁ.— ਰੋਕਣ ਦੀ ਕ੍ਰਿਆ, ਹਟਾਉਣ ਜਾਂ ਦੂਰ ਕਰਨ ਦੀ ਕ੍ਰਿਆ, ਨਿਵ੍ਰਿਤੀ, ਛੁਟਕਾਰਾ । ੩੮੩.੨

ਨਿਵਾਰਤ : ਵੇਖੋ ਨਿਵਾਰਨ । ਨਿਵਾਰਦਾ ਹੈ । ੪੭੧.੨

ਨਿਵਾਰੀ : ਵੇਖੋ ਨਿਵਾਰ । ਵਿ.—ਨਿਵਾਰਣ ਕਰਨ ਵਾਲਾ । ੮੨.੧, ੧੨੭.੨, ੪੪੮.੧, ੪੫੭.੧, ੪੫੮.੪

ਨਿਵਾਰੀਐ : ਵੇਖੋ ਨਿਵਾਰ । ਨਿਵਾਰ ਦਿੰਦੇ ਹਨ, ਨਿਵ੍ਰਿਤ ਕਰੀਏ । ੧੦੯.੩, ੩੭੭.੧, ੫੪੭.੪

ਨਿਵਾਰੇ : ਵੇਖੋ ਨਿਵਾਰ । ਨਿਵਾਰ ਦਿੰਦਾ ਹੈ । ੭੮.੨

ਨਿਵਿਰਤ : (ਸੰ.) (निवर्त) ਵਿ.—ਜਿਸ ਦਾ ਨਿਵਾਰਣ ਕੀਤਾ ਗਿਆ ਹੋਵੇ, ਹਟਾਇਆ ਹੋਇਆ, ਵਾਪਸ ਕੀਤਾ ਹੋਇਆ । ੬੦੩.੪

ਨਿਵੈ : (ਸੰ.) (नम्) ਅ. ਕ੍ਰਿ.—ਨਿਵਦਾ, ਨਿਵਣਾ, ਝੁਕਣਾ । ਸ. ਕ੍ਰਿ.—ਨਿਵਾਣਾ, ਝੁਕਾਣਾ, ਨਮਸਕਾਰ ਕਰਨਾ, ਪ੍ਰਣਾਮ ਕਰਨਾ । ੩੦੬.੨

ਨੀਸਾਨ : (ਫ਼ਾ.) ਨਿਸ਼ਾਨ । ਸੰਗਿਆ—ਚਿੰਨ੍ਹ, ਲਛੱਣ, ਸ਼ਾਹੀ ਫ਼ੁਰਮਾਣ, ਝੰਡਾ, ਨਗਾਰਾ, ਧੌਂਸਾ ਆਦਿ । ੫੯.੩, ੨੪੭.੪, ੩੧੯.੩

ਨੀਸਾਨੇ : ਵੇਖੋ ਨੀਸਾਨ । ਨਿਸ਼ਾਨ ਦਾ ਵੱਜਣਾ, ਵਾਦਨ, ਨਗਾਰਾ ਜਾਂ ਕਿਸੇ ਸਾਜ਼ ਦੇ ਵੱਜਣ ਦੀ ਕ੍ਰਿਆ । ੨੯.੩

ਨੀਕੋ : (ਹਿੰ.) (नीका) ਵਿ.—ਚੰਗਾ, ਉੱਤਮ, ਵਧੀਆ, ਅੱਛਾ । ੪੧੯.੧

ਨੀਚ : (ਸੰ.) (ਨੀਚ) ਵਿ.—ਘਟੀਆ, ਦੁਸ਼ਟ, ਖੋਟਾ, ਕਮੀਨਾ ਆਦਿ। ੧੩੬.੪, ੧੫੭.੨, ੩੮੨.੪, ੪੬੫.੧, ੪੯੨.੩, ੫੦੮.੪, ੫੨੯.੩, ੬੩੨.੩, ੬੫੮.੪, ੬੬੦.੨

ਨੀਚਾਨ : ਵਿ.—ਨਿਵਾਣ, ਨਿਵਾਈ, ਨੀਵਾਂ ਸਥਾਨ, ਨੀਵੀਂ ਥਾਂ । ੬੬੨.੨

ਨੀਚੇ : —ਨੀਵੇਂ ਵਲ, ਨੀਵਾਂ ਵਿਖਾਉਣਾ ਜਾਂ ਨੀਵਾਂ ਕਰਨ ਦਾ ਭਾਵ । ੬੨੯.੧

ਨੀਤ : (ਸੰ.) (ਨੀਤ) ਵਿ.—ਲਿਆਉਂਦਾ, ਪਹੁੰਚਾਇਆ, ਸਥਾਪਿਤ, ਪ੍ਰਾਪਤ ਗ੍ਰਹਿਣ ਕੀਤਾ, ਨਿਯਤ, ਚਿਤ ਦਾ ਸੰਕਲਪ, ਇਰਾਦਾ ਆਦਿ । ੪੬.੪, ੬੨੭.੨

ਨੀਰ : (ਸੰ.) (ਨੀਰ) ਸੰਗਿਆ- ਜਲ, ਪਾਣੀ । ੨੮੭.੪, ੩੨੭.੩, ੩੪੦.੩, ੩੭੫.੩, ੫੭੦.੩, ੫੯੯.੨, ੬੩੬.੧

ਨੀਲ : (ਸੰ.) (ਨੀਲ) ਸੰਗਿਆ—ਨੀਲਾ ਰੰਗ, ਨੀਲ ਪੈਦਾ ਕਰਨ ਵਾਲਾ ਪੌਦਾ, ਸੌ ਖਰਬ ਦੀ ਸੰਖਿਆ. ਹੀਰਾ ਆਦਿ । ੪੧੬.੩, ੫੧੦.੨

ਨੂਪ : ਵੇਖੋ ਅਨੂਪ । ੧੬੬.੩

ਨੇਹ : (ਸੰ.) (ਸ੍ਨੇਹ) ਸੰਗਿਆ—ਉਹ ਪ੍ਰੇਮ ਜੋ ਵੱਡਿਆਂ ਨੂੰ ਛੋਟਿਆਂ ਨਾਲ ਹੁੰਦਾ ਹੈ, ਪ੍ਰੇਮ, ਪ੍ਰੀਤ, ਮੁਹੱਬਤ । ੨੩੪.੩, ੨੯੯.੨, ੪੮੭.੩

ਨੇਹੁ : ਵੇਖੋ ਨੇਹ । ੪੪੮.੩, ੪੪੮.੪, ੫੯੨.੩

ਨੇਤਿ : (ਸੰ.) (ਨੇਤਿ)—ਪਰਮਾਤਮਾ ਦੀ ਅਨੰਤਤਾ ਸੂਚਿਤ ਕਰਨ ਵਾਲਾ, ਉਪਨਿਸ਼ਦਾ ਦਾ ਸ਼ਬਦ, ਭਾਵ ਅੰਤ ਹੀਨ, ਅਪਾਰ ਆਦਿ । ੧.ਛੰ.੨, ੮.ਛੰ.੪, ੩੫.੪, ੩੮.੪, ੫੧.੪, ੮੧.੧, ੧੧੧.੪, ੨੪੦.੪, ੧੪੬.੪, ੧੫੩.੩, ੧੮੦.੨, ੧੯੨.੪, ੨੧੭.੪, ੨੩੨.੪, ੨੬੨.੧, ੨੭੦.੪, ੩੪੧.੨, ੪੦੯.੪, ੪੮੯.੪, ੫੪੩.੧

ਨੇਮ : (ਸੰ.) (ਨਿਯਮ) ਸੰਗਿਆ—ਅਸੂਲ, ਨਿਯਮ, ਕਾਇਦਾ, ਵਿਵਸਥਾ ਜਾਂ ਵਿਧਾਨ । ੪੨.੩, ੪੩.੩, ੪੫.੩, ੫੦.੪, ੬੭.੩, ੭੫.੪, ੮੨.੩, ੮੫.੨, ੮੯.੪, ੯੧.੪, ੯੨.੩, ੧੪੬.੪, ੧੪੯.੪, ੩੦੦.੧, ੩੦੪.੩, ੩੧੯.੩, ੩੨੨.੪, ੪੮੨.੨, ੫੫੦.੨, ੫੭੩.੪, ੬੨੦.੪, ੬੪੫.੨, ੬੬੧.੪

ਨੈਹਰ : (ਹਿੰ.) (ਨੈਹਰ) ਸੰਗਿਆ ਪੁ.—ਇਸਤਰੀ ਦੇ ਪਿਤਾ ਦਾ ਘਰ, ਪੇਕਾ ਘਰ, ਮਾਇਕਾ, ਪੀਹਰ । ੧੧੮.੧, ੧੧੯.੧

ਨੈਨ : (ਸੰ.) (ਨਯਨ) ਸੰਗਿਆ—ਨੇਤ੍ਰ, ਅੱਖ। ੩੫੨.੪, ੩੯੭.੪, ੩੯੯.੧, ੪੦੦.ਸ.ਛੰ.੧, ੪੫੪.੨, ੫੭੮.੧, ੬੫੫.੩, ੬੫੮.੪, ੬੬੫.੨, ੬੬੭.੨

ਨੈਨਨ : ਵੇਖੋ ਨੈਨ । ੬੬੫.੨

ਨੈਵੇਦ : ਵੇਖੋ ਨਈਵੇਦ । ੫੪੩.੩

ਨੌਕਾ : (ਸੰ.) (नौका) ਸੰਗਿਆ ਇ.—ਕਿਸ਼ਤੀ, ਨਾਵ, ਬੇੜੀ । ੪੨੬.੩, ੬੩੬.੨

ਪ

ਪਈਸਾ : (ਹਿੰ.) (पैसा)—ਇਕ ਪ੍ਰਕਾਰ ਦਾ ਸਰਕਾਰੀ ਤੋਲ, ਇਕ ਪਈਸਾ ਜਿਸ ਵਿਚ ਪੰਜ ਟਾਂਕ ਹੁੰਦੇ ਹਨ ਅਤੇ ਇਕ ਟਾਂਕ ਦੇ ਚਾਰ ਚਾਰ ਮਾਸੇ । ੨੨੯.੨

ਪਈਸੇ : ਵੇਖੋ ਪਈਸਾ । ੨੨੯.੨

ਪਏ : (ਹਿੰ.) (पढ़ना) ਅ. ਕ੍ਰਿ.—ਪੈਣਾ, ਪਾਉਣਾ, ਪੜਨਾ, ਪੈਰੀ ਪੈਣਾ, ਆਦਿ । ੫੫੬.ਸ.੪

ਪਸੁ : (ਸੰ.) (पशु) ਸੰਗਿਆ—ਡੰਗਰ, ਚੌਪਾਇਆ, ਜਾਨਵਰ, ਪਸ਼ੂ, ਚਾਰ ਪੈਰਾਂ ਵਾਲਾ ਜੀਵ, ਪ੍ਰਾਣੀ, ਯਗਯ । ੨੦੦.੨, ੨੦੦.੪, ੨੦੨.੧, ੨੦੨.੩,

ਪਸੂਆ : ਵੇਖੋ ਪਸੂ । ੨੦੦.੧, ੨੦੦.੩, ੨੦੧.੧

ਪਹਰ : (ਸੰ.) (प्रहर) ਸੰਗਿਆ ਪੁ.—ਰਾਤ ਅਤੇ ਦਿਨ ਦਾ ਅਠਵਾਂ ਭਾਗ, ਤਿੰਨ ਘੰਟੇ ਦਾ ਸਮਾਂ ੧੫੭.੧, ੬੫੨.੧

ਪਹਰੇ : (ਹਿੰ.) (पहरा) ਕ੍ਰਿ. ਵਿ.—ਹਰ ਵੇਲੇ, ਦਿਨ ਰਾਤ, ਨਿਗਰਾਨੀ-ਕਰਨਾ, ਰਖਵਾਲੀ ਕਰਨਾ, ਸਾਵਧਾਨੀ ਨਾਲ ਕਿਸੇ ਕਾਰਜ ਨੂੰ ਸਿਰੇ ਚਾੜ੍ਹਨਾ, ਸਮਾਂ ਆਦਿ । ੫੫੨.੩

ਪਹਾਰ : (ਹਿੰ.) (पहाड़) ਸੰਗਿਆ ਪੁ.—ਭੂਮੀ ਦੇ ਤਲ ਤੋਂ ਉੱਚਾ ਪਥਰੀਲਾ ਪ੍ਰਕ੍ਰਿਤਕ ਭਾਗ, ਪਹਾੜ, ਪਰਬਤ । ੬੭੦.੩

ਪਹਿ : —ਪਾਸ, ਕੋਲ, ਪ੍ਰਤਯ, ਤੋਂ ਮੈਂ ਤੋਂ ਆਦਿ । ੧.ਛੰ.੧, ੪੭੨.੧, ੪੭੪.੩

ਪਹਿਚਾਨ : (ਹਿੰ.) (पहिचान) ਸੰਗਿਆ—ਪਹਿਚਾਣ, ਪਰਿਚਯ, ਜਾਣਕਾਰੀ ਪਛਾਣ । ੬੭੫.੪

ਪਹਿਚਾਨਈ : ਵੇਖ ਪਹਿਚਾਨ । ਪਹਿਚਾਨਣ ਦੀ ਕ੍ਰਿਆ । ੩੬੩.੩, ੪੭੦.੩

ਪਹਿਚਾਨੀ : ਵੇਖੋ ਪਹਿਚਾਨ । ਪਹਿਚਾਨਿਆ । ੧੬੫.੪

ਪਹਿਚਾਨੀਐ : ਵੇਖੋ ਪਹਿਚਾਨ । ੯੮.੨, ੧੦੮.੨, ੧੧੮.੪, ੧੨੩.੨, ੧੪੭.੩, ੧੫੧.੩, ੧੫੮.੪, ੧੮੮.੧, ੧੬੬.੧, ੧੮੭.੪, ੨੪੪.੩, ੨੮੦.੩, ੨੮੮.੨, ੩੦੧.੩, ੩੮੦.੩, ੩੮੨.੨, ੪੦੭.੨, ੪੬੫.੧, ੪੮੭.੩, ੪੯੩.੧, ੫੩੫.੪, ੬੦੯.੧

ਪਹਿਚਾਨੈ : ਵੇਖੋ ਪਹਿਚਾਨ । ਪਹਿਚਾਣਦਾ ਹੈ । ੨੧.੨, ੧੪੯.੩, ੧੮੧.੨, ੨੨੭.੩

ਪਹਿਚਾਨੈ : ਵੇਖੋ ਪਹਿਚਾਨ । ੫੭੦.੪

ਪਹਿਰ : ਵੇਖੋ ਪਹਰ । ੭੬.੩, ੨੪੦.੧, ੩੧੦.੪, ੬੫੭.੧

ਪਹੁਚ : ਵੇਖੋ ਪਹੁੰਚ । ੬੪੦.੪

ਪਹੁੰਚ : (ਹਿੰ.) (पहूंच) ਅ. ਕ੍ਰਿ.—ਪਹੁੰਚਣਾ, ਪੁੱਜਣਾ, ਅਪੜਨਾ, ਰਸਾਈ ਹੋਣਾ, ਤੁਲ ਹੋਣਾ ਆਦਿ । ੫੭੮.੪

ਪਹੁੰਚਤ : ਪਹੁੰਚਣ ਦੀ ਕ੍ਰਿਆ । ੩੫੪.੩, ੫੦੧.੧

ਪਹੁੰਚਾਇਕੈ : ਵੇਖੋ ਪਹੁੰਚ । ਕਿਸੇ ਨੂੰ ਪਹੁੰਚਾਣਾ । ੩੩੪.੨

ਪਹੁੰਚਾਤ : ਵੇਖੋ ਪਹੁੰਚ । ਪਹੁੰਚਾਉਂਦਾ ਹੈ । ੩੬੨.੩

ਪਹੁੰਚਾਵਈ : ਵੇਖੋ ਪਹੁੰਚ । ਪਹੁੰਚਾਉਂਦਾ ਹੈ । ੩੫੭.੪

ਪਹੁਚਾਵਹੀ : ਵੇਖੋ ਪਹੁੰਚ । ੬੨੦.੨

ਪਹੁੰਚੇ : ਵੇਖੋ ਪਹੁੰਚ । ੪੩੬.੪, ੪੪੦.੧

ਪਹੁੰਚੈ : ਵੇਖੋ ਪਹੁੰਚ । ੨੩੦.੪, ੩੧੩.੧—੩੧੩.੩, ੩੭੧.੨, ੪੫੧.੧, ੫੬੩.੨, ੫੮੨.੧, ੫੮੨.੪ ੫੮੮.੪, ੫੯੫.੧

ਪਹੁੰਚੋ : ਵੇਖੋ ਪਹੁੰਚ । ੭੫.੩

ਪਕਸ਼ : (ਸੰ.) (पक्ष) ਸੰਗਿਆ—ਪੱਖ, ਤਰਫ਼ ਵਲ, ਓਰ, ਖੰਭ, ਕੁਲ, ਵੰਸ਼ ਆਦਿ । ੪੮੪.੨

ਪਕਰ : (ਹਿੰ.) (पकड़) ਸ. ਕ੍ਰਿ.—ਪਕੜ, ਪਕੜਨਾ, ਫੜਨਾ, ਧਾਰਨ ਕਰਨਾ, ਗ੍ਰਹਿਣ ਕਰਨਾ, ਹੱਥ ਵਿਚ ਕਰ ਲੈਣਾ । ੪੫੨.੨

ਪਕਰਿ : ਵੇਖੋ ਪਕਰ । ਪਕੜ ਜਾਂ ਪਕੜ ਕੇ । ੫੧੪.੨

ਪੰਖ : (ਸੰ.) (पक्ष) ਸੰਗਿਆ—ਪਰ, ਖੰਭ । ੩੯੯.੧

ਪਖਾਨ : (ਸੰ.) (पाषाण) ਸੰਗਿਆ ਪੁ.—ਪੱਥਰ, ਗੰਧਕ, ਪੰਨੇ ਨੀਲਮ ਦਾ ਇਕ ਦੋਸ਼ । ੨੩੭.੧, ੨੯੯.੧, ੨੯੭.੨, ੩੨੬.੧, ੩੨੯.੧, ੩੭੫.੧, ੫੭੩.੩

ਪਖੇਰੂ : (ਸੰ.) (पक्षी) ਸੰਗਿਆ—ਪਰਧਾਰੀ ਪੰਖਾਂ ਵਾਲਾ ਜੀਵ, ਪੰਛੀ, ਪਰਿੰਦਾ, ਉਡਣ ਵਾਲਾ ਜੀਵ । ੫੬੪.੨

ਪਗ : (ਸੰ.) (पग) ਸੰਗਿਆ—ਪਦ, ਪੈਰ, ਕਦਮ, ਪੱਗ, ਪਗੜੀ, ਦਸਤਾਰ, ਡਿੰਘ ਆਦਿ । ੧੪੭.੪, ੧੭੩.੪, ੧੯੩.੧, ੧੯੯.੩, ੨੪੫.੧, ੨੮੮.੪, ੨੯੦.੩, ੩੦੯.੧, ੩੯੯.੧, ੪੧੩ ੧, ੪੩੪.੪, ੪੩੯.੧, ੪੬੭.੨, ੫੯੪.੩, ੬੪੦.੩, ੬੨੭.੩, ੬੭੩.੪

ਪੰਗ : (ਸੰ.) (पंगु) ਵਿ.—ਪਿੰਗਲਾ, ਲੰਗੜਾ, ਪਦਹੀਨ, ਜੋ ਫਿਰ ਨਾ ਸਕੇ, ਬੁਰਾ, ਪੰਨ, ਚਿਕੜ, ਪਤੰਗਾ ਆਦਿ । ੧੯੯:੪, ੨੭੮.੪, ੩੩੫.੪

ਪੰਗਤ : (ਸੰ.) (पङ्क्ति) — ਕਤਾਰ, ਸ਼੍ਰੇਣੀ, ਪੰਕਤੀ, ਸਤਰ, ਲਾਈਨ, ਪੀੜ੍ਹੀ, ਵੰਸ਼ । ੧੮੩.੪

ਪਗਨ : ਵੇਖੋ ਪਗ । ਪੈਰ । ੪੦੧.ਸ.ਛੰ.੩

ਪੰਗੁ : ਵੇਖੋ ਪੰਗ । ੩੧੪.੪, ੩੧੫.੧—੩੧੫.੩

ਪਘੂਲਾ : (ਸੰ.) (पंकेरुह) ਸੰਗਿਆ—ਕਮਲ, ਕਮਲ ਦੀ ਵੇਲ, ਪਾਣੀ ਵਿਚ ਉਗਨ ਵਾਲੀ ਵੇਲ । ੩੦੫.੩

ਪੰਚ : (ਸੰ.) (पञ्च, पंच) ਸੰਗਿਆ ਪੁ.—ਪੰਜ ਦਾ ਅੰਕ, ਉਤਮ ਪੁਰਖ, ਸਰਵ ਸਾਧਾਰਣ ਜਨਤਾ, ਲੋਕ, ਕੁਝ ਆਦਮੀਆਂ ਦਾ ਚੁਣਿਆ ਹੋਇਆ ਸਮੂਹ ਜੋ ਲੋਕਾਂ ਦੇ ਫੈਸਲੇ ਨਜਿਠਦਾ ਹੈ । ੨੯.੧, ੩੧.੧, ੪੬.੨, ੫੭.੧, ੧੨੨.੪, ੧੨੩.੪, ੧੨੪.੧, ੧੩੫.੧, ੧੭੯.੪, ੧੯੬.੩, ੧੯੮.੪, ੨੧੪.੨, ੨੩੩.੧, ੨੪੦.੩, ੨੪੩.੧, ੩੧੩.੪, ੩੩੩.੩, ੪੫੭.੧, ੪੭੯.੨, ੪੯੮.੨, ੬੨੪.੧, ੬੭੩.੧

ਪੰਚਾਮ੍ਰਿਤ : (ਸੰ.) (पंचामृत) ਸੰਗਿਆ ਪੁ.—ਦੁੱਧ, ਦਹੀਂ, ਘਿਉ, ਚੀਨੀ ਅਤੇ ਸ਼ਹਿਦ ਮਿਲਾਕੇ ਬਣਾਇਆ ਗਿਆ ਪਦਾਰਥ ਜਿਸ ਨੂੰ ਪਵਿੱਤਰ ਅਤੇ ਸ਼ੁੱਧ ਸਮਝਿਆ ਜਾਂਦਾ ਹੈ । ੧੨੩.੪, ੧੨੪.੧

ਪਚੈ : ਅ. ਕ੍ਰਿ.—ਪਚਦਾ ਹੈ, ਹਜ਼ਮ ਹੁੰਦਾ, ਰਿੱਝਦਾ, ਉਬਲਦਾ, ਦੁੱਖ ਭੋਗਦਾ, ਪਚਦਾ ਆਦਿ । ੩੨੬.੪

ਪੰਚੋ : ਵੇਖੋ ਪੰਚ । ੫੮੨.੪

ਪੱਛ : ਵੇਖੋ ਪਖ । ੧੫੯.੨, ੪੦੪.੪

ਪਛਤਾਈਐ : (ਸੰ.) (पश्चाताप) ਸੰਗਿਆ—ਪਛਤਾਵਾ, ਅ. ਕ੍ਰਿ.—ਪਛਤਾਉਂਦਾ ਹੈ, ਅਨੁਚਿਤ ਕੰਮ ਲਈ ਦੁੱਖੀ ਹੋਣਾ । ੪੯੫.੧

ਪਛਤਾਤ : ਵੇਖੋ ਪਛਤਾਇ । ੩੫੦.੪, ੩੫੧.੪, ੪੪੦.੪, ੫੦੨.੪

ਪਛਤਾਵੈ : ਵੇਖੋ ਪਛਤਾਇ । ੪੬੧.੨

ਪੰਛਕ : (ਸੰ.) (पंछी) ਸੰਗਿਆ ਪੁ.—ਪੰਖਧਾਰੀ ਜੀਵ, ਉਡਣ ਵਾਲਾ ਜੀਵ, ਪੰਖੇਰੂ, ਪੰਛੀ । ੩੭੬.੩, ੬੩੧.੩

ਪਛਾਨਿਯੋ : (ਹਿੰ.) (पहिचान) ਕ੍ਰਿ.—ਪਹਿਚਾਨਣ ਦੀ ਕ੍ਰਿਆ ਜਾਂ ਭਾਵ, ਕਿਸੇ ਗੁਣ ਮੁਲ ਯੋਗਤਾ ਆਦਿ ਨੂੰ ਜਾਣ ਲੈਣ ਦੀ ਕ੍ਰਿਆ ਭਾਵ ਯੋਗਤਾ, ਪਰਖ ਚਿੰਨ, ਲਛੱਣ । ੪੨੦.੨

ਪਛਾਨੇ : ਵੇਖੋ ਪਛਾਨਿਯੋ । ੫੭੦.੧

ਪਛਿਮ : ((ਸੰ.) (पश्चिम) ਸੰਗਿਆ—ਸੂਰਜ ਡੁਬਣ ਵਾਲੀ ਦਿਸ਼ਾ, ਪੂਰਬ ਤੋਂ ਵਿਪਰੀਤ । ੨੯੬.੨

ਪੰਛੀ : (ਸੰ.) (पक्षिन्) —ਪੰਛੀ, ਪਰਿੰਦਾ, ਪੰਖੇਰੂ, ਪਰਾਂ ਵਾਲਾ ਜਨੌਰ । ੨੩੧.੧, ੩੯੧.੪, ੪੦੨.੧, ੪੦੪.੧, ੫੧੪.੨, ੫੫੯.੩, ੫੮੨.੨, ੫੮੯.੨

ਪਛੁਤਾਇ : (ਸੰ.) (पश्चाताप)—ਪਛਤਾਵਾ । ੬੫੭.੪, ੬੬੩.੨

ਪਛੁਤਾਈ : ਵੇਖੋ ਪਛੁਤਾਇ । ੬੫੮.੪

ਪਛੁਤਾਵਈ : ਵੇਖੋ ਪਛੁਤਾਇ । ਪਛਤਾਉਂਦਾ ਹੈ । ੨੩੪.੪

ਪਛੁਤਾਏ : ਵੇਖੋ ਪਛੁਤਾਇ । ਪਛਤਾਉਂਦਾ ਹੈ । ੫੪੮.੩

ਪਛੁਤਾਤ : ਵੇਖੋ ਪਛੁਤਾਇ । ੬੫੯.੩

ਪਛੁਤਾਨੋ : ਵੇਖੋ ਪਛੁਤਾਇ । ਪਛਤਾਉਂਦੇ ਹਨ । ੫੭੮.੨

ਪਛੁਤਾਯੋ : ਵੇਖੋ ਪਛਤਾਇ । ੬੯.੧

ਪਟ : (ਸੰ.) (पट) ਸੰਗਿਆ—ਬਸਤਰ, ਕਪੜਾ, ਰੇਸ਼ਮੀ, ਕਪੜਾ, ਮਹੀਨ ਕਪੜਾ, ਮੁਲਾਇਮ ਕਪੜਾ, ਕੀਮਤੀ ਕ਼ਪੜਾ । ੪੧.੧, ੨੮੦.੨, ੩੪੨.੨

ਪਟੰਤਰ : (ਸੰ.) (पटतल) ਸੰਗਿਆ—ਪਟਤਰ, ਬਰਾਬਰੀ ਵਿਚ, ਵਾਂਗ, ਸਮਤਾ, ਤੁਲਨਾ ਵਿਚ ਆਦਿ । ੧੦.੨, ੨੮੫.੩

ਪਟੰਤਰੋ : ਵੇਖੋ ਪਟੰਤਰ । ੩੯੦.੩

ਪਟੰਬਰ : (ਹਿੰ.) (ਪਟ+ਅੰਬਰ) ਸੰਗਿਆ ਪੁ—ਰੇਸ਼ਮੀ ਕੱਪੜਾ, ਵੇਖੋ ਪਟ । ੧੪੮.੧, ੫੧੪.੧

ਪਟਰਾਨੀ : (ਸੰ.) (पट्ट+राज्ञी) ਸੰਗਿਆ—ਪਟ ਭਾਵ ਤਖ਼ਤ ਤੇ ਬੈਠਣ ਵਾਲੀ ਰਾਣੀ, ਮੁਖਰਾਣੀ, ਮਹਾਂਰਾਣੀ । ੧੨੦.੨

ਪਟੁ : ਵੇਖੋ ਪਟ । ੫੭੧.੨

ਪਠਾਈਐ : ਵੇਖੋ ਪਠਾਏ । ੬੧੦.੩

ਪਠਾਏ : (ਹਿੰ.) (पठाणा) ਕ੍ਰਿ—ਭੇਜਣਾ, ਸੁਨੇਹਾ ਭੇਜਣਾ, ਸੰਦੇਸ਼ ਭੇਜਣਾ, ਕਿਸੇ ਪਾਸੇ ਨੂੰ ਚਲਣਾ, ਤੁਰਨਾ, ਸਫ਼ਰ ਆਰੰਭ ਕਰਨਾ, ਚਲ ਪੈਣਾ । ੨੭੫.੨

ਪਠੋ : (ਸੰ.) (पाठ) ਸੰਗਿਆ—ਪੜ੍ਹੋ, ਕ੍ਰਿ. ਵਿ.—ਪਾਠ ਪੜ੍ਹਨਾ । ੪੪.੨

ਪੰਡਿਤ : (ਸੰ.) (पण्ठित) ਸੰਗਿਆ—ਸ਼ਾਸਤ੍ਰਾਂ ਦਾ ਗਿਆਤਾ, ਵਿਦਵਾਨ, ਵਿ.—ਨਿਪੁੰਣ, ਪ੍ਰਬੀਨ । ੩੦.੨, ੨੯੮.੨, ੪੪੭.੨, ੪੫੭.੩, ੫੮੮.੧; ੫੯੯.੪, ੬੨੭.੨

ਪਢਤ : ਵੇਖੋ ਪੜ੍ਹਤ । ੨੬੪.੧, ੨੭੫.੨

ਪਤ : (ਸੰ.) (पति) ਸੰਗਿਆ—ਮਾਲਕ, ਪਤੀ, ਸੁਆਮੀ, ਖਸਮ, (पत्र) ਸੰਗਿਆ—ਪੱਤਾ, ਚਿਠੀ ਪੱਤਰ, ਬ੍ਰਿਛ ਦਾ ਪੱਤਾ, ਪੱਤ, ਮਾਨ, ਇਜ਼ਤ ਆਦਿ । ੨੧੫.੧, ੩੫੩.੨

ਪਤੰਗ : (ਸੰ.) (पतङ्ग) ਸੰਗਿਆ—ਚਿੜੀਆ, ਪੰਛੀ; ਸੂਰਜ, ਪਰਵਾਨਾ, ਚੰਦਨ ਲੋਕ, ਚਿੰਗਾਰੀ, ਸ਼ਰੀਰ, ਹਵਾ ਵਿਚ ਉਠਾਉਣ ਵਾਲਾ ਕਾਗਜ਼ ਦਾ ਖਿਡੌਣਾ, ਗੁੱਡਾ, ਗੁੱਡੀ ਆਦਿ । ੧੪.੧, ੧੪.੩, ੧੮੭.੧, ੨੯੨.੨, ੩੦੦.੧, ੩੧੬.੧. ੩੧੮.੧, ੩੧੯.੧, ੩੨੦.੧; ੩੨੧.੧, ੩੫੦.੩, ੩੬੭.੨, ੪੧੦.੨, ੪੧੨,੧ ੪੨੨.ਸ.੧, ੪੩੧.੧, ੪੩੨.੧, ੪੯੨.੨, ੫੫੦.੧, ੫੫੧.੧, ੫੯੦.੧, ੬੦੬.੧, ੬੪੫,੨

ਪਤਨ : (ਸੰ.)(ਪੋਤ + ਸਥਾਨ) ਸੰਗਿਆ—ਕਿਸ਼ਤੀ ਜਾਂ ਲੋਕਾਂ ਦੇ ਠਹਿਰਨ ਦੀ ਥਾਂ, ਗਿਰਨਾ, ਪਾਟਣਾ, ਤਬਾਹ ਹੋਣਾ, ਖਤਮ ਹੋਣਾ ਆਦਿ। ੩੯੦.੨

ਪਤਨੀ : (ਸੰ.) (ਪਤਨੀ) ਸੰਗਿਆ ਇ.—ਵਿਧੀ ਪੂਰਵਕ ਵਿਆਹੁਤਾ ਇਸਤ੍ਰੀ, ਪਤਨੀ, ਇਸਤਰੀ, ਵਹੁਟੀ, ਗ੍ਰਹਿਣੀ, ਅਰਧਾਂਗਿਨੀ ਆਦਿ। ੨੨੮.੨

ਪਤ੍ਰ : ਵੇਖੋ ਪਤ੍ਰ। ੩੭.੧, ੩੮.੧, ੪੯.੩, ੧੫੬.੨, ੨੭੬.੪, ੪੦੫.੧, ੪੬੮.੧, ੪੯੭.੧, ੫੦੧.੧

ਪਤਿ : ਵੇਖੋ ਪਤ। ੯.੩, ੪੫.੪, ੪੬.੧, ੪੭.੩, ੯੩.੪, ੧੧੬.੩, ੩੨੪.੩, ੩੯੫.੨, ੪੨੨.ਸ.੨. ੪੬੬.੧, ੫੨੩.੪, ੫੬੬.੩, ੬੦੭.੪, ੬੧੭.੪, ੬੫੯.੧, ੬੬੭.੧

ਪਤਿਸਟਾ : ਵੇਖੋ ਪਤਿਸ਼ਠਾ। ੧੪੮.੧

ਪਤਿਸ਼ਠਾ : (ਸੰ.) (ਪ੍ਰਤਿਸ਼੍ਠਾ) ਸੰਗਿਆ ਇ.—ਸਥਾਪਨਾ, ਦੇਵ ਪ੍ਰਤਿਮਾ ਦੀ ਸਥਾਪਨਾ, ਸਥਾਨ, ਜਗਾ, ਮਾਨਮਰਿਯਾਦਾ, ਜਸ, ਕੀਰਤੀ, ਆਦਰ, ਸਤਿਕਾਰ ਆਦਿ। ੪੭੯ ੨

ਪਤਿਤ : (ਸੰ.) (ਪਤਿਤ) ਵਿ.—ਆਚਰਣ ਤੋਂ ਡਿਗਿਆ ਹੋਇਆ, ਨੀਤੀ ਤੋਂ ਡਿਗਿਆ ਹੋਇਆ ਵਿਅਕਤੀ, ਪਾਪੀ, ਨੀਚ, ਦੁਸ਼ਟ ਆਦਿ। ੩੭.੪, ੮੩.੨, ੮੩.੩, ੮੪.੪, ੩੩੯.੪, ੩੮੭.੩, ੪੫੦.੨, ੫੦੩.੧, ੫੦੪.੧, ੫੨੩.੪, ੫੨੮.ਸ.੩, ੫੪੧.੪, ੬੦੧.੧, ੬੪੧.੪, ੬੭੨.੨

ਪਤਿਤਾਈ : ਵੇਖੋ ਪਤਿਤ। ਨੀਚਤਾ। ੬੦੧.੧

ਪਤਿਬ੍ਰਤ : (ਸੰ.) (ਪਤਿਵ੍ਰਤਾ) ਸੰਗਿਆ—ਪਤੀ ਪ੍ਰਤੀ ਅਦੁੱਤੀ ਭਗਤੀ ਕਰਨ ਵਾਲੀ, ਪ੍ਰੇਮ ਭਰਪੂਰ, ਅਨੁਰਾਗ ਆਦਿ। ੧੯੪.੧, ੪੪੯.੧—੪੪੯.੪, ੪੬੮.੨, ੪੮੦.੧, ੪੮੧.੧

ਪਤਿਬ੍ਰਤਾ : (ਸੰ.) (ਪਤਿਵ੍ਰਤਾ)—ਪਤੀ ਪ੍ਰਤੀ ਸ਼ਰਧਾ-ਪਿਆਰ ਭਗਤੀ ਰਖਣ ਵਾਲੀ ਇਸਤਰੀ। ੧੧੯.੨, ੩੮੫.੨, ੪੪੭.੪, ੪੪੮.੧, ੪੬੬.੧, ੪੬੮.੨, ੪੮੨.੧. ੪੮੩.੧, ੪੮੩.੩, ੬੪੫.੧, ੬੪੫.੪, ੬੫੦.੪, ੬੬੭.੧

ਪਤੀ : ਵੇਖੋ ਪਤਿ। ੩੦੮.੩

ਪਥ : (ਸੰ.) (ਪਥ) ਸੰਗਿਆ ਪੁ.—ਮਾਰਗ, ਰਸਤਾ, ਰਾਹ, ਆਚਰਣ, ਵਿਵਹਾਰ ਆਦਿ। ੫੮੩.੩

ਪੰਥ : (ਹਿੰ.) (ਪੰਥ) ਸੰਗਿਆ ਪੁ.—ਕਿਸੇ ਵਿਸ਼ੇਸ਼ ਧਰਮ ਮਾਰਗ ਜਾਂ ਸੰਪਰਦਾਇ ਲਈ ਵਰਤਿਆ ਜਾਂਦਾ, ਰੀਤ ਅਚਾਰ ਵਿਉਹਾਰ ਦਾ ਢੰਗ। ਵੇਖੋ ਪਥ। ੫੭.੧, ੫੮.੧, ੮੪.੨, ੧੨੭.੪, ੨੭੮.੪, ੩੨੨.੧, ੩੪੩.੨, ੩੬੯.੩, ੪੧੩.੪, ੬੧੩.੩, ੬੭੨.੩

ਪਥਕ : (ਸੰ.) (पथिक:) ਸੰਗਿਆ ਪੁ.— ਪਥ ਜਾਨਣ ਵਾਲਾ, ਰਸਤਾ ਜਾਨਣ ਜਾਂ ਦਸਣ ਵਾਲਾ, ਰਾਹੀ। ੪੩੯.੧, ੪੫੧.੨, ੫੬੪.੨

ਪਥਕਨ : ਵੇਖੋ ਪਥਕ। ਰਾਹੀ। ੬੭੦.੨

ਪਥਿਕ : ਵੇਖੋ ਪਥਕ। ੫੬.੩, ੩੫੪.੩

ਪੰਥੀ : (ਹਿੰ.) (पंथी) ਸੰਗਿਆ ਪੁ.—ਪਥਿਕ, ਕਿਸੇ ਪੰਥ ਜਾਂ ਮਤ ਦਾ ਅਨੁਯਾਈ। ੫੮੩.੩

ਪਦ : (ਸੰ.) (पद) ਸੰਗਿਆ ਪੁ.—ਦਰਜਾ, ਸਥਾਨ, ਰੁਤਬਾ, ਅਹੁਦਾ, ਪੈਰ, ਪਦ ਚਿਨ੍ਹ, ਸ਼ਬਦ, ਪਰਦੇਸ਼, ਸ਼ਲੋਕ, ਸ਼ਲੋਕ ਪਦ, ਮੋਕਸ਼ ਗੀਤ, ਭਜਨ ਆਦਿ। ੪.ਛੰ.੨, ੧੬.੧, ੨੪.੨, ੨੮.੩, ੫੩.੧, ੫੮.੪, ੬੨.੩, ੭੮.੨, ੯੧.੨, ੧੧੬.੧, ੧੧੯.੨, ੧੨੦.੪, ੧੩੫.੨, ੧੭੮.੨, ੨੨੨.੪, ੩੦੩.੩, ੩੧੪.੨, ੩੪੯.੪, ੩੫੪.੪, ੪੦੧.ਸ.ਛੰ.੪, ੪੧੭.੪, ੪੩੧.੪, ੪੪੭.੪, ੪੭੧.੪, ੪੭੩.੪, ੪੭੯.੩, ੪੮੫.੩, ੫੦੮.੪, ੫੧੬.੪, ੫੩੦.੪, ੬੧੪.੪, ੬੩੨.੪, ੬੭੨.੨

ਪਦਮ : (ਸੰ.) (पदम) ਸੰਗਿਆ—ਪੈਰ ਵਿਚ ਹੋਣ ਵਾਲਾ ਭਾਗ ਸੂਚਕ (ਕਿਸਮਤ ਵਾਲਾ) ਚਿੰਨ੍ਹ, ਕਮਲ ਦਾ ਫੁੱਲ। ੩੪੮.੪, ੫੮੯.੧

ਪਦਵੀ : (ਸੰ.) (पदवी) ਸੰਗਿਆ—ਦਰਜਾ, ਖ਼ਿਤਾਬ, ਔਹਦਾ। ੬੯.੪, ੧੫੪.੪, ੧੬੨.੩, ੧੬੫.੨, ੩੮੨.੪, ੪੧੨.੪, ੪੬੯.੪, ੪੯੫.੨

ਪਦਾਰਥ : (ਸੰ.) (पदार्थ) ਸੰਗਿਆ—ਪਦ ਜਾਂ ਸ਼ਬਦ ਦਾ ਅਰਥ, ਵਸਤੂ, ਚੀਜ਼ ਆਦਿ। ੪੬.੩, ੧੩੧.੪, ੧੮੦.੩, ੪੩੦.੩, ੪੩੫.੨, ੫੪੬.੪, ੬੧੨.੨

ਪਦਾਰਬਿੰਦ : (ਸੰ.) (पदारविंद) ਸੰਗਿਆ—ਚਰਨ ਕਮਲ, ਪਦਕਮਲ, ਕੰਵਲ ਵਰਗੇ ਪੈਰ, ਪਵਿਤ੍ਰ ਚਰਨ। ੧੩੯.੩, ੧੭੮.੪, ੨੮੯.੪

ਪਨਹੀ : (ਹਿੰ.) (पनही) ਸੰਗਿਆ ਇ.—ਜੁੱਤੀ, ਚਰਨਦਾਸੀ। ੪੩੪.੩

ਪਨਿਹਾਰੀ : (ਹਿੰ.) (पनिहारी) ਸੰਗਿਆ ਇ.—ਪਨਘਟ ਤੋਂ ਪਾਣੀ ਢੋਣ ਵਾਲੀ ਇਸਤਰੀ, ਪਾਣੀ ਲਿਆਉਣ ਵਾਲੀ ਇਸਤਰੀ। ੬੫੬.੨, ੬੫੬.੪

ਪਪੀਹਾ : (ਹਿੰ.) (पपीहा) ਸੰਗਿਆ ਪੁ.—ਇਕ ਪ੍ਰਕਾਰ ਦਾ ਪੰਛੀ, ਮੇਘਰੁਤ ਵਿਚ ਸੁਰੀਲੀ ਅਵਾਜ਼ ਨਾਲ ਬੋਲਣ ਵਾਲਾ ਪੰਛੀ, ਚਾਤ੍ਰਕ, ਸਾਰੰਗ। ੪੫੧.੨, ੫੬੭.੧, ੬੪੫.੧

ਪਯ : (ਸੰ.) (पय) (ਸ੍) ਸੰਗਿਆ ਪੁ.—ਦੁੱਧ, ਜਲ, ਪਾਣੀ, ਦ੍ਰਵ, ਅੰਨ, ਅਹਾਰ ਆਦਿ। ੪੫੩.੩

ਪਯਾਸ : (ਸੰ.) (पिपासा) ਸੰਗਿਆ ਇ.—ਜਲ ਪੀਣ ਦੀ ਇੱਛਾ, ਪਿਆਸ, ਲੋਭ, ਲਾਲਚ। ੨੭੯.੪, ੪੭੧.੨

ਪਯਾਸੀ : ਵੇਖੋ ਪਯਾਸ । ਇੱਛਾ ਰਖਣਵਾਲੇ । ੪੫੦.੧

ਪਯਾਰ : (ਸੰ.) (प्यार) ਸੰਗਿਆ—ਪਿਆਰ, ਪ੍ਰੇਮ, ਮੁਹੱਬਤ । ੧੮੮.੧, ੫੬੬.੪, ੬੫੯.੪

ਪਯਾਰੀ : (ਸੰ.) (प्यारी) ਸੰਗਿਆ ਇ.—ਪਿਆਰੀ, ਪ੍ਰਿਯਾ, ਪਿਆਰੀ ਲਗਣ ਵਾਲੀ, ਮੁਹੱਬਤ ਵਾਲੀ । ੩੯੩.੩, ੬੫੯.੪, ੬੬੦.੨

ਪਯਾਰੇ : ਵੇਖੋ ਪਯਾਰਾ । ਪਿਆਰ ਦਾ ਬਹੁਵਚਨ । ੬੫੫.੪

ਪਯਾਰੋ : ਵੇਖੋ ਪਯਾਰ । ਪਿਆਰਾ ਲਗਣ ਵਾਲਾ । ੩੯੮.੧, ੫੮੦.੨

ਪਯਾਲ : (ਸੰ.) (पताल) ਸੰਗਿਆ—ਪਿਆਲ-ਪਤਾਲ । ੧੯੭.੨

ਪਯੂਖ : (ਸੰ.) (पीयूष) ਸੰਗਿਆ ਪੁ.—ਅੰਮ੍ਰਿਤ, ਸੁਧਾ, ਦੁੱਧ, ਪੀਣ ਯੋਗ ਪਦਾਰਥ, ਨਵੀਂ ਸੂਈ ਦਾ ਸੱਤਦਿਨਾਂ ਦੇ ਤੀਕ ਚੋਇਆ ਦੁੱਧ । ੧੩੨.੨, ੧੯੮.੧, ੩੨੬.੪

ਪਰ : (ਸੰ.) (पर) ਵਿ.—ਦੂਜਾ, ਦੂਸਰਾ, ਭਿੰਨ । (ਫ਼ਾ.) ਸੰਗਿਆ—ਪੰਖ, ਖੰਭ, ਅਵਯਯ-ਉਪਰ, ਉਤੇ । ੩੭.੪, ੪੪.੧, ੭੧.੩, ੧੧੩.੪, ੧੧੮.੩, ੧੫੫.੨, ੧੭੪.੨, ੨੧੩.੨, ੨੩੦.੪, ੨੩੫.੧, ੨੪੫.੩, ੨੫੭.੩, ੩੩੨.੧, ੩੩੨.੩, ੩੪੪.੨, ੩੪੬.੪, ੩੭੧.੪, ੩੭੪.੩, ੩੮੬.੨, ੩੮੮.੧, ੩੮੮.੩, ੪੪੫.੩, ੪੬੪.੧, ੪੬੬.੧, ੪੭੩.੧, ੪੯੦.੪, ੫੦੨.੨, ੫੦੦.੩, ੫੦੮.੩, ੫੧੩.੪, ੫੨੦.੨, ੫੨੧.੧, ੫੨੨.੪, ੫੩੯.੪, ੫੪੭.੧, ੫੪੭.੪, ੫੬੩.੪, ੫੯੧.੨, ੬੩੮.੧, ੬੩੮.੨, ੬੪੧.੪, ੬੪੬.੪, ੬੫੦.੧, ੬੫੦.੨, ੬੬੩.੪, ੬੭੨.੧

ਪਰਉਪਕਾਰ : (ਸੰ.) (परोपकार)—ਦੂਜਿਆਂ ਦੀ ਭਲਾਈ, ਦੂਜੇ ਲਈ ਬਿਨਾਂ ਸਵਾਰਥ ਤੋਂ ਕੰਮ ਆਉਣਾ, ਉਪਕਾਰ ਕਰਨ ਦਾ ਕ੍ਰਿਆ । ੧੨੧.੧, ੧੨੯.੪, ੧੩੦.੪, ੧੬੨.੧, ੧੭੭.੪, ੨੩੮.੩, ੩੨੫.੪, ੩੨੬.੩, ੫੬੪.੪, ੬੬੩.੩

ਪਰਉਪਕਾਰੀ : (ਸੰ.) (परोपकारिन)—ਦੂਸਰਿਆਂ ਦਾ ਭਲਾ ਕਰਨ ਵਾਲਾ, ਉਪਕਾਰ ਕਰਨ ਵਾਲਾ । ਵੇਖੋ ਪਰਉਪਕਾਰ । ੧੧੪.੪, ੧੬੩.੧, ੧੬੩.੩, ੨੫੮.੨, ੨੬੧.੪, ੩੮੫.੪

ਪਰਸ : (ਸੰ.) (स्पंश) ਸੰਗਿਆ—ਛੂਹਣ ਦੀ ਕ੍ਰਿਆ । ਸ. ਕ੍ਰਿ—ਪਰਸਣਾ, ਛੂਹਣਾ; ਸਤਿਕਾਰ ਸਹਿਤ ਚਰਨ ਆਦਿ ਸਪਰਸ਼ ਕਰਨਾ । ੩੨.੨, ੪੦.੨, ੮੪.੩, ੮੫.੩, ੯੩.੩, ੯੪.੪, ੧੩੩.੨, ੧੬੬.੩, ੧੬੬.੪, ੧੯੮.੩, ੧੯੯.੩, ੨੦੩.੧, ੨੦੩.੨, ੨੨੬.੩, ੨੪੯.੧, ੨੬੧.੪, ੨੭੮.੩, ੨੭੯.੪, ੨੮੮.੧, ੩੯੪.੪, ੪੦੦.ਸ.ਛੰ.੧, ੪੩੩.੪, ੪੫੯.੨, ੪੬੯.੨, ੪੮੯.੨, ੫੦੦.੨, ੫੩੬.੪, ੫੩੮.੧, ੬੫੩.੨

ਪਰਸਤ : (ਫ਼ਾ.) ਪਰਸਤੁ, ਵਿ.—ਪੂਜਕ, ਪੂਜਾ ਕਰਨ ਵਾਲਾ। ਵੇਖੋ ਪਰਸ। ੧੫.੨, ੨੮੨.੩, ੩੮੪.੩, ੪੬੯.੨, ੫੫੭.੧, ੫੭੩.੩

ਪਰਸਨ : ਵੇਖੋ ਪਰਸ। ੨੦.੩, ੨੭੯.੩

ਪਰਸਪਰ : (ਸੰ.) (परस्पर) ਕ੍ਰਿ. ਵਿ.—ਇਕ ਦੂਸਰੇ ਨਾਲ, ਆਪਸ ਵਿਚ, ਆਪਸੀ। ੧੮੬.੨, ੨੨੫.੨, ੨੪੨.੨, ੨੬੩.੧, ੨੭੬.੩, ੨੮੪.੧, ੨੮੫.੧, ੩੦੯.੧, ੩੮੧.੧, ੬੧੩.੨, ੬੫੫.੩

ਪਰਸਿ : ਵੇਖੋ ਪਰਸ। ੨੭੭.੩, ੬੦੩.੨, ੬੨੫.੩

ਪਰਸਿਓ : ਵੇਖੋ ਪਰਸ। ੬੪੨.੪, ੬੪੮.੩

ਪਰਸੂਤ : (ਸੰ.) (प्रसूतिः)—ਜਨਮ ਦੇਣ ਦੀ ਕ੍ਰਿਆ, ਜਨਮਿਆ, ਪੈਦਾ ਹੋਇਆ, ਉਤਪੰਨ ਜਾਂ ਪੈਦਾ ਕਰਨ ਦੀ ਕ੍ਰਿਆ, ਜਣਨ ਆਦਿ। ੪੧੪.੩, ੪੬੯.੨, ੫੭੭.੧, ੬੦੫.੨

ਪਰਹਰੀ : (ਸੰ.) (परिहरणम्) ਸੰਗਿਆ—ਛੱਡ ਦੇਣਾ, ਛੋੜ ਦੇਣਾ, ਤਜ ਦੇਣਾ, ਤਿਆਗ ਦੇਣਾ ਆਦਿ। ੪੩੪.੩

ਪਰਹਾਰ : (ਸੰ.) (परिहार)—ਖਤਮ ਕਰ ਦੇਣਾ, ਨਸ਼ਟ ਕਰਨਾ, ਨਾਸ ਕਰ ਦਿੱਤਾ, ਸਮਾਪਤ ਕਰ ਦਿੰਦਾ। ੩੧੮.੨

ਪਰਕ੍ਰਮਾ : (ਸੰ.) (परिक्रमः)—ਚਾਰੇ ਪਾਸੇ ਫਿਰਨ ਦੀ ਕ੍ਰਿਆ, ਪੂਜਯ ਦੇਣਾ, ਇਸ਼ਟ ਦੇ ਆਲੇ ਦੁਆਲੇ ਸਤਿਕਾਰ ਸਹਿਤ ਚੱਕਰ ਕੱਢਣਾ, ਪਰਦਖ਼ਣਾ। ੬੨੮.੩

ਪਰਕਾਰ : ਵੇਖੋ ਪ੍ਰਕਾਰ। ੬੩੫.੧

ਪਰਖ : (ਹਿੰ.) (परख) ਸੰਗਿਆ—ਗੁਣ ਦੋਸ਼ ਦੀ ਸਹੀ ਜਾਂਚ, ਪ੍ਰੀਖਿਆ, ਪਹਿਚਾਣ, ਪੜਤਾਲਣ ਦੀ ਪ੍ਰਕ੍ਰਿਆ। ੫੭੦.੨

ਪਰਖਤ : ਵੇਖੋ ਪਰਖ। ਸਤਿ ਅਸਤਿ ਦੀ ਪਰਖ ਕਰਨ ਵਾਲੀ ਬੁੱਧੀ, ਪਰਖ ਕਰਦਾ ਹੈ। ੨੭.੨

ਪਰਗਟਾਵਈ : (ਸੰ.) (प्रगट) ਅ. ਕ੍ਰਿ.—ਪ੍ਰਗਟ ਹੋਣਾ, ਜ਼ਾਹਿਰ ਹੋਣਾ, ਸਾਹਮਣੇ ਆਉਣਾ, ਸਪੱਸ਼ਟ ਰੂਪ ਵਿਚ ਵਿਖਾਈ ਦੇਣਾ ਆਦਿ। ੩੭੦.੩

ਪਰਗਾਸ : ਵੇਖੋ ਪ੍ਰਗਾਸ। ੬੨੫.੨

ਪਰਚੰਡ : (ਸੰ.) (प्रचंड) ਵਿ.—ਅਤਿਅੰਤ ਤੇਜ਼, ਪ੍ਰਬਲ, ਤੀਖਣ, ਤੀਬਰ, ਭਿਅੰਕਰ, ਭਿਆਨਕ, ਕਠਿਨ, ਕਠੋਰ, ਪਰਤਾਪੀ ਆਦਿ। ੫੨੭.ਸ.੩

ਪਰਚਾ : (ਫ਼ਾ.) ਸੰਗਿਆ ਪੁ.—ਕਾਗਜ਼ ਦਾ ਟੁਕੜਾ, ਪੁਰਜ਼ਾ, ਚਿਠੀ, ਪ੍ਰਸ਼ਨ ਪੱਤਰ (ਸੰ.) (परिचय)—ਪਰਿਚਯ, ਜਾਣਕਾਰੀ, ਪ੍ਰਮਾਣ, ਸਬੂਤ ਆਦਿ। ੫੫੧.੧

ਪਰਾਚੀਨ : (ਸੰ.) (प्राचीन) ਵਿ.—ਪੁਰਾਤਨ, ਪੁਰਾਣਾ, ਪਿਛਲੇ ਜ਼ਮਾਨੇ ਦਾ, ਬ੍ਰਿਧ, ਬੁੱਢਾ ਆਦਿ। ੫੦੪.੨, ੫੦੯.੨

ਪਰਚੋ : ਵੇਖੋ ਪਰਚਾ। ਪਰਿਚਯ, ਜਾਣਕਾਰੀ, ਪਹਿਚਾਣ, ਗਿਆਨ ਆਦਿ। ੧੬.੧, ੩੧.੪, ੫੦੫.੪

ਪਰਛਾਹੀ : (ਸੰ.) (प्रतिछाया) ਸੰਗਿਆ—ਪਰਛਾਈ, ਪ੍ਰਤਿਬਿੰਬ, ਅਕਸ, ਤੌਰ ਅਨੁਸਾਰ ਕਿਸੇ ਭੂਤ ਪ੍ਰੇਤ ਦੀ ਛਾਇਆ ਆਦਿ। ੪੯੩.੨

ਪਰਜੰਕ : (ਸੰ.) (पर्यंक्क) ਸੰਗਿਆ—ਪਲੰਗ, ਮੰਜਾ, ਚਾਰਪਾਈ, ਖਾਟ, ਯੋਗ, ਆਸਣ, ਪਰਬਤ ਦਾ ਨਾਂ ਆਦਿ। ੩੪੬.੨

ਪਰਜੰਤ : (ਸੰ.) (पर्यन्त) ਕ੍ਰਿ. ਵਿ.—ਤਕ, ਤੀਕ, ਤੌੜੀ, ਲੌ। ਸੰਗਿਆ—ਸੀਮਾ, ਹੱਦ, ਕਿਨਾਰਾ, ਖਾਤਮਾ ਆਦਿ। ੧੪੩.੨, ੨੩੩.੨, ੬੩੭.੪

ਪਰਜਾ : (ਸੰ.) (प्रजा) ਸੰਗਿਆ—ਕਿਸੇ ਰਾਸ਼ਟਰ ਜਾਂ ਰਾਜ ਦੀ ਜਨਤਾ, ਲੋਕ, ਦੇਸ਼ ਵਾਸੀ ਆਦਿ। ੪੬.੪, ੨੪੬.੪, ੪੧੮.੨, ੪੬੭.੩, ੪੮੪.੪

ਪਰਜਾਰਿ : (ਹਿੰ.) (प्रजरना) ਅ. ਕ੍ਰਿ.—ਪ੍ਰਜਵਲਿਤ ਕਰਨਾ, ਬਾਲਣਾ, ਬਲਣ ਸਮੱਗਰੀ ਵਜੋਂ ਕੰਮ ਆਉਣਾ, ਸੁਖਾਉਣਾ ਆਦਿ। ੬੬੮.੧

ਪਰਤ : (ਹਿੰ.) (परत) ਸੰਗਿਆ ਇ.—ਸਤਹ, ਸਤਰ ਉਪਰਲਾ ਤਲ, ਤਹਿ, ਕਿਸੇ ਵਸਤੂ ਦੀ ਮੋਟਾਈ ਆਦਿ, ਪਰਤਣ ਦੀ ਕ੍ਰਿਆ, ਉਲਟਾਉਣਾ ਆਦਿ। ੧੬੦.੧, ੨੯੬.੩, ੩੬੧.੨, ੩੮੮.੩, ੪੧੮.੧, ੪੪੧.੪, ੪੪੪.੧, ੪੪੬.੩, ੪੭੩.੧, ੪੭੬.੩, ੫੦੨.੪, ੫੦੬.੨, ੫੩੧.੩, ੫੩੯.੩, ੫੯੦.੧, ੬੦੭.੪, ੬੧੩.੨

ਪਰਤਛ : (ਸੰ.) (प्रत्यक्ष) ਵਿ.—ਪ੍ਰਤੱਖ, ਵੇਖਣ ਯੋਗ, ਸਪੱਸ਼ਟ ਰੂਪ ਵਿਚ ਦਿਖਾਈ ਦੇਣ ਵਾਲਾ, ਸਨਮੁਖ, ਉਪਸਥਿਤ, ਵਿਦਯਮਾਨ ਆਦਿ। ੩੬੩.੩

ਪਰਤਨ . (ਪਰ + ਤਨ) ਸੰਗਿਆ—ਪਰ ਤਨ, ਪਰਾਇਆ ਸਰੀਰ, ਪਰ ਨਾਰੀ, ਪਰ ਇਸਤਰੀ ਆਦਿ। ੫੦੬.੪, ੫੨੧.੧

ਪਰਤਾਪ : (ਸੰ.) (प्रताप) ਸੰਗਿਆ—ਮਰਦਾਨਗੀ, ਵੀਰਤਾ, ਤੇਜ਼, ਤਪ-ਤੇਜ਼, ਪ੍ਰਕਾਸ਼ ਆਦਿ। ੪੨੧.੨, ੬੫੧.੩

ਪਰਤੀਤ : (ਸੰ.) (प्रतीति) ਸੰਗਿਆ—ਪਤਾ ਲਗਣਾ, ਯਕੀਨ ਹੋਣਾ, ਵਿਸ਼ਵਾਸ਼ ਹੋਣਾ, ਨਿਸ਼ਚਿਤ ਧਾਰਨਾ ਆਦਿ। ੧੪੫.੩.ਛੰ.੨

ਪਰਦਗਦ : (ਸੰ.) (प्रदग्ध) ਵਿ.—ਸੜਿਆ, ਜਲਿਆ ਆਦਿ। ੨੯੬.੩

ਪਰਦੱਛਨਾ : (ਸੰ.) (प्रदक्षिणा) —ਪਰਦਖਣਾ, ਪਰਕਰਮਾ, ਪੂਜਣ ਯੋਗ ਸਥਾਨ ਦੇ ਚਾਰੋਂ ਪਾਸੇ ਘੁੰਮਣਾ। ੧੭.੪, ੨੫੯.੪, ੨੬੦.੪

ਪਰਦਵਾਸਹਿ : (ਪਰਦਰਬ + ਸਹਿ)—ਦੂਸਰੇ ਦੇ ਧਨ ਦੀ ਇੱਛਾ, ਪਰਾਏ ਧਨ ਦੀ ਲਾਲਸਾ ਆਦਿ। ੫੪੭.੨

ਪਰਦਾਰਾ : (ਸੰ.) (परदारा)—ਪਰਾਈ ਇਸਤਰੀ, ਪਰਾਈ ਨਾਰ, ਦੂਸਰੇ ਦੀ ਇਸਤਰੀ। ੫੦੮.੧. ੫੨੪.੩

ਪਰਧਨ : (ਸੰ.) (ਧਰ+ਧਨ) ਸੰਗਿਆ ਪੁ.—ਦੂਸਰੇ ਦਾ ਧਨ, ਮਾਲ, ਪਰਾਈ ਸੰਪਤੀ । ੫੦੬.੪, ੫੨੧.੧

ਪਰਧਾਨੇ : (ਸੰ.) (ਪ੍ਰਧਾਨ) ਵਿ.—ਸਰਬਉਤਮ, ਸ੍ਰੇਸ਼ਠ, ਮੁੱਖ ਆਦਿ । ੨੯.੧

ਪਰਨਾਰੀ : ਵੇਖੋ ਪਰਦਾਰਾ । ੫੨੪.੪

ਪਰਪਕ : (ਸੰ.) (ਧਰਿਧਕ੍ਵ) ਵਿ.—ਚੰਗੀ ਤਰਾਂ ਪਕਿਆ ਹੋਇਆ, ਪੂਰਣ, ਪ੍ਰੌਢ, ਪੁਖ਼ਤਾ, ਪਰਬੀਨ ਆਦਿ । ੩੫੭.੩, ੩੬੮.੧

ਪਰਪੰਚ : (ਸੰ.) (ਪ੍ਰਧੰਚ) ਸੰਗਿਆ—ਸੰਸਾਰਿਕ ਜੰਜਾਲ, ਇਕ ਤੋਂ ਅਨੇਕ ਹੋਣ ਦਾ ਕ੍ਰਮ, ਮੋਹ ਮਾਇਆ, ਸ੍ਰਿਸ਼ਟੀ, ਭਵਜਲ ਆਦਿ । ੨੯.੩, ੩੨.੧, ੩੩੩.੩, ੪੫੭.੧, ੫੨੧.੧

ਪਰਪਿਤਾਮਾ : (ਸੰ.) (ਪ੍ਰਧਿਤਾਸਹ:) ਸੰਗਿਆ—ਪਿਤਾਮਹ, ਦਾਦੇ ਦਾ ਪਿਤਾ, ਪੜਦਾਦਾ, ਪੜਬਾਬਾ, ਪਿਤਾ ਦੇ ਪਿਤਾ ਦਾ ਪਿਤਾ । ੧੦੦.੧

ਪਰਫੁਲਤ : (ਸੰ.) (ਪ੍ਰਫੁਲਿਤ)—ਪੂਰਨ ਰੂਪ ਵਿਚ ਖਿੜਿਆ, ਆਨੰਦਿਤ, ਪ੍ਰਸੰਨ ਆਦਿ । ੫੬੭.੩

ਪਰਬ : (ਸੰ.) (ਧਰ੍ਵ) ਸੰਗਿਆ ਪੁ.—ਜੋੜ, ਸ਼ਰੀਰ ਦਾ ਜੋੜ, ਟੁੱਕੜਾ, ਪੂਰਬ, ਮੇਲਾ, ਉਤਸਵ, ਜੋੜ ਮੇਲਾ ਆਦਿ । ੬੨੯.੨

ਪਰਬਤ : (ਸੰ.) (ਧਰ੍ਵਤ) ਸੰਗਿਆ—ਪਹਾੜ, ਭੂਮੀ ਤੇ ਉਪਰ ਉਠਿਆ ਕੁਦਰਤੀ ਭੂ-ਭਾਗ । ੩੬੬.੨

ਪਰਬੀਨ : (ਸੰ.) (ਪ੍ਰਵੀਣ) —ਨਿਪੁੰਨ, ਕੁਸ਼ਲ, ਹੁਸ਼ਿਆਰ, ਮਾਹਿਰ ਆਦਿ । ੧੪੭.੩

ਪਰਭਾਤ : (ਸੰ.) (ਪ੍ਰਭਾਤ) ਸੰਗਿਆ—ਪ੍ਰਭਾਤ, ਸਵੇਰਾ, ਤੜਕਾ, ਭੋਰ, ਸਵੇਰ । ੧੧੭.੧

ਪਰਭਾਤਿ : ਵੇਖੋ ਪਰਭਾਤ । ਸਵੇਰ । ੫੬੮.੨

ਪਰਮ : (ਸੰ.) (ਧਰਸ) ਵਿ.—ਸਰਬ ਉੱਤਮ, ਸ੍ਰੇਸ਼ਠ, ਸਭ ਤੋਂ ਚੰਗਾ, ਸਰਬ ਉਚ । ੩.ਸੋ.੧, ੩.ਸੋ.੨, ੩.ਦੋ.੧, ੩.ਦੋ.੨, ੪.ਛੰ.੨, ੬.ਸੋ.੨, ੬.ਦੋ.੨, ੬.ਛੰ.੧, ੧੬.੧, ੨੯.੪, ੩੧.੧, ੩੨.੨, ੬੦.੩, ੬੧.੩, ੬੨.੩, ੬੪.੩, ੬੬.੩, ੬੭.੩, ੯੭.੧, ੧੦੫.੪, ੧੧੫.੪, ੧੧੬.੧, ੧੩੨.੧, ੧੩੯.੧, ੧੩੯.੪, ੧੪੮.੩, ੧੬੬.੪, ੧੭੮.੨, ੨੦੧.੨, ੨੦੫.੨, ੨੧੭.੧, ੨੨੨.੪, ੨੪੭.੩, ੨੬੮.੩, ੨੭੧.੨, ੨੭੧.੪, ੨੭੭.੧, ੩੩੨.੨, ੩੪੦.੨, ੩੫੫.੪, ੩੬੭.੨, ੩੮੪.੪, ੪੩੧.੪, ੪੪੭.੪, ੫੦੧.੩, ੫੧੬.੪, ੫੩੬.੪, ੫੬੬.੩, ੬੨੦.੧, ੬੨੨.੧, ੬੬੨.੪

ਪਰਮਹੰਸ : (ਸੰ.) (ਧਰਸਹੰਸ) ਸੰਗਿਆ—ਹੰਸ, ਉਤਮ ਸਫ਼ੇਦ ਰੰਗ ਦੀ ਬਤੱਖ ਵਰਗਾ ਜਲ ਪੰਛੀ, ਉਹ ਸੰਨਿਆਸੀ ਜੋ ਗਿਆਨ ਦੀ ਪਰਮ ਅਵਸਥਾ ਪ੍ਰਾਪਤ ਕਰ ਚੁਕਿਆ ਹੋਵੇ । ੨੬.੩, ੨੩੦.੧, ੨੪੯.੨

ਪਰਮਗਤ : (ਸੰ.) (परमगति) ਸੰਗਿਆ—ਉਤਮ ਗਤਿ, ਮੋਕਸ਼, ਮੁਕਤੀ ਆਦਿ। ੩੨੧.੩

ਪਰਮਤਤ : (ਸੰ.) (परमतत्व) ਸੰਗਿਆ—ਮੂਲ ਤੱਤ ਜਿਸ ਨਾਲ ਸੰਪੂਰਣ ਸੰਸਾਰ ਵਿਕਸਿਤ ਹੋਇਆ, ਬ੍ਰਹਮ, ਈਸ਼ਵਰ, ਮੂਲ ਸੱਤਾ ਆਦਿ। ੧੧੬.੧

ਪਰਮਦਭੁਤ : ਵਿ.—ਪਰਮਅਦਭੁਤ, ਅਤਿ ਅਨੋਖਾ, ਅਤਿ ਅਸਚਰਜ ਪੂਰਣ ਪਰਮਾਤਮਾ ਲਈ ਵਰਤਿਆ ਜਾਣ ਵਾਲਾ ਵਿਸ਼ੇਸ਼ਣ। ੮.ਸੋ.੧, ੮.ਦੋ.੧, ੯.੪, ੧੫.੨, ੫੧.੪, ੬੧.੨, ੬੪.੧, ੭੨.੪, ੮੧.੪, ੮੫.੨, ੯੬.੧, ੧੦੫.੪, ੧੧੨.੪, ੧੩੮.੪, ੧੪੦.੧, ੧੪੨.੨, ੧੫੩.੨, ੧੬੬.੧, ੨੫੦.੨, ੨੮੪.੪, ੨੮੫.੪, ੨੯੩.੪, ੩੪੪.੪, ੪੨੭.੪, ੪੩੨.੪

ਪਰਮਪਦ : (ਸੰ.) (परमपद) ਸੰਗਿਆ—ਸਰਬ ਉਤਮ ਪਦ, ਪਦਵੀ, ਉਚ ਪਦਵੀ, ਮੋਕਸ਼, ਮੁਕਤੀ ਆਦਿ। ੮੭.੪, ੧੨੫.੩, ੧੨੭.੪, ੩੨੦.੧, ੪੩੯.੪, ੫੬੫.੪, ੫੮੭.੪

ਪਰਮਾਤਮ : (ਸੰ.) (परमात्मन) ਸੰਗਿਆ—ਪਰਮ ਆਤਮਾ, ਪ੍ਰਭੂ, ਭਗਵਾਨ, ਵਾਹਿਗੁਰੂ। ੧੧੫.੩, ੧੧੬.੧, ੨੧੧.੩, ੨੨੫.੧, ੨੪੫.੪, ੨੪੮.੩

ਪਰਮਾਤਾ : ਸੰਗਿਆ—ਮਾਤਾ ਦੀ ਮਾਤਾ, ਪੜਮਾਤਾ, ਪੜ ਨਾਨੀ। ੧੦੦.੨

ਪਰਮਾਦ : ਵੇਖੋ ਪਰਮਾਦਿ। ੬.ਦੋ.੨, ੬.ਛੰ.੧. ੮.ਦੋ.੨, ੮.ਛੰ.੧

ਪਰਮਾਦਿ : (ਪਰਮ + ਅਦਿ) ਵਿ.—ਮੂਲ, ਸਭ ਤੋਂ ਪਹਿਲਾਂ, ਪ੍ਰਥਮ ਤੱਤ, ਆਦਿ ਤੋਂ ਵੀ ਪਹਿਲਾਂ। ੬.ਸੋ.੨, ੮.ਸੋ.੨, ੫੬.੩, ੮੬.੩, ੧੪੩ ੧, ੧੯੯.੨, ੨੫੦.੪

ਪਰਮਾਣ : (ਸੰ.) (प्रमाण) ਸੰਗਿਆ—ਪ੍ਰਮਾਣ, ਸਬੂਤ, ਯਥਾਰਥ, ਸਵੀਕ੍ਰਿਤ, ਸਿਧੀ ਦਾ ਸਾਧਨ, ਸੱਚੀ ਗੱਲ ਦਾ ਪ੍ਰਮਾਣ, ਸੀਮਾ, ਹੱਦ ਆਦਿ। ੩੬੭.੪

ਪਰਮਾਨ : ਵੇਖੋ ਪਰਮਾਣ। ੭੩.੩, ੬੫੪.੧

ਪਰਮਾਰਥ : (ਸੰ.) (परमार्थ) ਸੰਗਿਆ—ਸਰਬ ਉਚ ਸਤਿ, ਪਰਮ ਸਤਿ, ਆਤਮ ਗਿਆਨ, ਜੀਵ ਤੇ ਬ੍ਰਹਮ ਸਬੰਧੀ ਗਿਆਨ। ੬੧.੨, ੬੨.੩, ੬੭.੩, ੧੧੫.੨, ੧੨੫.੩, ੧੪੮.੩, ੧੭੭.੩, ੨੧੭.੩, ੨੪੬.੩, ੨੮੩.੪, ੪੮੮.੪

ਪਰਮਿਤਿ : (ਸੰ.) (प्रमिति) ਵਿ.—ਸੀਮਾ, ਦਾਇਰਾ, ਘੇਰਾ, ਅਮਾਪ, ਅਨਗਿਣਤ, ਚਰਮਸੀਮਾ, ਅੰਤਿਮ ਮਰਿਆਦਾ, ਹੱਦ ਆਦਿ। ੨੦੨.੩, ੨੭੫.੪

ਪਰਮੇਸ਼ਰ : (ਸੰ.) (परमेश्वर) ਸੰਗਿਆ—ਪਰਮਾਤਮਾ, ਸੰਸਾਰ ਦਾ ਕਰਤਾ, ਸਰਗੁਣ ਬ੍ਰਹਮ। ੧੨੨.੪

ਪਰਯੰਕ : ਵੇਖੋ ਪਰਜੰਕ। ੩੮੬.੨

ਪਰਯੰਤ : (ਸੰ.) (पर्यन्त)—ਤਕ, ਤੀਕ, ਜਿਤਨਾ, ਜਿਤਨੀ। ੫੮੧.੧ ੬੫੪.੧, ੬੫੪.੨

ਪਰਲੋਕ : (ਸੰ.) (परलोक) ਸੰਗਿਆ ਪੁ.—ਪਰ + ਲੋਕ, ਦੂਸਰਾ ਲੋਕ, ਮੌਤ ਉਪਰੰਤ ਆਤਮਾ ਦੀ ਦੂਸਰੀ ਸਥਿਤੀ ਦੀ ਪ੍ਰਾਪਤੀ ਦਾ ਸਥਾਨ, ਅਗਲਾ ਜਹਾਨ। ੧੧੬.੨, ੧੮੭.੪, ੩੨੪.੧, ੩੮੮.੪, ੪੭੬.੪, ੪੭੯.੩

ਪਰਵਤ : ਵੇਖੋ ਪਰਬਤ। ੫੪੬.੨

ਪਰਵਾਹ : (ਸੰ.) (प्रवाह) ਸੰਗਿਆ—ਧਾਰਾ, ਕ੍ਰਿਆਸ਼ੀਲਤਾ, ਚਿੰਤਾ, ਖਿਆਲਾਂ ਦੀ ਨਿਰੰਤਰ ਧਾਰਾ ਆਦਿ। ੪੨੬.੪

ਪਰਵਾਨ : (ਸੰ.) (प्रमाण)—ਸਵੀਕ੍ਰਿਤ, ਭਾਵ ਸਾਰਥਕ, ਮੰਨਿਆ ਜਾਂਦਾ, ਸਵੀਕਾਰ ਕੀਤਾ ਜਾਂਦਾ। ੧੮.੧, ੪੬.੨, ੧੧੫.੨, ੪੭੯.੨, ੬੦੬.੪, ੬੧੩.੩, ੬੧੯.੨, ੬੬੨.੩

ਪਰਵਾਨੀਐ : ਵੇਖੋ ਪਰਵਾਨ। ਪਰਵਾਨ ਦੀ ਕਿਰਿਆ, ਪਰਵਾਨ ਮੰਨੀ ਜਾਂਦੀ ਹੈ। ੪੦.੩, ੨੮੮.੪, ੩੬੧.੪, ੩੮੨.੩

ਪਰਵਾਨੇ : ਵੇਖੋ ਪਰਮਾਣ। ਧਾਰਨ ਕਰ ਲੈਣਾ, ਗ੍ਰਹਿਣ ਕਰ ਲੈਣਾ। ੩੪.੨

ਪਰਵਾਰ : (ਸੰ.)(परिवार) ਸੰਗਿਆ—ਪਰਿਵਾਰ, ਕੁਟੰਬ, ਇਕ ਵੰਸ਼ ਦੇ ਜੀਅ, ਕੁਲ ਜਾਤੀ ਆਦਿ। ੩੮੦.੧, ੩੯੫.੨

ਪਰਵਿਰਤਿ : (ਸੰ.) (प्रवृत्ति) ਸੰਗਿਆ—ਸੰਸਾਰਕ ਕਾਰ ਵਿਹਾਰ ਵਿਚ ਲਗਨ, ਭਾਵ, ਲਗਨ, ਝੁਕਾਉ, ਨਿਵ੍ਰਿਤੀ ਦਾ ਉਲਟ। ੬੦੩.੪

ਪਰਵੇਸ ; (ਸੰ.) (प्रवेश) ਸੰਗਿਆ—ਪਹੁੰਚ, ਰਸਾਈ, ਦਾਖ਼ਲਾ, ਆਦਿ। ੧.ਸੋ.੨, ੧.ਦੋ.੨, ੧.ਛੰ.੧, ੮੨.੨, ੧੦੬.੨, ੨੬੦.੩, ੪੨੭.੧, ੬੩੮.੪

ਪਰਾਏ : ਵੇਖੋ ਪਰ। ਪਰ ਦਾ ਵਿਸ਼ੇਸ਼ਣ। ੧੨੯.੨

ਪਰਾਚੀਨ : ਵੇਖੋ ਪਰਚੀਨ। ੨੨੦.੪

ਪਰਾਜਯ : (ਸੰ.) (पराजय) ਸੰਗਿਆ ਇ.—ਹਾਰ ਜਾਣ ਦੀ ਕ੍ਰਿਆ ਜਾਂ ਭਾਵ, ਹਾਰਨ ਦੀ ਅਵਸਥਾ। ੩੮੨.੨

ਪਰਾਧੀਨ : (ਸੰ.) (पराधीन)—ਦੂਸਰੇ ਦੀ ਅਧੀਨਤਾ, ਮੁਥਾਜੀ, ਪਰਾਏ ਵਸ ਹੋਣ ਦਾ ਭਾਵ। ੨੩੫.੨, ੩੧੭.੪

ਪਰਾਨੇ : (ਸੰ.) (पलायन) ਅ. ਕ੍ਰਿ.—ਪਲਾਯਨ ਹੋਏ, ਭੱਜੇ, ਨੱਠੇ, ਭਵਜਲ ਤੇ ਪਾਰ। ੯੨.੪

ਪਰਿ : (ਸੰ.) (परि)—ਇਕ ਉਪਸਰਗ, ਅਗੇਤਰ। ੬੧੮.੧

ਪਰਿਓ : —ਪਿਆ ਹਾਂ, ਪੈਣਾ, ਪੈਰੀ ਪੈਣਾ, ਸਮਰਪਿਤ ਹੋਣਾ। ੪੨੨.ਸ.੪

ਪਰਿਹਰੈ : ਵੇਖੋ ਪਰਿਹਾਰ। ੩੦੦.੨

ਪਰਿਹਾਰ : (ਸੰ.) (परिहार) ਸੰਗਿਆ—ਦੂਰ ਕਰਨ ਦੀ ਕ੍ਰਿਆ, ਦੋਸ਼ ਦੂਰ ਕਰਨਾ, ਤਿਆਗ ਕਰਨਾ, ਲਗਾਨ-ਮੁਆਫੀ, ਤ੍ਰਿਸਕਾਰ, ਅਪਮਾਨ ਆਦਿ। ੫੮੨.੪

ਪਰਿਕ੍ਰਮਾਦਿ : (ਪਰਿਕ੍ਰਮ+ਆਦਿ) ਵੇਖੋ ਪਰਕਰਮਾ। ੨੬੦.੪, ੪੦੧.ਸ.ਛੰ.੩

ਪਰਿਪਕ : ਵੇਖੋ ਪਰਪਕ। ੧੦੨.੨

ਪਰਿਪੂਰਣ : (ਸੰ.) (परिपूर्ण) ਵਿ.—ਪੂਰਣ ਰੂਪ ਵਿਚ ਤ੍ਰਿਪਤ, ਭਰਿਆ ਹੋਇਆ, ਸੰਪੂਰਣ, ਭਲੀ ਭਾਂਤ ਭਰਿਆ, ਪੂਰਨ ਆਦਿ। ੯੯.੧

ਪਰਿਫੂਲਤ : ਵੇਖੋ ਪਰਫੂਲਤ। ੫੬੦.੩

ਪਰਿਵਾਰ : ਵੇਖੋ ਪਰਵਾਰ। ੨੨੮.੪

ਪਰੀ : (ਫ਼ਾ.) ਸੰਗਿਆ ਇ.—ਪ੍ਰਾਚੀਨ ਕਲਪਿਤ ਫ਼ਾਰਸੀ ਕਥਾਵਾਂ ਦੀ ਸੁੰਦਰ ਇਸਤਰੀ। (ਹਿੰ.)—ਪੜੀ, ਪਈ, ਡਿਗੀ ਆਦਿ। ੪੩੪.੩, ੫੬੧.੧

ਪਰੀਖਾ : ਵੇਖੋ ਪਰੀਖਯਾ। ੬੭.੧, ੩੭੮.੨

ਪਰੀਖਯਾ : (ਸੰ.) (परीक्षा) ਸੰਗਿਆ ਇ.—ਕਿਸੇ ਯੋਜਨਾ ਅਧੀਨ ਕਿਸੇ ਦੇ ਗੁਣ ਆਦਿ ਨੂੰ ਪਰਖਣਾ, ਇਮਤਿਹਾਨ, ਪਰਖ, ਮੁਆਇਨਾ, ਜਾਂਚ ਆਦਿ। ੨੭੫.੪, ੪੫੫.੧, ੪੭੫.੨, ੬੭੫.੪

ਪਰੇ : ਕ੍ਰਿ. ਵਿ.—ਪਰਾਂ, ਦੂਰ, ਪਾਰ, ਪੜੇ ਪਏ, ਡਿਗੇ। ੩੧੩.੧, ੪੪੧.੧, ੫੦੬.੩, ੫੨੦.੨, ੫੨੯.੪, ੬੩੮.੧

ਪਰੇਖ : (ਹਿੰ.)(परेखना) ਕ੍ਰਿ.—ਜਾਂਚ, ਪਰਖ, ਵੇਖੋ, ਪਰਖ, ਜਾਂਚ ਪੜਤਾਲ ਕਰਨਾ, ਜਾਚਨਾ, ਚੰਗੀ ਤਰਾਂ ਦੇਖ ਭਾਲ ਕਰਨਾ ਆਦਿ। ੬੦੦.੨

ਪਰੇਖੀਐ : ਵੇਖੋ ਪਰੇਖ। ੪੧੯.੨

ਪਰੈ : ਵੇਖੋ ਪਰੇ। ੧੧.੩, ੯੫.੨, ੧੬੬.੧, ੧੭੪.੧, ੨੭੯.੨, ੩੧੦.੧, ੩੩੩.੪, ੩੫੫.੩, ੩੬੨.੨, ੪੨੬.੪, ੪੩੦.੪, ੪੯੩.੨, ੫੦੫.੩, ੫੫੬.੩, ੫੩੮.੧, ੫੯੧ ੪, ੫੯੨.੨, ੬੫੩.੩

ਪਰੋਸੀ : (ਸੰ.) (प्रतिवेशः) ਸੰਗਿਆ—ਪੜੋਸੀ, ਨਜ਼ਦੀਕ ਵੱਸਣ ਵਾਲਾ, ਹਮਸਾਇਆ, ਗੁਆਂਢੀ। ੧੬੭.੧, ੪੭੨.੧

ਪਰੋਸੀਅਤ : ਵੇਖੋ ਪਰੋਸੈ। ੬੧੫.੧

ਪਰੋਸੈ : (ਹਿੰ.) (परोसा) ਪਰੋਸਨਾ—ਖਾਣੇ ਆਦਿ ਨੂੰ ਬਰਤਨਾਂ ਵਿਚ ਸਲੀਕੇ ਨਾਲ ਪਾਉਣ ਜਾਂ ਪੇਸ਼ ਕਰਨਾ, ਪਰਸਨਾ । ੫੬੬.੩, ੬੦੦.੩

ਪਲ : (ਸੰ.) (पल) ਸੰਗਿਆ—ਸਮੇਂ ਦੀ ਅਲਪ ਇਕਾਈ ਜੋ 60 ਵਿਪਲ ਜਾਂ 24 ਸੈਕਿੰਡਾਂ ਦੀ ਹੁੰਦੀ ਹੈ, ਪਲੜਾ, ਤਰਾਜ਼ੂ, ਪਲਕ ਆਦਿ । ੭੩.੪, ੭੯.੪, ੨੩੦.੩, ੨੩੩.੨, ੨੩੪.੩, ੪੦੪.੩, ੪੭੨.੪, ੬੩੩.੩, ੬੫੨.੧, ੬੫੪.੧, ੬੭੦.੧

ਪਲਕ : (ਫਾ.) ਸੰਗਿਆ—ਅੱਖ ਉਪਰ ਚਮੜੇ ਦਾ ਪਰਦਾ, ਛਿਨ, ਖਿਨ, ਨਿਮਿਖ ਆਦਿ । ੩੧੧.੨, ੩੩੪.੩, ੩੪੮.੪

ਪਲਟਿ : (ਹਿੰ.) (पलट) ਅ. ਕ੍ਰਿ.—ਪਲਟਣਾ, ਬਦਲਣਾ, ਉਲਟਾਉਣਾ, ਮੁੜਦਾ, ਮੋੜਨਾ ਆਦਿ । ੧੮੧.੩

ਪਲਨਾ : (ਸੰ.) (पालन) ਸੰਗਿਆ—ਝੂਲਾ, ਪੀਂਘ, ਕ੍ਰਿ.—ਪਲਣਾ, ਪਰਵਰਿਸ਼ ਹੋਣੀ, ਗਲਣਾ, ਸੜਨਾ ਆਦਿ । ੩੯੨.੩

ਪਲਾਸ : (ਸੰ.) (पलाश) ਵਿ.—ਮਾਸਾਹਾਰੀ (ਪਲ+ਅਸ਼ਕ), ਨਿਰਦਈ, ਬੇਰਹਿਮ, ਹਰਾਸਬਜ਼, ਸੰਗਿਆ—ਢੱਕ ਪਲਾਸ, ਪੱਤਾ, ਫੁੱਲਾਂ ਦੀ ਪੰਖੜੀ । ੧੨੯.੩, ੪੭੨.੩, ੫੦੧.੧

ਪਵਨ : (ਸੰ.) (पवन) ਸੰਗਿਆ—ਵਾਯੂ, ਹਵਾ, ਪੌਣ, ਪੌਣ ਦੀ ਕ੍ਰਿਆ ਜਾਂ ਭਾਵ । ੧੬.੧, ੨੮.੨, ੫੯.੧, ੯੫.੧, ੧੫੮.੧, ੧੯੬ ੧, ੨੫੧.੧, ੨੯੧.੧, ੩੧੩.੩, ੩੬੦.੧, ੪੪੨.੩, ੪੭੧.੩, ੪੭੩.੧, ੫੧੬.੧, ੫੨੯.੧, ੫੨੯.੨, ੫੪੯.੧, ੬੧੪.੩, ੬੨੪.੩, ੬੨੫.੨, ੬੩੮.੩, ੬੭੨.੨

ਪਵਨਹਿ : ਵੇਖੋ ਪਵਨ । ਪਵਨ ਵਿਚ, ਪਵਨ ਨਾਲ । ੧੯੬.੧

ਪਵਿਤ੍ਰ : (ਸੰ.) (पवित्र) ਵਿ.—ਨਿਰਮਲ, ਪਾਕ, ਪਾਪ ਰਹਿਤ, ਸ਼ੁੱਧ । ੮੩.੨, ੧੩੨.੧, ੧੮੦.੪, ੨੦੧.੧, ੨੦੨.੨, ੨੦੫.੧, ੩੮੪.੪, ੩੯੪.੪, ੪੮੧.੪, ੪੮੩.੧, ੪੮੩.੩, ੫੦੧.੩, ੫੦੫.੪

ਪੜਤ : (ਸੰ.) (पठ्) ਸ. ਕ੍ਰਿ.—ਪੜ੍ਹਨਾ, ਪਾਠ ਕਰਨਾ, ਪੜ੍ਹਾਨਾ, ਅਧਿਐਨ ਕਰਦਾ । ੨੪੧.੩, ੫੮੩.੨, ੬੩੪.੨

ਪੜ੍ਹ : (ਸੰ.) (पठ्) ਸ. ਕ੍ਰਿ.—ਪੜ੍ਹਨਾ, ਅਧਿਐਨ ਕਰਨਾ, ਪੜ੍ਹਾਈ ਕਰਨਾ ਆਦਿ । ੩੦.੨, ੫੩੦.੪

ਪੜ੍ਹਨ : ਵੇਖੋ ਪੜ੍ਹ । ੧੮੬.੧, ੪੭੫.੩

ਪੜਾਵਈ : ਵੇਖੋ ਪੜ੍ਹ । ਪੜ੍ਹਨ ਦੀ ਕ੍ਰਿਆ । ੪੪.੨

ਪੜਾਇ : ਵੇਖੋ ਪੜ੍ਹ । ਪੜ੍ਹਾਵੇ । ੩੭੮.੩

ਪੜਿ : ਵੇਖੋ ਪੜ੍ਹ । ਪੜ੍ਹ, ਪੜ੍ਹ ਕੇ । ੪੫੭.੩, ੫੬੨.੪

ਪੜੈ : ਵੇਖੋ ਪੜ੍ਹ । ਪੜ੍ਹੇ, ਪੜ੍ਹਦਾ ਹੈ । ੪੯੪.੩

ਪ੍ਰਸੰਗ : (ਸੰ.) (प्रसंग) ਸੰਗਿਆ—ਦੂਸਰਿਆਂ ਦੀ ਸੰਗਤ, ਦੂਜਿਆਂ ਨਾਲ ਮੇਲ ਜੋਲ ਸਬੰਧ, ਸਬੰਧ, ਮੇਲ, ਕਾਰਣ, ਲਗਨ ਕਥਾ, ਕਹਾਣੀ ਦਾ ਵੇਰਵਾ ਆਦਿ। ੨੮.੨, ੫੫.੪, ੯੬.੨, ੧੩੫.੪, ੨੩੩.੩, ੩੮੫.੧, ੪੫੩.੨, ੪੯੨.੨, ੫੬੧.੩, ੫੯੮.੨, ੬੨੫.੨

ਪ੍ਰਸੰਨ : (ਸੰ.) (प्रसन्न) ਵਿ.—ਖੁਸ਼, ਅੰਨਦਿਤ, ਸੰਤੁਸ਼ਟ, ਤ੍ਰਿਪਤ, ਸਵੱਛ, ਨਿਰਮਲ। ੧੭੨.੨, ੨੪੬.੪, ੨੭੫.੩, ੪੪੩.੩, ੪੬੪.੧, ੪੬੮.੨, ੬੨੨.੨

ਪ੍ਰਸਾਦ : (ਸੰ.) (प्रसाद) ਸੰਗਿਆ—ਕ੍ਰਿਪਾ, ਪਰਮਾਤਮਾ ਦੀ ਬਖਸ਼ਿਸ, ਕਿਰਪਾਲਤਾ, ਭੋਜਣ, ਰਸੋਈ। ੩੦੯.੩, ੪੫੩.੩, ੪੫੬.੨, ੫੦੫.੪

ਪ੍ਰਸਾਦਿ : ਵੇਖੋ ਪ੍ਰਸਾਦ। ੧੭੫.੩, ੧੯੯.੪, ੩੨੧.੩, ੩੬੧.੪, ੫੪੬.੧

ਪ੍ਰਸਿਧ : (ਸੰ.) (प्रसिद्धि) ਵਿ.—ਮਸ਼ਹੂਰ, ਜਿਸਦਾ ਨਾਮ ਹੋਵੇ, ਵਿਖਿਆਤ। ੧੫੪.੩, ੩੮੦.੩, ੩੮੨.੪, ੫੮੬.੨

ਪ੍ਰਸੂਤਿ : ਵੇਖੋ ਪਰਸੂਤ। ੨੨੮.੨, ੪੮੩.੩

ਪ੍ਰਸ੍ਵੇਦ : (ਸੰ.) (प्रस्वेद) ਸੰਗਿਆ ਪੁ.—ਪਸੀਨਾ, ਮੁੜਕਾ। ੪੭੧.੩

ਪ੍ਰਹਲਾਦ : (ਸੰ.) (प्रह्लाद) ਸੰਗਿਆ ਪੁ.—ਆਨੰਦ, ਆਮੋਦ, ਹਿਰਣਾਕਸ਼ਿਪੁ ਰਾਜੇ ਦੇ ਪੁੱਤਰ ਜੋ ਵਿਸ਼ਨੂੰ ਦਾ ਭਗਤ ਸੀ ਅਤੇ ਜਿਸ ਨੂੰ ਮਾਰਨ ਲਈ ਘਮੰਡੀ ਹਿਰਣਾਕਸ਼ਿਪ ਨੇ ਤਰ੍ਹਾਂ ਤਰ੍ਹਾਂ ਦੇ ਕਸ਼ਟ ਦਿਤੇ, ਅਤੇ ਅੰਤ ਵਿਚ ਰਾਜਾ ਆਪ ਪਰਮਾਤਮਾ ਦੇ ਨਰਸਿੰਘ ਰੂਪ ਤੋਂ ਮਾਰਿਆ ਗਿਆ। ਪੌਰਣਾ ਦਾ ਇਕ ਮਿਥਕ ਪਾਤਰ। ੪੦੭.੧, ੪੩੬.੨

ਪ੍ਰਹਾਰੀ : (ਸੰ.) ਵਿ.—ਵਾਰ ਕਰਨ ਵਾਲਾ, ਮਾਰਨ ਵਾਲਾ, ਨੁਕਸਾਨ ਕਰਨ ਵਾਲਾ, ਸੰਗਿਆ—ਪਰਾਈ ਇਸਤਰੀ। ੬੦੧.੨

ਪ੍ਰਕਾਸ਼ : (ਸੰ.) (प्रकाश) ਸੰਗਿਆ ਪੁ.—ਉਹ ਸ਼ਕਤੀ ਜਾਂ ਤੱਤ ਜਿਸ ਨਾਲ ਬਾਹਰੀ ਅਤੇ ਅੰਤਰੀਵੀ ਵਸਤੂ ਵਿਧਾਨ ਦਿਖਾਈ ਦੇਵੇ, ਰੌਸ਼ਨੀ, ਜੋਤੀ, ਅਭਿਵਿਅਕਤੀ; ਖੋਲਣਾ ਆਦਿ। ੬੨.੧, ੫੨੯.੩, ੫੮੬.੩, ੬੦੩.੨, ੬੦੫.੪, ੬੧੨.੪, ੬੬੧.੩

ਪ੍ਰਕਾਸ਼ੇ : ਵੇਖੋ ਪ੍ਰਕਾਸ਼। ੪੮੬.੧, ੪੯੬.੧, ੫੨੫.੨, ੫੫੦.੧

ਪ੍ਰਕਾਸਨ : ਵੇਖੋ ਪ੍ਰਕਾਸ਼। ਪ੍ਰਕਾਸ਼ਿਤ ਕਰਨਾ। ੨੧੦.੪

ਪ੍ਰਕਾਸਯੋ : ਵੇਖੋ ਪ੍ਰਕਾਸ਼। ਪ੍ਰਕਾਸ਼ਿਤ ਕੀਤਾ। ੬੬੮.੩

ਪ੍ਰਕਾਰ : (ਸੰ.) (प्रकार)—ਤਰ੍ਹਾਂ ਤਰ੍ਹਾਂ ਦੇ, ਕਿਸਮਾਂ ਦੇ, ਭਾਂਤ ਭਾਂਤ ਦੇ/ਦਾ। ੩੫.੨, ੩੯.੨, ੪੯.੧, ੫੧.੧, ੯੮.੩, ੧੫੯.੧, ੧੮੮.੧ ੧੯੨.੨, ੨੨੯.੨, ੩੦੨.੨, ੩੦੪.੪, ੩੨੫.੩, ੩੯੮.੩, ੫੦੫.੧, ੫੫੯.੨, ੫੭੨.੪, ੬੦੩.੧, ੬੦੪.੧, ੬੪੭.੧, ੬੬੬.੪

ਪ੍ਰਕਾਰੀ : ਵੇਖੋ ਪਰਕਾਰ। ਪਰਕਾਰ ਦੀ, ਤਰ੍ਹਾਂ ਦੀ, ਕਿਸਮ ਦੀ ਆਦਿ। ੫੩੦.੧

ਪ੍ਰਕਾਰੀਐ : ਵੇਖੋ ਪ੍ਰਕਾਰ। ਪ੍ਰਕਾਰ ਕਰੀਏ, ਫੈਲਾਅ ਕਰੀਏ, ਵਿਸਤਾਰ ਕਰੀਏ। ੬੭੨.੧

ਪ੍ਰਕ੍ਰਿਤੀ : (ਸੰ.) (प्रकृति) ਸੰਗਿਆ—ਸੁਭਾਅ, ਤਬੀਅਤ, ਕਦਰਤੀ ਗੁਣ, ਮਾਇਆ, ਵਿ—ਕੁਦਰਤੀ, ਸੁਭਾਵਿਕ। ੫੨੯.੩

ਪ੍ਰਗਟ : (ਸੰ.) (प्रकट)—ਪਰਤੱਖ, ਜ਼ਾਹਿਰ, ਪਰਗਟ। ੨.ਛੰ.੪, ੩੭.੨, ੪੩.੨, ੮੧.੨, ੯੯,੪, ੧੨੪.੧, ੧੩੨.੪, ੧੪੪.ਝ.ਛੰ.੧, ੧੬੨.੩, ੨੧੩.੨, ੨੭੩.੧, ੨੮੩.੪, ੩੪੨.੨, ੩੪੯.੨, ੩੫੦.੧, ੩੬੩.੨, ੪੦੭.੧, ੪੧੦.੨, ੪੬੨.੨, ੪੬੫.੧, ੪੯੦.੧, ੫੧੧.੪, ੫੩੧.੪, ੫੩੫.੨, ੫੮੬.੧, ੬੭੫.੨

ਪ੍ਰਗਟਤ : ਵੇਖੋ ਪ੍ਰਗਟ। ਪ੍ਰਗਟਦਾ ਹੈ, ਸਾਖ਼ਿਆਤ ਕਰੀਦਾ ਹੈ। ੪੫.੩, ੪੧੦.੪

ਪ੍ਰਗਟਾਇ : ਵੇਖੋ ਪ੍ਰਗਟ। ਪ੍ਰਗਟਾਉਂਦੀ ਹੈ। ੧੫੬.੪, ੬੦੯.੨, ੬੩੪.੨, ੬੩੫.੨

ਪ੍ਰਗਟਾਇਓ : (ਸੰ.) (प्रकटित)—ਪ੍ਰਗਟ ਕਰ ਦਿੱਤਾ, ਜ਼ਾਹਿਰ ਕਰ ਦਿੱਤਾ, ਪ੍ਰਗਟ ਹੋ ਜਾਂਦਾ। ੫.ਛੰ.੧

ਪ੍ਰਗਟਾਈਐ : ਵੇਖੋ ਪ੍ਰਗਟ। ਪ੍ਰਗਟ ਕਰ ਦਿਓ, ਪਰਕਾਸ਼ਮਾਨ ਕਰ ਦਿਓ। ੬੨੮.੪

ਪ੍ਰਗਟਾਏ : ਵੇਖੋ ਪ੍ਰਗਟ। ਪ੍ਰਗਟ ਹੋਇਆ। ੩੬.੧, ੫੩.੧, ੨੧੪.੪

ਪ੍ਰਗਟਾਵਈ : ਵੇਖੋ ਪ੍ਰਗਟ। ਪ੍ਰਗਟ ਹੋ ਆਉਂਦੀ ਹੈ। ੪੪.੩, ੧੧੯.੨, ੨੫੮.੩

ਪ੍ਰਗਟਾਵੈ : ਵੇਖੋ ਪ੍ਰਗਟ। ਪ੍ਰਗਟਾਉਂਦਾ ਹੈ। ੨੦੮.੩

ਪ੍ਰਗਟਾਯੋ : ਵੇਖੋ ਪ੍ਰਗਟ। ਪ੍ਰਗਟ ਹੁੰਦਾ ਹੈ। ੫.ਛੰ੧, ੨੫੭.੧, ੫੦੪.੧

ਪ੍ਰਗਟੀ : ਵੇਖੋ ਪ੍ਰਗਟ। ਪ੍ਰਗਟ ਹੋਈ। ੬੬੮.੧

ਪ੍ਰਗਟੇ : ਵੇਖੋ ਪ੍ਰਗਟ। ਪ੍ਰਗਟ ਹੋਵੇ। ੪੭੧.੩

ਪ੍ਰਗਟੈ : ਵੇਖੋ ਪ੍ਰਗਟ। ਪ੍ਰਗਟ ਹੁੰਦਾ ਹੈ। ੪੪੫.੨, ੫੧੭.੨, ੫੬੭.੪

ਪ੍ਰਗਾਸ : (ਸੰ.) (प्रकाश्त्मन्)—ਵਿਗਸਣਾ, ਪ੍ਰਫੁਲਿਤ ਹੋਣਾ, ਪ੍ਰਕਾਸ਼ਿਤ ਹੋਣਾ, ਪ੍ਰਕਾਸ਼ਮਾਨ। ੪.ਸੋ.੨, ੪.ਦੋ.੨, ੪.ਛੰ.੧, ੭.ਸੋ.੧, ੭.ਦੋ.੧, ੧੮.੧, ੩੩.੧, ੩੮.੨, ੬੪.੩, ੬੬.੨, ੭੪.੩, ੭੬.੨, ੭੭.੨, ੮੯.੨, ੧੧੨.੨, ੧੨੩.੧, ੧੨੪.੧, ੧੨੫.੪, ੧੨੯.੧, ੧੩੮.੩, ੧੩੯.੪, ੧੫੯.੩, ੧੬੩.੧, ੧੯੦.੨, ੨੦੭.੪, ੨੫੧.੪, ੨੫੯.੨,– ੨੬੮.੩; ੨੭੦.੧, ੨੭੦.੨, ੨੮੧.੨, ੨੮੪.੧, ੨੮੫.੧; ੨੯੪.੧, ੩੧੧.੨, ੩੨੨.੨, ੩੨੬.੪,

੩੬੦.੨, ੩੬੩.੩, ੩੬੪.੨, ੩੬੭.੧, ੩੬੮.੪, ੩੭੫.੧, ੩੯੪.੧, ੪੦੭.੩, ੪੧੧.੪, ੪੧੪.੪, ੪੨੧.੧, ੪੨੪.੧, ੪੩੭.੩, ੪੪੫.੧, ੪੭੧.੩, ੫੧੬.੪, ੫੩੧.੧, ੬੨੧.੪, ੬੨੫.੨

ਪ੍ਰਗਾਸਨ : ਵੇਖੋ ਪ੍ਰਕਾਸ਼ ਤੇ ਪ੍ਰਗਾਸ । ਪ੍ਰਗਾਸਦੇ ਹਨ । ੪.ਛੰ.੪

ਪ੍ਰਗਾਸੇ : ਵੇਖੋ ਪ੍ਰਗਾਸ । ਪ੍ਰਕਾਸ਼ ਹੋਏ । ੧੬੯.੧

ਪ੍ਰਗਾਸੁ : ਵੇਖੋ ਪ੍ਰਗਾਸ । ਚਾਣਨਾ, ਰੌਸ਼ਨੀ, ੪੧੪.੪

ਪ੍ਰਚੰਡ : (ਸੰ.) (ਪ੍ਰਚੰਡ)— ਮਜ਼ਬੂਤ, ਸ਼ਕਤੀਸ਼ਾਲੀ, ਦ੍ਰਿੜ ਇਰਾਦੇ ਵਾਲੇ । ੩੫੬.੪

ਪ੍ਰਜਾਰਯੋ : (ਸੰ.) (ਪ੍ਰਜ੍ਵਲਨਮ੍)—ਸਾੜ ਦਿੱਤਾ, ਜਲਾ ਦਿੱਤਾ, ੪੨੫.੨

ਪ੍ਰਜੋਗੀਐ : ਵੇਖੋ ਪ੍ਰਯੋਗ । ਪ੍ਰਯੋਗ ਕਰੀਐ, ਇਸਤੇਮਾਲ ਕਰੀਏ । ੨੬੭.੪

ਪ੍ਰਣ : (ਸੰ.) (ਪ੍ਰਣ) ਵਿ.—ਪ੍ਰਾਚੀਨ, ਪੁਰਾਣਾ, ਸੰਗਿਆ—ਕਿਸੇ ਕਾਰਜ ਨੂੰ ਸੰਪੂਰਣ ਕਰਨ ਦਾ ਦ੍ਰਿੜ ਨਿਸਚੈ, ਸਹੁੰਖਾਲੀ ਵਚਨ ਕਰਨਾ, ਵਚਨ ਦੇਣਾ । ੪੩੬.੨

ਪ੍ਰਣਾਮ : (ਸੰ.) (ਪ੍ਰਣਾਮ) ਸੰਗਿਆ ਪੁ.—ਝੁਕਕੇ ਅਭਿਵਾਦਨ ਕਰਨਾ, ਨਮਸਕਾਰ ਕਰਨਾ, ਸਿਰ ਝੁਕਾਕੇ ਆਦਾਬ ਕਰਨਾ । ੨੭੮.੩, ੪੯੯.੩

ਪ੍ਰਣਾਰੇ : (ਹਿੰ.) (ਪਰਨਾਲਾ)—ਪਰਨਾਲਾ, ਪਤਨਾਲਾ । ੩੭੨.੧

ਪ੍ਰਤਗਯਾ : (ਸੰ.) (ਪ੍ਰਤਿਜ੍ਞਾ) ਸੰਗਿਆ—ਕਿਸੇ ਕਾਰਜ ਨੂੰ ਵਚਨ ਪੂਰਵਕ ਕਰਨ ਦੀ ਸਹੁੰ, ਸਹੁੰ, ਸੁੰਗੰਧ । ੩੮੭.੩

ਪ੍ਰਤਯਛ : (ਸੰ.) (ਪ੍ਰਤ੍ਯਕ੍ਸ਼)—ਪਰਤੱਖ, ਸਾਹਮਣੇ, ਸਾਖ਼ਸ਼ਾਤ, ਜ਼ਾਹਰਾ ਰੂਪ ਵਿਚ ਸਾਖ਼ਿਆਤ । ੫੮੬.੪

ਪ੍ਰਤਾਪ : ਵੇਖੋ ਪਰਤਾਪ । ੧੨੪.੪, ੧੭੩.੧, ੧੮੭.੪, ੧੮੮.੪, ੧੯੭.੪, ੨੬੫.੨, ੨੭੪.੨, ੨੮੪.੧, ੨੮੫.੧, ੩੦੯.੧, ੩੧੬.੩, ੩੩੯.੧, ੩੩੯.੪, ੩੪੧.੧, ੪੨੦.੨, ੪੪੮.੧, ੫੫੨.੪, ੬੧੨.੩, ੬੪੬.੪, ੬੫੧.੨, ੬੫੨.੩, ੬੫੪.੩, ੬੭੦.੪

ਪ੍ਰਤਿ : (ਸੰ.) (ਪ੍ਰਤਿ)—ਇਕ ਅਗੇਤਰ, ਵਿਰੁਧ, ਵਿਪਰਤਿ, ਸਾਹਮਣੇ, ਹਰ ਇਕ, ਵਲੋਂ, ਮੁਕਾਬਲੇ ਵਿਚ, ਦਰ, ਨਕਲ ਆਦਿ । ੧੦੨.੪, ੧੫੫.੧, ੧੫੭.੧, ੧੭੨.੨, ੨੩੦.੩, ੨੩੧.੪, ੨੯੨.੧, ੩੧੩.੩, ੩੫੬.੨, ੩੫੮.੧, ੩੬੫.੩, ੩੭੨.੩, ੩੭੭.੩, ੪੬੪.੪, ੫੧੦.੧, ੫੧੨.੩, ੫੩੦.੩, ੫੩੨.੩, ੫੭੫.੨, ੫੮੭.੧, ੫੯੦.੩, ੬੩੪.੨

ਪ੍ਰਤਿਉਤਰ : (ਸੰ.) (ਪ੍ਰਤ੍ਯੁਤਰ) ਸੰਗਿਆ—ਉੱਤਰ ਮਿਲਣ ਉਤੇ ਦਿੱਤਾ ਗਿਆ ਉੱਤਰ, ਜਵਾਬ ਦਾ ਜਵਾਬ । ੨੭੫.੨

ਜਗਨਨਾਥ : (ਸੰ.) (जगन्नाथ) ਸੰਗਿਆ—ਜਗਤ ਦਾ ਨਾਥ, ਸ੍ਰਿਸ਼ਟੀ ਦਾ ਸੁਆਮੀ, ਕਰਤਾਰ, ਪ੍ਰਭੂ । ੬੫੬.੨

ਜ਼ਗਮਗ : ਵੇਖੋ ਜਗ । ਵਿ.—ਪ੍ਰਕਾਸ਼ਿਤ, ਜਗਮਗਾਉਂਦਾ ਹੋਇਆ, ਚਮਕੀਲਾ ਰੌਸ਼ਨ ਆਦਿ । ੩.ਸੋ.੧, ੩.ਦੋ.੧, ੩.ਛੰ.੪, ੫.ਛੰ.੩, ੧੧.੨, ੨੯.੪, ੫੨.੩, ੬੮.੨, ੧੪੦.੩, ੨੪੬.੨, ੨੪੮.੨, ੨੬੫.੧, ੩੧੨.੪, ੩੪੮.੧, ੪੨੧.੨, ੪੫੬.੩, ੫੦੯.੨. ੫੨੫.੨, ੬੫੨.੩, ੬੫੪.੩, ੬੫੮.੨

ਜਗਮਗਾਤ : ਵੇਖੋ ਜਗਮਗ । ੪੯੭..੩

ਜਗਾਇ : (ਸੰ.) (जागृ) ਸ. ਕ੍ਰਿ.—ਜਗਵਣਾ, ਜਾਗ੍ਰਿਤ ਅਵਸਥਾ ਵਿਚ ਲਿਆਉਣਾ, ਸੁਚੇਤ ਕਰਨਾ, ਸਾਵਧਾਨ ਕਰਨਾ, ਜੋਤ ਜਾਂ ਬੱਤੀ ਬਾਲਣਾ । ੬੩੫.੪

ਜਗਾਇਕੈ : ਵੇਖੋ ਜਗਾਇ । ੪੩੮.੩

ਜਗਾਏ : ਵੇਖੋ ਜਗਾਇ । ੮੯.੪, ੨੦੫.੪, ੪੧੦.੨, ੫੩੫.੨

ਜਗਾਵਹੀ : ਵੇਖੋ ਜਗਾਇ । ਜਾਗ੍ਰਿਤ ਕੀਤੀ, ਪ੍ਰਕਾਸ਼ਿਤ ਕੀਤੀ । ੫੬੯.੨

ਜਟਾ : (ਸੰ.) (जटा) ਸੰਗਿਆ—ਲਟਕੇ ਰੂਪ ਵਿਚ ਗੁੱਥੇ ਹੋਏ ਬਹੁਤ ਸਾਰੇ ਵਾਲ, ਬਿਰਖ ਦੀਆਂ ਬਾਰੀਕ ਤਾਰਾਂ, ਜੜ੍ਹਾਂ, ਸ਼ਾਖਾਵਾਂ, ਵੇਦ ਪਾਠ ਦਾ ਇਕ ਭੇਦ । ੬੦੭.੩

ਜਠਰ : (ਸੰ.) (जटर) ਸੰਗਿਆ ਪੁ.—ਪੇਟ, ਪੇਟ ਦਾ ਅੰਦਰੂਨਾ ਭਾਗ, ਇਕ ਦੇਸ਼ ਦਾ ਨਾਮ, ਸਰੀਰ, ਪੇਟ ਦਾ ਰੋਗ ।੩੫੩.੧

ਜਤ : (ਸੰ.) (यत) ਸੰਗਿਆ—ਨਿਯੰਤ੍ਰਣ, ਸੰਜਮ, ਰੋਕਥਾਮ, ਜਿਸ ਨੇ ਆਪਣੀਆਂ ਇੰਦ੍ਰੀਆਂ ਨੂੰ ਵਸ ਵਿਚ ਕੀਤਾ ਹੋਵੇ, ਜਿਨ੍ਹਾਂ, ਜਿਸ ਮਾਤਰਾ ਦਾ ਆਦਿ । ੪੨.੧, ੭੦.੨, ੧੭੩.੪, ੧੭੭.੧, ੨੧੫.੧, ੨੪੬.੧, ੬੧੦.੪, ੬੭੨.੩

ਜੰਤ : (ਸੰ.) (जन्तु) ਸੰਗਿਆ—ਪ੍ਰਾਣੀ, ਜੀਵ । ੨੫.੧, ੭੧.੩, ੧੭੭.੨, ੩੭੮.੨, ੪੬੩.੧, ੫੮੭.੧, ੬੦੦.੩

ਜੰਤਧਾਰੀ : ਵੇਖੋ ਜਤ, ਜੰਤੂ । ਜੰਤੂ ਧਾਰਨ ਕਰਨ ਵਾਲਾ । ੨੪੪.੨

ਜਤਨ : (ਸੰ.) (यत्न) ਸੰਗਿਆ—ਯਤਨ, ਕੋਸ਼ਿਸ਼, ਉਪਾਇ, ਤਦਬੀਰ, ਮਿਹਨਤ । ੬੪.੩, ੨੫੫.੪, ੩੦੪.੧, ੩੦੫.੩, ੩੫੫.੪, ੩੯੯.੨, ੩੯੦.੧, ੩੯੮.੨, ੪੦੭.੪, ੪੧੦.੧, ੪੧੮.੧, ੪੧੯.੧, ੪੫੧.੧, ੪੫੬.੨, ੫੧੪.੪, ੫੩੫.੧, ੫੩੯.੩, ੫੫੮.੨, ੫੭੪.੪, ੬੦੭.੪, ੬੦੯.੧, ੬੩੦.੧, ੬੩੭.੩

ਜਤਾਈ : (ਹਿੰ.) (जताना) ਕ੍ਰਿ.—ਗਿਆਤ, ਕਰਾਉਣਾ, ਦੱਸਣਾ, ਮਾਲੂਮ ਕਰਵਾਉਣਾ, ਇਲਮ ਵਿਚ ਲਿਆਉਣਾ, ਆਗ੍ਰਹ ਕਰਨਾ, ਪਤਾ ਦੇਣਾ । ੪੭.੨, ੪੫੫.੪

ਜਤਾਵਈ : ਵੇਖੋ ਜਤਾਈ । ੧੯੫.੩, ੫੫੦.੩

ਜਤਾਏ : ਵੇਖੋ ਜਤਾਈ । ੫੩.੪, ੬੪.੩

ਜਤਿ : (ਸੰ.) (ਯਤਿ) ਪੁ.—ਉਹ ਵਿਅਕਤੀ ਜਿਸਨੇ ਆਪਣੀਆਂ ਇੰਦ੍ਰੀਆਂ ਅਤੇ ਮਨੋਵਿਕਾਰਾਂ ਨੂੰ ਵਸ ਵਿਚ ਕੀਤਾ ਹੋਵੇ, ਬ੍ਰਹਮਚਾਰੀ, ਸੰਨਿਆਸੀ । ੫੨੬.੪

ਜੰਤੇ : ਵੇਖੋ ਜੰਤ । ੧੧੩.੧

ਜੰਤੁ : ਵੇਖੋ ਜੰਤ । ੨੫.੧, ੧੭੭.੨, ੩੬੪.੧, ੩੬੫.੪, ੩੬੬.੩, ੪੦੨.੨, ੫੨੭.ਸ.੩

ਜੰਤੁਨ : ਵੇਖੋ ਜੰਤ । ੧੮੨.੨

ਜਤ੍ਰ : ਵੇਖੋ ਜੰਤ੍ਰ । ੨੨੭.੧, ੨੬੮.੩, ੩੫੧.੩, ੪੧੩.੩

ਜੰਤ੍ਰ : (ਸੰ.) (ਯਨ੍ਤ੍ਰ) ਸੰਗਿਆ—ਔਜ਼ਾਰ, ਮਸ਼ੀਨ, ਵੀਣਾ, ਵਾਜਾ । ੪੭.੪, ੬੩.੨, ੧੧੬.੨, ੨੨੭.੪, ੨੪੪.੨, ੨੬੯.੨, ੩੩੧.੧, ੬੩੯.੩

ਜੰਤ੍ਰੀ : (ਸੰ.) (ਯਨ੍ਤ੍ਰਿਨ) ਸੰਗਿਆ—ਯੰਤ੍ਰੀ, ਯੰਤ੍ਰ, ਤੇ ਨਿਯੰਤ੍ਰਣ ਕਰਨ ਵਾਲਾ, ਵਾਜਾ ਜਾਂ ਵੀਣਾ ਵਜਾਉਣ ਵਾਲਾ । ੪੭.੪, ੬੩.੨, ੨੨੭.੪, ੨੬੮.੨, ੩੩੧.੧

ਜਨ : (ਸੰ.) (ਜਨ) ਸੰਗਿਆ—ਜੀਵਧਾਰੀ, ਪ੍ਰਾਣਧਾਰੀ, ਪ੍ਰਾਣੀ, ਵਿਅਕਤੀ, ਮਨੁੱਖ । ੧੧੩.੪, ੧੧੪.੪, ੧੫੯.੪, ੧੬੫.੨, ੨੨੫.੪, ੨੨੭.੪, ੩੧੦.੩, ੩੨੪.੪, ੩੮੧.੪, ੩੮੩.੪, ੩੯੫.੩, ੪੩੩.੧, ੪੩੬.੨, ੪੪੧.੩, ੫੦੭.੩, ੬੭੪.੩

ਜਨਕ : (ਸੰ.) (ਜਨਕ) ਵਿ.—ਪੈਦਾ ਕਰਨ ਵਾਲਾ, ਜਨਮ ਦੇਣ ਵਾਲਾ, ਸੰਗਿਆ—ਪਿਤਾ, ਸੀਤਾ ਦੇ ਪਿਤਾ ਰਾਜਾ ਜਨਕ । ੨੨੭.੪, ੫੩੮.੪

ਜਨਨ : (ਸੰ.) (ਜਨਨ) ਸੰਗਿਆ—ਉਤਪਤਿ, ਉਦਭਵ, ਜਨਮ, ਵੰਸ਼, ਕੁਲ, ਪਰਮੇਸ਼ਰ ਆਦਿ । ੫੩੮.੪, ੫੬੯.੧

ਜਨਿਨ : ਵੇਖੋ ਜਨਨ, ਜਨਨੀ । ੨੨੧.੧, ੩੫੭.੧, ੩੫੮.੧, ੩੭੯.੧, ੫੩੬.੨, ੫੪੭.੧

ਜ਼ਨਨੀ : (ਸੰ.) (ਜਨਨੀ) ਸੰਗਿਆ ਇ.—ਉਤਪੰਨ ਕਰਨ ਵਾਲੀ, ਮਾਤਾ, ਮਾਂ, ਕ੍ਰਿਪਾ, ਦਯਾ ਆਦਿ । ੩੫੩.੧, ੩੫੫.੧, ੩੫੫.੨, ੩੯੨.੧, ੪੩੬.੩, ੫੭੯.੧

ਜਨਮ : (ਸੰ.) (ਜਨ੍ਮ) ਸੰਗਿਆ—ਉਤਪਤਿ, ਜਨਮ, ਪੈਦਾਇਸ਼, ਨਿਕਾਸ । ੧੪.੪, ੧੭.੧, ੭੬.੨, ੮੨.੩, ੯੦.੨, ੯੧.੧, ੧੧੮.੩, ੧੫੯.੧, ੧੫੯.੪, ੧੬੫.੧, ੧੭੫.੪, ੨੦੦.੨, ੨੦੦.੩, ੨੦੨.੩, ੨੪੩.੨, ੩੪੩.੪, ੨੮੭.੩, ੩੦੦.੩, ੩੨੧.੪, ੩੨੫.੪, ੩੪੫.੪, ੩੬੧.੧, ੩੬੪.੪, ੪੦੯.੩, ੪੧੨.੧,

ਪ੍ਰਵੇਸ : ਵੇਖੋ ਪਰਵੇਸ। ੭੯.੧, ੮੭.੪, ੧੩੩.੨, ੧੮੬.੩, ੨੧੦.੪, ੨੧੧.੩, ੨੧੪.੩, ੨੩੯,੨, ੨੪੮.੩, ੨੮੩.੪, ੩੬੪.੪, ੩੮੦.੪, ੫੧੮.੪, ੬੫੩.੩

ਪ੍ਰਵੇਸੁ : ਵੇਖੋ ਪਰਵੇਸ। ੬੫੯.੧

ਪ੍ਰਵੀਨ : ਵੇਖੋ ਪਰਬੀਨ। ੨੨੫.੧

ਪ੍ਰਾਕ੍ਰਮੀ : (ਸੰ.) (पराक्रमी) ਵਿ.—ਬਲਵਾਨ, ਬਲਸ਼ਾਲੀ, ਵੀਰ, ਬਹਾਦਰ, ਉਦਮੀ। ੨੩੦.੧

ਪ੍ਰਾਗ : (ਸੰ.) (प्रयाग:) ਸੰਗਿਆ ਪੁ.—ਪੁਸ਼ਪ-ਪਰਾਗ, ਧੂੜ, ਮਿਟੀ, ਚੰਦਨ, ਪਰਬਤ ਦਾ ਨਾਂ, ਤੀਰਥ ਸਥਾਨ (ਉਤਰ ਪ੍ਰਦੇਸ਼ ਦੇ ਇਲਾਹਬਾਦ ਦੇ ਸਥਾਨ ਤੇ ਜਿਥੇ ਤਿੰਨ ਨਦੀਆਂ ਗੰਗਾਂ, ਜਮਨਾ, ਸਰਸਵਤੀ ਦਾ ਸੰਗਮ ਹੁੰਦਾ ਹੈ)। ੪੧੬.੧, ੬੭੩.੧

ਪ੍ਰਾਣ : (ਸੰ.) (प्राण:) ਪੁ.—ਜੀਵਨ, ਵਾਯੂ, ਹਵਾ, ਜੀਵ ਆਤਮਾ, ਜਾਨ, ਸਾਹ ਆਦਿ। ੨੫੫.੨, ੩੦੦.੨, ੩੧੭.੩, ੩੧੮.੨, ੫੧੪.੧, ੫੨੯.੩

ਪ੍ਰਾਣੀ : (ਸੰ.) (प्राणी) ਵਿ.—ਪ੍ਰਾਣਧਾਰ, ਜੀਵ, ਜਾਨਦਾਰ, ਜੀਵ ਜੰਤੂ, ਮਾਨਵ, ਮਨੁੱਖ, ਆਦਿ। ੨੩੯.੪, ੨੪੧.੧

ਪ੍ਰਾਤ : (ਹਿੰ.) (प्रात)—ਸਵੇਰ, ਪ੍ਰਭਾਤ, ਤੜਕਸਾਰ, ਸੁਬਹ। ੬੯.੩, ੨੪੧.੨, ੪੪੦.੨, ੪੪੬.੪, ੪੮੬.੩, ੪੮੭.੩, ੫੭੨.੨, ੬੧੩.੧, ੬੬੧.੩, ੬੭੨.੩

ਪ੍ਰਾਤਹ : ਵੇਖੋ ਪ੍ਰਾਤ। ੫੪੮.੧

ਪ੍ਰਾਨ : ਵੇਖੋ ਪ੍ਰਾਣ। ੧੩.੨, ੪੩.੪, ੪੫.੪, ੪੭.੩, ੫੩.੪, ੮੩.੩, ੧੧੬.੩, ੧੩੭.੪, ੧੯੬.੩, ੨੬੧.੪, ੨੮੨.੩, ੩੦੩.੩, ੩੫੫.੨, ੩੫੮.੧, ੪੦੨.੨, ੪੧੨.੨, ੪੫੧.੨, ੪੬੬.੩, ੪੯੪.੨, ੫੧੦.੨, ੬੦੭.੪, ੬੧੧.੨, ੬੧੮.੨

ਪ੍ਰਾਨਨਾਥ : (ਸੰ.) (प्राणनाथ:) ਵਿ.—ਪ੍ਰਾਣਾਂ ਦਾ ਮਾਲਕ, ਜੀਵਾਂ ਦਾ ਮਾਲਕ, ਖਾਲਕ, ਪ੍ਰਿਅ ਵਿਅਕਤੀ, ਪ੍ਰੀਤਮ, ਅਚਾਰੀਆ-ਨਾਮ। ੬੬੪.੨

ਪ੍ਰਾਨਪਤਿ : (ਸੰ.) (प्राणपति:) ਵਿ.—ਪ੍ਰਾਣਾਂ ਦਾ ਸੁਆਮੀ, ਪ੍ਰਿਯ ਵਿਅਕਤੀ, ਆਤਮਾ, ਹਿਰਦੇ ਆਦਿ। ੨੬੧.੪, ੨੮੨.੩, ੪੦੧.ਸ.ਛੰ.੪, ੫੧੦.੪, ੬੫੯.੧, ੬੬੯.੩

ਪ੍ਰਾਨੀ : ਵੇਖੋ ਪ੍ਰਾਣੀ। ੧੧੮.੨, ੩੦੮.੪, ੪੧੩.੪, ੬੧੦.੪, ੬੩੫.੪

ਪ੍ਰਾਪਤਰ : (ਸੰ.) (प्राप्त) ਵਿ.—ਉਪਲੱਬਧ, ਪਾਇਆ, ਮਿਲਿਆ, ਸਾਹਮਣੇ ਆਇਆ, ਉਤਪੰਨ ਆਦਿ। ੩੧.੨, ੧੦੫.੩, ੧੨੬.੧, ੨੨੦.੪, ੩੯੪.੪, ੪੬੯.੪, ੪੭੫.੧

ਪ੍ਰਾਪਤਿ : ਵੇਖੋ ਪ੍ਰਾਪਤ ੨੧੮.੨

ਪ੍ਰਿਆ : (ਸੰ.) (ਪ੍ਰਿਯ) ਵਿ.—ਜਿਸ ਨਾਲ ਪ੍ਰੇਮ ਹੋਵੇ, ਪਿਆਰਾ, ਸੁੰਦਰ, ਪਤੀ, ਸੁਆਮੀ ਆਦਿ । ੫੭੫.੩, ੬੦੫.੧, ੬੪੫.੨

ਪ੍ਰਿਐ : ਵੇਖੋ ਪ੍ਰਿਆ । ੫੭੭.੧

ਪ੍ਰਿਥਵੀ : (ਸੰ.) (ਪ੍ਰਿਥ੍ਵੀ) ਸੰਗਿਆ—ਧਰਤੀ, ਜ਼ਮੀਨ, ਭੂਮੀ, ਧਰਤ । ੫੨੯.੨

ਪ੍ਰਿਥੀ : ਵੇਖੋ ਪ੍ਰਿਥਵੀ । ੪੭੩.੧

ਪ੍ਰਿਯ : ਵੇਖੋ ਪ੍ਰਿਅ । ੭੫.੪, ੧੫੪.੨, ੨੦੬.੧, ੨੦੮.੧— ੨੦੮.੪, ੨੦੯.੧— ੨੦੯.੪, ੨੧੯.੨, ੨੫੪.੪, ੨੭੯.੪, ੩੧੭.੩, ੩੨੭.੩, ੩੪੮.੪, ੪੨੪.੪. ੪੫੦.੨, ੫੦੨.੩, ੫੨੦.੩, ੫੬੯.੧, ੫੭੪.੧— ੫੭੪.੪, ੫੭੫.੩, ੫੭੬.੨, ੬੧੫.੨, ੬੨੦.੪, ੬੪੦.੩, ੬੪੨.੩, ੬੪੫.੧, ੬੫੫.੪, ੬੬੧.੪, ੬੬੨.੪, ੬੬੭.੧, ੬੬੭.੨

ਪ੍ਰਿਯਾ : ਵੇਖੋ ਪ੍ਰਿਆ । ੧੧੯.੨, ੧੪੪.ਝ.ਛੰ.੪, ੧੪੮.੩, ੧੭੯.੧, ੧੮੨.੪, ੪੬੬.੨, ੪੬੬.੩, ੬੦੪.੩, ੬੨੬.੪, ੬੩੭.੨, ੬੫੪.੪, ੬੬੦.੨

ਪ੍ਰੀਤਮ : (ਸੰ.) (ਪ੍ਰਿਯਤਮ) ਵਿ.—ਸਭ ਤੋਂ ਪਿਆਰਾ, ਪਰਮ ਪਿਆਰਾ, ਪਤੀ, ਸੁਆਮੀ ਆਦਿ । ੧੬੭.੧, ੨੧੩.੧, ੩੨੧.੩, ੩੪੫.੪, ੪੩੯.੧, ੫੫੦.੧, ੫੭੪.੪

ਪ੍ਰੀਤਿ ; (ਸੰ.) (ਪ੍ਰੀਤਿ) ਸੰਗਿਆ ਇ.—ਸੰਤੋਖ, ਖ਼ੁਸ਼ੀ, ਪ੍ਰੇਮ, ਸਨੇਹ, ਆਨੰਦ, ਮੁਹੱਬਤ ਆਦਿ । ੪੬.੪, ੧੦੨.੧, ੧੦੨.੩, ੧੮੩.੨, ੧੮੭.੨, ੧੮੮.੨, ੨੨੦.੨, ੨੭੯.੪, ੨੯੨.੧. ੨੯੭.੧— ੨੯੭.੪, ੩੧੬.੧, ੩੧੭.੪, ੩੧੮.੪, ੩੨੧.੨, ੩੭੮.੩, ੩੮੧.੧, ੩੮੩.੨, ੩੮੬.੪, ੩੮੮.੬, ੪੨੪.੧, ੪੫੨.੩, ੪੮੭.੪, ੪੯੨.੩, ੪੯੩.੧, ੪੯੮.੪, ੫੯੫.੩, ੬੨੭.੪

ਪ੍ਰੇਤ : (ਸੰ.) (ਪ੍ਰੇਤ) ਸੰਗਿਆ ਪੁ.—ਮਰੀ ਹੋਈ ਆਤਮਾ ਦੀ ਇਕ ਅਵਸਥਾ, ਪਿਸ਼ਾਚਾਂ ਦੀ ਇਕ ਕਲਪਿਤ ਦੇਵ ਜੂਨੀ, ਦੁਸ਼ਟ ਵਿਅਕਤੀ । ੨੦੦.੪

ਪ੍ਰੇਮ : (ਸੰ.) (ਪ੍ਰੇਮਨ੍) ਸੰਗਿਆ ਪੁ.—ਪਿਆਰ, ਸਨੇਹ, ਪ੍ਰੀਤੀ, ਮਨ ਦੀ ਅਜਿਹੀ ਸਥਿਤੀ ਜੋ ਹਮੇਸ਼ਾਂ ਕਿਸੇ ਇਕ ਵੱਲ ਪ੍ਰੇਰਿਤ ਕਰੇ । ੧੨.੧, ੧੪.੧, ੧੪.੩, ੧੮.੨, ੩੧.੨, ੪੮.੪, ੫੧.੩, ੫੨.੨, ੫੨.੩, ੫੨.੪, ੫੩.੧, ੫੫.੪, ੬੦.੩, ੬੨.੪, ੬੪.੪, ੬੫.੧— ੬੫.੩, ੬੭.੩, ੭੫.੪, ੭੭.੩, ੮੨.੩, ੮੫.੨, ੮੬.੧, ੮੯.੪, ੯੧.੪, ੯੨.੩, ੯੪.੨, ੯੬.੧, ੯੭.੩, ੧੦੬.੩, ੧੧੨.੧, ੧੧੩.੩, ੧੧੫.੪, ੧੩੫.੪, ੧੩੯.੩, ੧੪੫.ਝ.ਛੰ.੨,

੧੪੬.੪, ੧੪੮.੩, ੧੪੯.੪, ੧੫੧.੩, ੧੫੨.੩, ੧੫੩.੩, ੧੬੯.੧, ੧੬੯.੪, ੧੭੦.੧— ੧੭੦.੪, ੧੭੩.੧, ੧੮੫.੩, ੧੮੯.੩, ੧੯੯.੩, ੨੦੩.੩, ੨੦੫.੩, ੨੦੭.੨, ੨੦੮.੪, ੨੦੯.੪, ੨੧੧.੪, ੨੧੨.੨, ੨੧੪.੪, ੨੧੫.੩, ੨੨੬.੧ ੨੪੩.੩, ੨੫੨.੪, ੨੫੪.੧, ੨੫੭.੩, ੨੬੩.੧, ੨੬੮.੩, ੨੭੨.੪, ੨੮੫.੧, ੨੯੧.੨, ੨੯੧.੩, ੩੦੦.੧, ੩੦੦.੪, ੩੦੯.੧, ੩੨੦.੪, ੩੨੧.੩, ੩੨੨.੩, ੩੨੨.੪, ੩੨੭.੩, ੩੩੬.੩, ੩੪੮.੧, ੩੫੫.੪, ੩੭੮.੧, ੩੯੫.੩, ੪੦੧.ਸ.ਛੰ.੪, ੪੦੯.੪, ੪੧੦.੪, ੪੧੧.੩, ੪੧੨.੧— ੪੧੨.੪, ੪੨੦.੨, ੪੨੩.੪, ੪੨੪.੪, ੪੨੭.੨, ੪੩੧.੪, ੪੩੩.੪, ੪੪੨.੩, ੪੯੬.੪, ੫੨੫.੪, ੫੩੧.੪, ੫੩੩.੪, ੫੫੦.੧, ੫੬੭.੪, ੫੭੧.੨, ੫੭੩.੪, ੫੭੬.੨, ੬੦੫.੪, ੬੦੦.੧, ੬੦੫.੩, ੬੦੫.੪, ੬੧੯.੧, ੬੨੦.੪, ੬੨੧.੪, ੬੨੨.੩, ੬੨੬.੪, ੬੨੮.੪, ੬੪੫.੨, ੬੪੫.੪, ੬੪੬.੪, ੬੫੦.੪, ੬੫੨.੪, ੬੬੧.੪, ੬੬੪.੧, ੬੬੫.੪, ੬੬੭.੨

ਪ੍ਰੇਮਨ : (ਸੰ.) (ਪ੍ਰੇਮਿਨ੍)—ਪ੍ਰੇਮ ਕਰਨ ਵਾਲੀ, ਪ੍ਰੇਮਿਕਾ, ਪ੍ਰਿਯਤਮਾ, ਪਿਆਰ ਕਰਨ ਵਾਲੀ। ੬੫੦.੪

ਪ੍ਰੇਮਨੀ : ਵੇਖੋ ਪ੍ਰੇਮਨ। ੨੦੯.੪, ੬੪੫.੨, ੬੫੫.੪, ੬੫੬.੪, ੬੬੭.੨

ਪ੍ਰੇਮਿਨੀ : ਵੇਖੋ ਪ੍ਰੇਮਨ। ੨੧੯.੨

ਪ੍ਰੇਮੀ : (ਸੰ.) (ਪ੍ਰੇਮਿਨ੍) ਪੁ.—ਪ੍ਰੇਮ ਕਰਨ ਵਾਲਾ, ਪ੍ਰੇਮੀ, ਪ੍ਰਿਯ, ਆਸ਼ਕ, ਅਨੁਰਾਗੀ ਆਦਿ। ੩੨੭.੩

ਪਾਉ : (ਹਿੰ.) (ਪਾਵ) ਸੰਗਿਆ—ਪਦ, ਪੈਰ, ਚਰਨ, ਸੇਰ ਦਾ ਚੌਥਾ ਹਿੱਸਾ, ਪ੍ਰਾਪਤ ਕਰਾਂ, ਹਾਸਿਲ ਕਰਾਂ, ਪਾਵਾਂ, ਆਦਿ। ੨੩੦.੨

ਪਾਉ : ਵੇਖੋ ਪਾਉ। ੪੬੭.੨

ਪਾਇ : (ਫ਼ਾ) ਸੰਗਿਆ—ਚਰਣ, ਪੈਰ, ਪਾਕੇ, ਪ੍ਰਤੀਤ ਕਰਕੇ। ੧੦੯.੩, ੧੧੮.੪, ੩੨੦.੧, ੩੨੧.੪, ੪੧੮.੨, ੪੨੨.ਸ.੨, ੪੫੦.੨, ੪੫੬.੧, ੪੬੯.੪, ੫੭੫.੧, ੬੦੫.੩, ੬੧੩.੨, ੬੬੪.੨

ਪਾਇਓ : ਸੰਗਿਆ—ਪ੍ਰਾਪਤ ਕੀਤਾ, ਹਾਸਿਲ ਕੀਤਾ। ੪੨੨.ਸ.੪, ੫੪੩.੩

ਪਾਇਕ : (ਸੰ.) (ਪਯਿਕ:) ਸੰਗਿਆ—ਦੂਤ, ਸਿਪਾਹੀ ਜੋ ਪੈਦਲ ਹੋਵੇ, ਦਾਸ, ਸੇਵਕ, ਹਰਕਾਰਾ। ੩੧੩.੧

ਪਾਇਕੇ : ਵੇਖੋ ਪਾਇਕ। ਪਾਉਣਾ, ਪ੍ਰਾਪਤ ਕਰਕੇ ਆਦਿ। ੪੧੮.੨

ਪਾਇਨ : ਕ੍ਰਿ.—ਪਾਉਣਾ, ਪ੍ਰਾਪਤ ਕਰਨਾ, ਹਾਸਿਲ ਕਰਨਾ, ਪਕੜਨਾ, ਪਾਣਾ, ਆਦਿ। ੪੦੪.੩

ਪਾਈ : ਵੇਖੋ ਪਾਇਨ । ਪ੍ਰਾਪਤ ਕੀਤਾ, ਹਾਸਿਲ ਕੀਤਾ, ਅੰਨ ਮਿਣਨ ਦਾ ਪੈਮਾਨਾ, ਪੈਸੇ ਦਾ ਤੀਜਾ ਹਿੱਸਾ । ੧੩.੩, ੪੭.੧, ੫੦.੨, ੭੧.੧, ੨੮੩.੩, ੩੩੬.੧, ੩੩੬.੩, ੪੫੫.੧, ੬੩੧.੩

ਪਾਈਅਤਿ : ਵੇਖੋ ਪਾਇਨ । ਪਾਈਏ, ਪ੍ਰਾਪਤ ਕਰੀਏ । ੨੫੩.੨, ੩੭੩.੨, ੪੭੨.੨

ਪਾਈਐ : ਵੇਖੋ ਪਾਈ । ਹਾਸਿਲ ਕੀਤੀ, ਪ੍ਰਾਪਤ ਕੀਤੀ । ੧੮੫.੧, ੨੨੨.੪, ੩੦੪.੧— ੩੦੪.੩, ੩੪੮.੪, ੩੮੯.੧, ੪੭੨.੧, ੪੯੫.੨, ੫੦੦.੪, ੫੧੭.੧, ੫੨੨.੧, ੫੨੨.੨, ੫੪੨.੩, ੫੬੨.੩, ੫੮੫.੪, ੫੯੬.੧, ੬੦੭.੧— ੬੦੭.੩, ੬੨੮.੧, ੬੪੧.੧, ੬੬੨.੧, ੬੭੦.੨

ਪਏ : ਵੇਖੋ ਪਾਈ । ਹਾਸਿਲ ਕੀਤੇ, ਪ੍ਰਾਪਤ ਕੀਤੇ । ੧੬.੧, ੧੭.੧, ੨੧.੨, ੫੭.੪, ੭੮.੨; ੮੬.੩, ੮੯.੨, ੧੧੫.੨, ੧੩੫.੨, ੨੨੬.੧, ੨੬੯.੩, ੪੩੫.੨, ੬੩੨.੪

ਪਾਸ : (ਸੰ.) (पार्श्वं:) ਕ੍ਰਿ. ਵਿ.—ਨੇੜੇ, ਸਮੀਪ, ਕੋਲ ਆਦਿ । ੫੩੨.੨, ੬੬੨.੨, ੬੭੪.੩

ਪਾਸੰਗ : (ਫ਼ਾ) (पासंग) ਸੰਗਿਆ—ਪਾਸੇ ਜਾਣ ਵਾਲਾ, ਪਾਸਕੂ, ਤਕੜੀ ਦੇ ਪਲਿਆਂ ਦਾ ਭਾਰ ਸਮਾਨ ਕਰਨ ਲਈ ਹਲਕੇ ਪਾਸੇ ਵਲ ਰਖਿਆ ਵੱਟਾ ਜਾਂ ਭਾਰ । ੫੨੩.੪

ਪਾਸਾਣ : ਵੇਖੋ ਪਯਾਨ । ੩੬੬੨.੨, ੩੮੮ ੩, ੪੭੮.੨

ਪਾਸ਼ਾਨ : ਵੇਖੋ ਪਾਸ਼ਾਣ । ੩੪੦.੪

ਪਾਹਨ : (ਸੰ.) (पषाण) ਸੰਗਿਆ ਪੁ.—ਪੱਥਰ, ਪਾਹੁਣ, ਪ੍ਰਹੁਣਾ, ਮਹਿਮਾਨ । ੨੩.੪, ੨੯੭.੧, ੩੮੩.੧, ੩੮੮.੩, ੪੨੬.੩, ੪੮੫.੪

ਪਾਹਰੂਆ : ਸੰਗਿਆ—ਪਹਿਰਾ ਦੇਣ ਵਾਲਾ ਚੌਕੀਦਾਰ, ਸਿਪਾਹੀ, ਸੰਤਰੀ ਆਦਿ । ੨੨੧.੧, ੬੫੭.੩

ਪਾਹੁਨ : (ਸੰ.) (प्राघुर्णः) ਸੰਗਿਆ—ਮਹਿਮਾਨ, ਪਰਾਹੁਣਾ, ਅਤਿਥੀ ਆਦਿ । ੩੯੦.੪

ਪਾਹੁਨਾ : ਵੇਖੋ ਪਾਹੁਨ । ੫੬੨.੧

ਪਾਕ : (ਸੰ.) (पाकः) ਸੰਗਿਆ ਪੁ.—ਭੋਜਣ ਪਕਾਉਣ ਦੀ ਕ੍ਰਿਆ (ਫ਼ਾ) ਪਵਿੱਤਰ, ਸ਼ੁਧ, ਨਿਰਮਲ, ਸਾਫ਼ । ੧੫੮.੩, ੧੬੧.੧; ੫੪੯.੩

ਪਾਕਸਾਲ : (ਸੰ.) (पाकशाला) ਸੰਗਿਆ—ਰਸੋਈ ਪਕਾਉਣ ਦੀ ਥਾਂ, ਚੌਂਕਾ । ੩੧੦.੨

ਪਾਕਸਾਲਾ : ਵੇਖੋ ਪਾਕਸਾਲ । ੫੬੬.੩; ੬੩੭.੧

ਪਾਕਸਾਲਿ : ਵੇਖੋ ਪਾਕਸਾਲਾ । ੫੫੯.੨, ੫੬੬.੩

ਪਾਗ : (ਸੰ.) (ਧਾਕ:)—ਮਗਨ ਕਰਕੇ, ਲੀਨ ਕਰਕੇ । ੩੪੦.੪

ਪਾਂਗੁਰੇ : (ਸੰ.) (ਧਾਂਛੁਰਾ)—ਪੰਗੁ, ਪਿੰਗਲਾ, ਪਦ ਰਹਿਤ, ਪੈਰ ਹੀਨ, ਜੋ ਤੁਰ ਨਾ ਸਕਦਾ ਹੋਵੇ । ੩੧੪.੬

ਪਾਂਚ : (ਹਿੰ.) (ਧਾਁਚ)—ਪੰਜ, ਪੰਜ ਦੀ ਸੰਖਿਆ, ਬਿਰਾਦਰੀ ਦੇ ਮੁੱਖ ਲੋਕ, ਪੰਨਾ, ਨਗੀਨਾ, ਪਾਜ, ਮਲੰਮਾ ਆਦਿ । ੩੨.੧, ੨੨੮.੧, ੨੨੮.੩, ੨੨੯.੧, ੨੨੯.੨, ੨੯੫.੩

ਪਾਂਚਿ : ਵੇਖੋ ਪਾਂਚ । ੨੨੮.੩

ਪਾਂਚੋ : ਵੇਖੋ ਪਾਂਚ । ੨੪੭.੧, ੩੬੫.੪, ੬੨੪.੧, ੬੩੨.੧, ੬੩੨.੨

ਪਾਛੈ : (ਹਿੰ.) (ਧੀਛੇ) ਕ੍ਰਿ. ਵਿ.—ਪਿਛੇ, ਭੂਤਕਾਲ ਵਿਚ । ੪੧.੩, ੬੯.੧, ੬੯.੨, ੧੭੮.੧, ੨੩੪ ੪, ੨੩੫.੪, ੨੩੮.੨, ੨੭੪.੩, ੩੧੦.੩, ੩੧੩.੧, ੩੫੦.੪, ੩੫੧.੪, ੩੬੨.੧, ੩੬੨.੨, ੩੭੪.੧; ੩੯੩.੨, ੪੧੩.੧, ੪੧੩.੪, ੪੩੨.੧, ੪੩੨.੩, ੪੪੦.੪, ੪੯੫.੩, ੫੩੯.੧, ੫੬੮.੧, ੫੮੪.੨, ੬੧੫.੩, ੬੫੭.੪, ੬੫੮.੪, ੬੬੩.੨

ਪਾਟ : ਵੇਖੋ ਪਟ । ੫੫੮.੧

ਪਾਟਤ : (ਹਿੰ.) (ਧਾਟਜਾ) ਕ੍ਰਿ.—ਪਾਟਦਾ, ਫਟਦਾ ਹੈ, ਦੋ ਹਿਸਿਆਂ ਵਿਚ ਵਿਭਾਜਤ ਕਰਨਾ ਆਦਿ । ੩੮੮.੨

ਪਾਠ : (ਸੰ.) (ਧਾਠ) ਸੰਗਿਆ—ਪੜ੍ਹ ਦੀ ਕ੍ਰਿਆ । ੨੧.੧, ੨੫੫.੩, ੩੪੫.੩, ੪੫੭.੩

ਪਾਤ : (ਸੰ.) (ਧਙ੍ਕਿ)—ਪੰਗਤੀ, ਕਤਾਰ, ਲਾਇਨ । ੪੪੧.੪, ੫੯੨.੧

ਪਾਤਰ : (ਸੰ.) (ਧਤ੍ਰਮ੍) ਸੰਗਿਆ—ਪੱਤਰ, ਪੱਤਲ, ਭੋਜਨ ਕਰਨ, ਲਈ ਪੱਤਰਾ ਦੀ ਬਣੀ ਹੋਈ ਪੱਤਲ । ੬੧੫.੧

ਪਾਤ੍ਰ : ਵੇਖੋ ਪਾਤਰ । ੭੩.੨, ੪੫੦.੧

ਪਾਤਾਲ : (ਸੰ.) (ਧਾਤਾਲ) ਸੰਗਿਆ ਪੁ.—ਥਲੇ ਦੇ ਸੱਤ-ਲੋਕਾਂ ਵਿਚੋਂ ਅੰਤਿਮ ਲੋਕ, ਜਿਥੇ ਸੱਪ ਰਹਿੰਦੇ ਹਨ ਨਾਗ ਲੋਕ ਆਦਿ । ੨੩੧.੩

ਪਾਤਿ : (ਸੰ.) (ਧਾਤ)—ਪਤਨ, ਨਾਸ਼, ਸਮਾਪਤ ਹੋਣਾ, ਮੁਕ ਜਾਣਾ । ੪੦੨.੧

ਪਾਂਤਿ : ਵੇਖੋ ਪਾਤ । ਪੰਕਤੀ, ਪੰਗਤੁ, ਸ਼ਰੇਣੀ, ਕੁਲ, ਗੋਤ, ਖਾਨਦਾਨ, ਪਾਤ । ੨੭੨.੩, ੪੧੩.੨

ਪਾਤੀ : (ਸੰ.) (ਧਤ੍ਰੀ) ਸੰਗਿਆ—ਪਤ੍ਰਿਕਾ, ਪਤ੍ਰੀ, ਚਿੱਠੀ, ਪ੍ਰਤੀ; ਵੇਖੋ ਪਾਂਤਿ । ੨੧੦.੧

ਪਾਥਰ : ਵੇਖੋ ਪਹਾਨ । ੬੧੪.੧

ਪਾਦ : (ਸੰ.) (ਧਾਦ:)—ਪੈਰ, ਥੰਮ, ਆਧਾਰ ਸਰੋਤ, ਜਿਸ ਉਤੇ ਕੋਈ ਚੀਜ਼ ਖੜੀ ਹੋਈ ਹੋਵੇ । ੬੨੪.੨

ਪਾਦਕ : (ਸੰ.) (पदुक) ਵਿ.—ਚਲਣ ਵਾਲਾ, ਪੈਦਲ ਚਲਣ ਵਾਲਾ, ਪੈਰਾਂ ਉਤੇ ਚਲਣ ਵਾਲਾ, ਚੌਪਾਇਆ ਆਦਿ । ੬੭੨.੪

ਪਾਂਧਾ : (ਸੰ.) (उपाध्याय:) ਸੰਗਿਆ—ਉਪਾਧਿਆਇ, ਪੜ੍ਹਾਉਣ ਵਾਲਾ ਅਧਿਆਪਕ । ੩੫੬.੩, ੩੫੮.੩, ੩੭੮.੩, ੪੧੫.੩

ਪਾਨ : (ਸੰ.) (पानम्)—ਜਲ ਆਦਿ ਪੀਣ ਦੀ ਵਸਤੂ, ਪੀਣਾ, ਇਕ ਵੇਲ ਦਾ ਪੱਤਾ, ਪਾਣੀ, ਪਿਆਲਾ, ਕਟੋਰਾ ਆਦਿ । ੧੩.੧, ੩੯.੩, ੪੮.੪, ੫੨.੨, ੬੦.੨, ੬੪.੪, ੬੮.੩, ੮੬.੧, ੯੩.੨, ੯੬.੧, ੧੦੯.੪, ੧੧੨.੧, ੧੧੩.੨, ੧੨੪.੨, ੧੨੭.੧—੧੨੭.੩, ੧੩੦.੧, ੧੪੭.੨, ੧੬੩.੨, ੧੭੬.੭, ੧੭੯.੧, ੧੮੯.੩, ੨੦੨.੨, ੨੩੭.੧, ੨੫੬.੨, ੨੬੩.੪, ੨੮੫.੪, ੩੦੫.੩, ੩੦੯.੩, ੩੨੨.੩, ੩੩੨.੨, ੩੩੮.੨, ੩੪੯.੩, ੩੫੪.੧, ੩੫੭.੧, ੩੬੭.੩, ੩੮੯.੨, ੩੯੫.੨, ੪੨੯.੨, ੪੪੧.੧, ੪੫੩.੩, ੪੬੨.੩, ੪੬੮.੩, ੪੭੧.੨, ੪੭੬.੧, ੪੭੭.੩, ੪੯੧.੧, ੪੯੧.੩, ੫੦੫.੧, ੫੦੮.੪, ੫੧੧.੧, ੫੧੭.੩, ੫੪੯.੨, ੫੬੪.੧, ੫੬੯.੩, ੫੭੬.੧, ੫੮੨.੪, ੫੯੮.੧, ੬੦੬.੨, ੬੦੭.੪, ੬੧੦.੪, ੬੨੩.੧

ਪਾਨਹਿ : ਵੇਖੋ ਪਾਨ । ਪਾਨ ਰਖਣ ਵਾਲਾ ੬੭੫.੩

ਪਾਨੀ : (ਸੰ.) (पानीयम्) ਸੰਗਿਆ ਪੁ.—ਦ੍ਰਵ ਪਦਾਰਥ, ਜੋ ਨਦੀ, ਖੂਹ, ਮੀਂਹ ਤੋਂ ਪ੍ਰਾਪਤ ਹੁੰਦਾ ਹੈ; ਜਲ, ਨੀਰ, ਆਦਿ । ੪੧੯.੩, ੬੩੭.੨

ਪਾਪ : (ਸੰ.) (पाप) ਸੰਗਿਆ ਪੁ.—ਇਸ ਲੋਕ ਵਿਚ ਬੁਰਾ ਸਮਝਿਆ ਜਾਣ ਵਾਲਾ ਕਾਰਜ, ਅਤੇ ਪਰਲੋਕ ਦਾ ਅਸ਼ੁਭ ਫਲ ਦਾ ਇਕ ਕਰਮ, ਗੁਨਾਹ, ਅਪਰਾਧ, ਜੁਰਮ ਆਦਿ । ੯੦.੨, ੩੦੬.੪, ੩੬੨.੧, ੫੨੬.੩, ੫੫੪.੪, ੫੬੦.੪, ੬੩੭.੪

ਪਾਪਹਿ : ਵੇਖੋ ਪਾਪ । ੫੭੭.੪

ਪਾਪਨ : (ਸੰ.) (पापिन) ਵਿ.—ਪਾਪ ਕਰਨ ਵਾਲਾ । ੬੫੭.੨

ਪਾਪੀ : (ਸੰ.) (पापिन) ਵਿ.—ਪਾਪ ਕਰਨ ਵਾਲੀ, ਕੁਕਰਮੀ । ੫੭੭.੪, ੬੪੩.੩

ਪਾਯੋ : ਕ੍ਰਿ.—ਪ੍ਰਾਪਤ ਕਰਨਾ, ਹਾਸਿਲ ਕਰਨਾ, ਪਾਉਣਾ, ਜਾਣਨਾ, ਚੰਗਾ ਜਾਂ ਬੁਰਾ ਫਲ ਭੋਗਨਾ । ੨੧.੪, ੩੦.੧, ੪੨੮.੪, ੬੬੭.੧

ਪਾਰ : (ਸੰ.) (पार:) ਸੰਗਿਆ—ਨਦੀ ਜਾਂ ਸਮੁੰਦਰ ਦੇ ਸਾਹਮਣੇ ਵਾਲਾ ਦੂਸਰਾ ਤੱਟ, ਸੀਮਾ, ਅੰਤ, ਕਿਨਾਰਾ, ਕ੍ਰਿ. ਵਿ.—ਪਰਲੇ ਪਾਸੇ, ਦੂਜੇ ਪਾਸੇ ਵਲ । ੨੪.੩, ੨੯.੩, ੩੨.੩, ੪੨.੪, ੫੬.੩, ੭੧.੧, ੭੫.੩, ੮੬.੩, ੧੬੪.੧, ੧੬੭.੩, ੨੨੧.੨, ੨੫੩.੨, ੨੬੯.੩, ੨੭੭.੨, ੩੧੦.੧, ੩੨੬.੧, ੩੨੯.੨, ੩੩੩.੪,

੩੫੪.੩, ੩੬੨.੩, ੩੭੧.੨, ੩੮੧.੩, ੩੮੨.੩, ੪੧੮.੩, ੪੨੬.੪, ੪੬੭.੧, ੪੭੩.੩, ੫੫੮.੩, ੫੬੩.੨, ੫੬੫.੨, ੫੯੫.੧, ੬੩੬.੨

ਪਾਰਸ : (ਸੰ.) (स्पर्श:) ਸੰਗਿਆ—ਅਜਿਹਾ ਪੱਥਰ ਜਿਸ ਨੂੰ ਲੋਹੇ ਨਾਲ ਛੋਹੀਏ ਤਾਂ ਉਹ ਸੋਨਾ ਬਣ ਜਾਂਦਾ ਹੈ, ਪਾਰਸ ਪੱਥਰ-ਉਪਯੋਗੀ ਵਸਤੂ ਆਦਿ । ੩.ਛੰ.੧, ੩੨.੨, ੪੦.੨, ੮੩.੨, ੮੫.੩, ੯੩.੩, ੯੪.੪, ੧੩੩.੩, ੧੬੬.੩, ੧੬੬.੪, ੧੯੩.੨, ੧੯੮.੩, ੧੯੯.੩, ੨੦੩.੨, ੨੨੫.੨, ੨੨੬.੩, ੨੪੯ ੪, ੨੬੧.੪, ੨੭੭.੩, ੨੯੯.੧, ੩੭੬.੩, ੩੭੯.੪, ੩੮੫ ੧, ੪੦੦.ਸ.ਛੰ.੧, ੪੫੯.੨, ੪੮੭.੨, ੫੩੬.੪, ੫੪੬.੪, ੬੦੩.੨, ੬੧੨.੧

ਪਾਰਖ : (ਹਿੰ.) (परख) ਸੰਗਿਆ ਇ.—ਜਿਸ ਨੂੰ ਪਰਖ ਹੋਵੇ, ਜਿਸ ਵਿਚ ਪਰੀਖਿਆ ਕਰਨ ਦੀ ਸਮਰਥਾ ਹੋਵੇ, ਪਰੀਖਕ । ੬੭.੧, ੩੭੮.੨, ੪੫੫.੧

ਪਾਰਖਦ : (ਸੰ.) (पार्षद) ਸੰਗਿਆ ਪੁ.—ਕੋਲ ਰਹਿਣ ਵਾਲਾ, ਸੇਵਕ, ਮੁਸਾਹਬ । ੫੯੬.੨

ਪਾਰਖੂ : ਵੇਖੋ ਪਾਰਖ । ੪੭੯.੧, ੫੮੮.੧

ਪਾਰਬ੍ਰਹਮ : (ਸੰ.) (पारब्रह्मन्) ਸੰਗਿਆ—ਪਰਮਾਤਮਾ, ਪ੍ਰਭੂ, ਈਸ਼ਵਰ, ਵਾਹਿਗੁਰੂ । ੨.ਸੋ.੧, ੨.ਦੋ.੨, ੩੪੩.੧

ਪਾਰਾਵਾਰ : (ਸੰ.) (पारावार) ਸੰਗਿਆ—ਪਰਲਾ ਅਤੇ ਉਰਲਾ ਕਿਨਾਰਾ ਦੋਵੇਂ ਕਿਨਾਰੇ, ਹਦ, ਸੀਮਾਵਾਂ ਦੀ ਹੱਦ । ੧੪੨.੩, ੧੪੩.੨, ੧੯੫.੨, ੬੪੧.੧

ਪਾਰਿ : ਵੇਖੋ ਪਾਰ । ੧੬੬.੧, ੩੨੬.੧, ੫੧੬.੩, ੫੨੨.੧, ੫੩੮.੧

ਪਾਰੇ : ਵੇਖੋ ਪਾਰ । ਮਾਰ ਧਾੜ ਕਰੇ । ੨੨੧.੧

ਪਾਰੋ : (ਸੰ.) (पारद:)—ਪਾਰਾ, ਇਕ ਚਮਕੀਲੀ ਧਾਤੂ ਜੋ ਤਰਲ ਰੂਪ ਵਿਚ ਹੁੰਦੀ ਹੈ ਅਤੇ ਪਾਣੀ ਤੋਂ 13½ ਗੁਣਾਂ ਭਾਰੀ ਹੁੰਦੀ ਹੈ । ੨੫੮.੧, ੪੬੯.੧— ੪੬੯.੩, ੫੧੭.੧, ੫੫੭.੧

ਪਾਲੇ : (ਸੰ.) (पाल्) ਸ. ਕ੍ਰਿ.—ਪਾਲਦਾ ਹੈ, ਪਰਵਰਿਸ਼, ਕਰਨਾ, ਦੇਖਭਾਲ ਕਰਦਾ, ਪਾਲਕੇ । ਸੰਗਿਆ—ਪੰਕਤੀ ਕੰਧ, ਦੀਵਾਰ ਆਦਿ । ੩੫੭.੩

ਪਾਵ : (ਸੰ.) (पाद) ਸੰਗਿਆ—ਪੈਰ, ਪਦ, ਪਾਯ, ਸੇਰ ਆਦਿ ਦਾ ਚੌਥਾ ਭਾਗ, ਪਾਉ, ਪਾਵਣਾ ਆਦਿ । ੪੬੭.੧

ਪਾਵਉ : ਪ੍ਰਾਪਤ ਕਰੋ, ਪਾਓ, ਪਾਵਓ, ਪਾਵਾਂ, ਪ੍ਰਾਪਤ ਕਰਾਂ । ੫੦੩.੪

ਪਾਵਹੀ : ਪ੍ਰਾਪਤ ਕੀਤੀ । ਵੇਖੋ ਪਾਵ । ੧੦.੧, ੧੧.੨, ੪੪.੪, ੭੫.੩, ੮੭.੪, ੧੧੯.੨, ੧੨੦.੪, ੧੫੪.੨, ੧੬੩.੨, ੧੬੪.੪,

੧੭੮.੨, ੧੮੪.੨, ੧੯੫.੧, ੨੩੮.੪, ੨੭੪.੪, ੩੧੩.੩, ੩੪੧.੧, ੩੭੦.੪, ੪੩੦.੩, ੪੪੭.੪, ੪੬੩.੪, ੪੭੪.੪, ੪੭੯.੩, ੫੦੫.੪, ੫੧੩.੩, ੫੪੬.੧

ਪਾਵਹੀ : ਵੇਖੋ ਪਾਵਉ । ਪਾਣਣ, ਪਾਉਣਾ, ਪਾਉਂਦੇ । ੩੦੯.੪, ੪੧੨.੪, ੪੬੬.੩, ੬੨੦.੪, ੬੫੧.੨

ਪਾਵਕ : (ਸੰ.) (पावक:) ਸੰਗਿਆ, ਪੁ.—ਅਗਨੀ, ਅੱਗ, ਅਗਨੀ ਦੇਵ, ਤੇਜ਼, ਪਾਤ, ਵਿ.—ਸ਼ੁਧ ਜਾਂ ਪਵਿਤ੍ਰ ਕਰਨ ਵਾਲਾ । ੧੨੩.੪, ੧੨੪.੧, ੩੬੦.੧, ੩੬੦.੨, ੩੬੮.੪, ੩੯੪.੧, ੪੨੫.੩, ੪੭੮.੨, ੪੯੨.੨, ੫੨੯.੨, ੫੭੩.੩, ੫੯੮.੨, ੬੦੩.੨, ੬੨੫.੩

ਪਾਵਤ : (ਹਿੰ.) (प्राप्त) ਕ੍ਰਿ.—ਪ੍ਰਾਪਤ ਕਰਦਾ, ਪੈਂਦਾ ਹੈ, ਪਾਉਣਾ । ੨੭੪.੩, ੩੪੯.੧, ੪੨੩.੪, ੫੩੦.੨, ੫੪੨.੨, ੫੫੬.ਸ.੧, ੬੬੨.੪

ਪਾਵਨ : (ਹਿੰ.) (पावन) ਕ੍ਰਿ.—ਪਾਉਣ, ਪਵਿਤਰ ਜਾਂ ਸ਼ੁੱਧ ਕਰਨ ਵਾਲਾ, ਸ਼ੁੱਧ, ਪਵਿਤਰ, ਸ਼ਰਨ ਵਿਚ ਆਉਣ ਵਾਲਾ ਆਦਿ । ੮੩.੨, ੧੮੦.੪, ੧੮੩.੩, ੨੦੫.੧, ੩੮੭.੩, ੩੯੪.੪, ੪੫੦.੨, ੫੦੩.੧, ੫੦੪.੧, ੫੨੮.ਸ.੩, ੫੩੮.੨, ੫੪੧.੪, ੬੦੧.੧

ਪਾਵਰੀ : ਸੰਗਿਆ—ਖੜਾਉਂ, ਪਾਦੁਕਾ ਜੋ ਪੈਰ ਵਿਚ ਧਾਰਨ ਕੀਤੀ ਜਾਵੇ । ੨੨੦.੨

ਪਾਵੈ : ਪ੍ਰਾਪਤ ਕਰਦਾ ਹੈ, ਪਾਉਂਦਾ ਹੈ, ਕ੍ਰਿ. ਵਿ.—ਪੈਰੀ ਪੈਣਾ, ਚਰਨੀ ਪੈਣਾ ਆਦਿ । ੧੦.੧, ੫੪.੩, ੬੯.੪, ੧੪੩.੨, ੧੯੮.੪, ੨੨੧.੨, ੩੦੫.੧, ੪੫੪.੩, ੪੬੦.੨, ੪੬੧.੨, ੪੬੪.੩, ੪੬੯.੪, ੪੭੧.੪, ੪੮੪.੪, ੫੦੮.੪, ੫੧੦.੨, ੫੧੧.੩. ੫੨੭.ਸ.੧, ੫੩੪.੨, ੫੬੫.੨, ੬੦੮.੨, ੬੧੫.੧, ੬੧੯ ੩, ੬੪੭.੨, ੬੪੭.੪

ਪਾਵੌ : ਵੇਖੋ ਪਾਵੇ । ਪਾ ਸਕਦੀ, ਪ੍ਰਾਪਤ ਕਰਦੀ । ੬੬੩.੩

ਪਿਆਸ : (ਸੰ.) (पियासा)—ਤ੍ਰੇਹ, ਪਾਣੀ ਪੀਣ ਦੀ ਇੱਛਾ, ਅਭਿਲਾਸ਼ਾ, ਚਾਹਨਾ, ਅਕਾਂਖਿਆ । ੬੨੧.੨

ਪਿਆਰ : ਵੇਖੋ ਪਯਾਰ । ੩੫੫.੧, ੩੫੫.੨, ੪੭੨.੧, ੬੪੭.੪

ਪਿਆਰੀ : (ਸੰ.) (प्रिय)—ਪਿਆਰ ਦਾ ਇਸਤਰੀ ਲਿੰਗ ਰੂਪ, ਜਿਸ ਨਾਲ ਪ੍ਰੀਤ ਕੀਤੀ ਜਾਵੇ, ਪਿਆਰ ਕਰਨ ਵਾਲੀ । ੨੧੯.੧, ੩੪੫.੪, ੬੫੪.੨, ੬੫੫.੪, ੬੫੬.੪

ਪਿਆਰੋ : (ਸੰ.) (प्रिय)—ਪਿਆਰਾ, ਲਾਡਲਾ, ਸਨੇਹੀ । ੩੯੮.੧

ਪਿਆਵੈ : (ਹਿੰ.) (पिलाना) ਕ੍ਰਿ.—ਪਿਲਾਉ, ਪਵਾਵੇ, ਪਿਆਏ ਆਦਿ । ੩੯੨.੩, ੪੦੬.੨

ਪਿਸਨਹਾਰੀ : (ਸੰ.) (ਪਿਸ਼) ਸੰਗਿਆ ਇ.—ਪੀਸਣ ਵਾਲੀ, ਆਟਾ ਪੀਸਣ ਵਾਲੀ ੬੫੬.੩

ਪਿੰਜਰਨ : (ਸੰ.) (ਪਿੰਜਰ) ਵਿ.—ਪਿੰਜਰ ਸਰੀਰ ਦੇ ਅੰਦਰ ਹੱਡੀਆਂ ਦਾ ਢਾਂਚਾ, ਪਿੰਜਰ ਦਾ ਬਹੁ ਵਚਨ । ੬੩੧.੩

ਪਿੰਜਰਾ : (ਸੰ.) (ਪਿੰਜਰਮ੍) ਸੰਗਿਆ ਪੁ.—ਲੋਹੇ, ਬਾਂਸ ਆਦਿ ਦਾ ਬੰਦ ਕਰਨ ਯੋਗ—ਡੱਬਾ, ਜਿਸ ਵਿਚ ਪੰਛੀ ਆਦਿ ਡੱਕੇ ਜਾਂਦੇ ਹਨ । ੫੮੨.੩

ਪਿੰਜਰੀ : ਵੇਖੋ ਪਿੰਜਰਾ । ਛੋਟਾ ਪਿੰਜਰਾ । ੨੩੦.੪, ੨੩੧.੧, ੨੪੨.੧, ੫੧੪.੨, ੬੩੪.੨

ਪਿੰਜਰੇ : ਵੇਖੋ ਪਿੰਜਰਨ । ਪਿੰਜਰਾ । ੫੨੬.੨

ਪਿੰਡ : (ਸੰ.) (ਪਿੰਡ) ਸੰਗਿਆ—ਸਰੀਰ, ਦੇਹ, ਕਾਇਆ, ਠੋਸ ਗੋਲਾ, ਗੋਲ ਖੰਡ, ਬਸਤੀ, ਘਰਾਂ ਦਾ ਸਮੂਹ ਆਦਿ । ੪੫.੪, ੫੩.੪, ੧੯੬.੩, ੨੮੦.੪, ੩੫੩.੧, ੫੧੭.੪, ੫੨੯.੩, ੬੨੪.੧

ਪਿਤ : (ਸੰ.) (ਪਿੱਤ)—ਸਰੀਰ ਦੇ ਅੰਦਰ ਬਣਨ ਵਾਲਾ ਤਰਲ ਪਦਾਰਥ, ਪਿੱਤ, ਸਰੀਰ ਉਤੇ ਗਰਮੀ ਕਾਰਨ ਨਿਕਲਣ ਵਾਲੇ ਦਾਣੇ । ੧੧੬.੨, ੧੮੭.੩

ਪਿਤਾ : (ਸੰ.) (ਪਿਤ੍ਰ) ਸੰਗਿਆ—ਬਾਪ, ਜਨਕ, ਬਜ਼ੁਰਗ, ਪਿਤ੍ਰ । ੪੧.੩, ੧੦੦.੧, ੧੦੧.੧, ੧੦੧.੨, ੧੦੧.੩, ੧੦੨.੧, ੧੧੩.੨, ੧੧੪.੧, ੧੬੪.੩, ੨੬੪.੧, ੩੦੩.੨, ੩੭੦.੧, ੩੭੮.੧, ੪੩੬.੪, ੪੫੦.੧, ੪੭੨.੧, ੫੬੬.੨, ੫੭੯.੧

ਪਿਤਾਮਾ : (ਸੰ.) (ਪਿਤਾਮਹ) ਸੰਗਿਆ—ਪਿਤਾ ਦਾ ਪਿਤਾ, ਦਾਦਾ, ਬ੍ਰਹਮਾ, ਭੀਸ਼ਮ । ੧੦੦.੧

ਪਿਯਰ : (ਸੰ.) (ਪਿਸ਼੍) ਕ੍ਰਿ.—ਪੀਸਣਾ, ਪੀਹਣਾ । ਵਿ.—ਪੀਲਾ । ਸੰਗਿਆ—ਪਤੀ, ਪ੍ਰਿਯ । ੨੭੩.੩

ਪਿਆਰੋ : ਵੇਖੋ ਪਯਾਰੋ । ੩੯੨.੧

ਪਿਯੂਖ : ਵੇਖੋ ਪਯੂਖ । ੧੨੯.੨

ਪਿਰ : (ਸੰ.) (ਪ੍ਰਿਯ) ਵਿ.—ਪਿਆਰਾ, ਸੰਗਿਆ—ਪਤੀ, ਪਰਮੇਸ਼ਰ, ਪਰਮਾਤਮਾ । ੫੯੫.੩

ਪਿਰਾਤ : (ਸੰ.) (ਪਿਰਾਨਾ) ਕ੍ਰਿ.—ਪੀੜਾ ਕਰਦਾ ਹੈ, ਪੀੜਤ ਕਰਨਾ, ਦਰਦ ਦਾ ਅਨੁਭਵ ਹੋਣਾ, ਕਿਸੇ ਦੇ ਦੁੱਖ ਨਾਲ ਦੁੱਖੀ ਹੋਣਾ । ੫੧੭.੧

ਪਿਲਾਇ : ਵੇਖੋ ਪਿਆਵੇ । ੬੭੩.੨

ਪੀਓ : ਕ੍ਰਿ ਵਿ.—ਪੀਕੇ, ਪਾਨ ਕਰਕੇ । ਵਿ. ਪ੍ਰਿਯ, ਪਤੀ, ਪਿਆਰਾ । ੬੪੮.੨

ਪੀਅ : ਕ੍ਰਿ.—ਪੀਂਦੀ ਹੈ, ਮੂੰਹ ਰਾਂਹੀਂ ਅੰਦਰ ਲੰਘਾਉਂਦੀ ਹੈ । ਸੰਗਿਆ—ਪਤੀ । ਵਿ.—ਪਿਆਰਾ, ਪ੍ਰਿਯ, ਪਤੀ । ੪੧.੧, ੧੫੩.੩

ਪੀਅਤ : ਵੇਖੋ ਪਿਆਵੈ । ਪੀ. ਕੇ । ੩੩੨.੨, ੩੫੩.੨, ੩੭੪.੧

ਪੀਆਇ : ਵੇਖੋ ਪਿਆਵੇ । ੧੦੨.੩, ੬੬੫.੪

ਪੀਆਵਈ : ਵੇਖੋ ਪਿਆਵੇ । ੧੧.੪, ੨੦੮.੪

ਪੀਆਏ : ਵੇਖੋ ਪਿਆਏ । ੧੬.੨, ੭੭.੩, ੨੦੫.੨, ੪੩੨.੩

ਪੀਆਵੈ : ਵੇਖੋ ਪਿਆਵੇ । ੧੦.੪

ਪੀਏ : ਕ੍ਰਿ.—ਪੀਂਦਾ ਹੈ, ਪਾਨ ਕਰਦਾ ਹੈ । ੩੧੨.੨, ੪੪੦.੩, ੬੪੪.੩, ੬੬੬.੪

ਪੀਸ਼ਨ : (ਸੰ.) (ਧਿਥ) (ਧੇਥਣਿ) ਕ੍ਰਿ.—ਪੀਹਣਾ, ਪੀਸਣਾ, ਚੂਰ ਕਰਨਾ, ਚੂਰ ਚੂਰ ਕਰਨਾ । ੬੭੨.੨

ਪੀਸਨਕਾਰੀ : ਵੇਖੋ ਪੀਸਨ—ਪੀਹਣ ਵਾਲੀ, ਪੀਸਣ ਵਾਲੀ । ੬੫੬.੪

ਪੀਸਾਇ : ਵੇਖੋ ਪੀਸਨ । ਪੀਸਾ ਕੇ, ਪੀਹ ਕੇ । ੬੭੨.੨

ਪੀਸੇ : ਵੇਖੋ ਪੀਸਨ । ਪੀਸਣ ਦੁਆਰਾ, ਪੀਹਣ ਦੁਆਰਾ । ੧੨੩.੩

ਪੀਜੀਐ : ਵੇਖੋ ਪੀਏ । ਪੀਣਾ ਚਾਹੀਦਾ ਹੈ, ਪੀਵੋ, ਪਾਨ ਕਰੀਏ । ੨੫੨.੪, ੫੩੩.੪, ੫੮੪.੩, ੬੨੬.੪

ਪੀਟੈ : (ਹਿੰ.) (ਧੀਟਨਾ) ਕ੍ਰਿ.—ਮਾਰੇ, ਪ੍ਰਹਾਰ ਕਰੇ, ਕੁਟੇ, ਸੱਟ ਲਾਵੇ ਆਦਿ । ੬੧੪.੧

ਪੀਠ : (ਸੰ.) (ਧੀਠ) ਸੰਗਿਆ ਪੁ.—ਪੱਥਰ ਜਾਂ ਲਕੜੀ ਦਾ ਬਣਿਆ ਆਸਣ, ਕਮਰ, ਪੀੜਾ, ਦੁੱਖ, ਆਦਿ । ੩੪੭.੪

ਪੀਤ : (ਸੰ.) (ਧੀਰ) ਵਿ.—ਪੀਲਾ, ਪੀਲੇ ਰੰਗ ਦਾ, ਪੀਤਾ ਹੋਇਆ, ਸੋਨੇ ਵਰਗਾ । ੫੯੬.੨, ੫੯੭.੩, ੬੦੦.੧

ਪੀਤਰਿ : (ਹਿੰ.) (ਧੀਤਲ) ਸੰਗਿਆ ਪੁ.—ਪਿੱਤਲ, ਇਕ ਪੀਲੇ ਰੰਗ ਦੀ ਧਾਤ ਜੋ ਤਾਂਬੇ ਤੇ ਜਿਸਤ ਦਾ ਸੰਜੋਗ ਤੋਂ ਬਣਦੀ ਹੈ । ੫੯੬.੨

ਪੀਯ : (ਸੰ.) (ਪ੍ਰਿਯ)—ਸੰਗਿਆ—ਪ੍ਰੀਯ, ਪ੍ਰੀਤਮ, ਕੰਤ । ੫੭੧.੧, ੫੭੨.੪, ੫੭੩.੪

ਪੀਰ : (ਹਿੰ.) (ਧੀੜਾ) ਸੰਗਿਆ ਇ.—ਪੀੜਾ, ਦੁੱਖ, ਦਰਦ । (ਫ਼ਾ) ਵਿ.—ਬਜ਼ੁਰਗ, ਸਿੱਧ, ਮਹਾਤਮਾ, ਮੁਸਲਮਾਨਾਂ ਦਾ ਗੁਰੂ । ੨੦੩.੪, ੩੧੩.੩, ੩੮੮.੨, ੪੧੯.੧

ਪੀਰਾ : ਵੇਖੋ ਪੀਰ । ਪੀੜਾ, ਦੁੱਖ, ਦਰਦ । ਵਿ.—ਪੀਲਾ । ੬੬੯.੩

ਪੀਰਾਨੀ : ਵੇਖੋ ਪੀਰ । ਪੀੜਿਤ ਹੋਣਾ । ੬੬੯.੩

ਪੀਵੈ : ਵੇਖੋ ਪੀਏ । ੨੯੧.੨

ਪੀੜ : ਵੇਖੋ ਪੀਰ । ੫੮੦.੧

ਪੀੜਾ : ਵੇਖੋ ਪੀਰ । ਦਰਦ । ੩੬੫.੩

ਪੁਸ਼ਟ : (ਸੰ.) (ਪੁਸ਼ਟ) ਵਿ.—ਪਾਲਿਆ ਪੋਸਿਆ, ਮੋਟਾ ਤਾਜ਼ਾ, ਦ੍ਰਿੜ, ਮਜ਼ਬੂਤ, ਪੂਰਨ, ਪੂਰਾ ਆਦਿ । ੨੪੫.੨, ੪੬੮.੩, ੬੪੪.੩

ਪਹਪ : (ਸੰ.) (ਪੁਸ਼੍ਪ) ਪੁ.—ਫੁੱਲ, ਪੁਸ਼ਪ, ਆਦਿ । ੩੭.੨, ੨੯੮.੩, ੩੭੦.੪, ੪੦੫.੧

ਪੁਹਪਵੰਤੀ : (ਸੰ.) (ਪੁਸ਼੍ਪਵਤੀ) ਵਿ.—ਫੁੱਲਾਂ ਵਾਲੀ, ਫੁੱਲ ਵਾਲੀ । ੬੩੭.੨

ਪੁਕਾਰ : (ਸੰ.) (ਪ੍ਰਕ੍ਰੋਸ਼) ਸੰਗਿਆ—ਆਵਾਜ਼ ਮਾਰਨਾ, ਆਵਾਜ਼ਾਂ, ਸੱਦ, ਬੁਲਾਵਾ ਆਦਿ । ੧੬੧.੨, ੩੫੬.੧, ੬੫੭.੩

ਪੁਜਸ : ਵੇਖੋ ਪੁਜਾਇ । ੧੩੦.੧—੧੩੦.੪, ੧੭੦.੧—੧੭੦.੪, ੧੯੨.੧, ੨੫੬.੧, ੪੭੨.੩

ਪੁਜਾਇ : (ਸੰ.) (ਪੂਜ੍) ਸ. ਕ੍ਰਿ.—ਪੂਜਣਾ, ਸਤਿਕਾਰ, ਪੂਰਵਕ ਸੁਆਗਤ ਕਰਨਾ, ਅਰਾਧਨਾ, ਪਹੁੰਚਾਏ, ਪੁਜਾਏ । ੩੫੭.੪

ਪੁਜਾਈਐ : ਵੇਖੋ ਪੁਜਾਇ । ੪੭੨.੨, ੫੨੨.੪, ੬੪੧.੪

ਪੁਜਾਤ : ਵੇਖੋ ਪੁਜਾਇ । ਕ੍ਰਿ.—ਪਹੁੰਚਾਉਣਾ, ਪੁਜਾਣਾ ਆਦਿ । ੫੨੧.੪, ੫੭੨.੪

ਪੁਜਾਰੀ : (ਸੰ) (ਪੁਜਾਰੀ) ਸੰਗਿਆ—ਪੂਜਾ ਕਰਨ ਵਾਲਾ ਵਿਅਕਤੀ । ੪੮੫.੪

ਪੁਜਾਵਈ : ਵੇਖੋ ਪੁਜਾਤ । ਕ੍ਰਿ.—ਪੂਜਾ ਕਰਵਾਉਂਦਾ ਹੈ । ਪੂਜਾ ਕਰਦਾ ਹੈ । ਪਹੁੰਚਾਉਂਦਾ ਹੈ । ੭੫.੨, ੩੩੦.੪, ੪੬੨.੪, ੬੭੪.੪

ਪੁਜਾਵਹੀ : ਵੇਖੋ ਪੁਜਾਵਈ । ਪੁਜ ਸਕਦੀ, ਪਹੁੰਚ ਸਕਦੀ । ੬੬੫.੪

ਪੁਜਾਵੈ : ਵੇਖੋ ਪੁਜਾਇ । ਪੁਜਾ ਦਿੰਦਾ, ਪਹੁੰਚਾ ਦਿੰਦਾ । ੨੦੯.੩, ੪੮੧.੨

ਪੁਜੇ : ਵੇਖੋ ਪੁਜਾਵਈ । ਪੁਜਦੇ, ਪਹੁੰਚੇ । ੬੫੧.੧, ੬੫੧.੨

ਪੁਤਰੀ : (ਸੰ.) (ਪੁਤ੍ਰੀ) ਸੰਗਿਆ ਇ.—ਬੇਟੀ, ਧੀ, ਮਾਦਾ ਸੰਤਾਨ । ੨੦੪.੨, ੨੧੩.੧

ਪੁਨ : (ਸੰ.) (ਪੁਨਰ)—ਫਿਰ, ਦੂਸਰੀ, ਵਾਰ, ਦੁਬਾਰਾ, ਪਿਛੇ, ਉਪਰੰਤ ਆਦਿ । ੧.ਛੰ.੩, ੭੧.੨, ੧੬੬.੩, ੨੩੨.੧, ੨੪੪.੧, ੩੪੮.੪, ੩੪੯.੨, ੩੬੩.੨, ੩੮੮.੩, ੪੦੧.ਸ.ਛੰ.੩, ੪੧੯.੨, ੪੧੯.੪, ੪੩੧.੧, ੫੦੦.੩, ੫੩੧.੧, ੫੪੮.੪, ੫੫੭.੧, ੫੬੮.੧, ੫੭੬.੪, ੫੭੭.੧, ੫੭੭.੪, ੫੮੪.੧, ੫੮੬.੨, ੫੯੧.੨, ੬੦੩.੨, ੬੨੩.੨, ੬੨੫.੧, ੬੫੭.੧, ੬੫੯.੩, ੬੬੫.੩, ੬੬੬.੩

ਪੁਨਹ : ਵੇਖ ਪੁਨ । ੨੨੮.੩, ੨੩੯.੨, ੨੪੩.੧—੨੪੩.੩, ੪੭੬.੧, ੪੭੯.੨, ੪੯੭.੧, ੫੦੦.੧—੫੦੦.੪, ੫੦੨.੧, ੫੦੨.੨

ਪੁਨਯ : ਵੇਖੋ ਪੁੰਨ । ੫੪੩.੩

ਪੁੰਨ : (ਸੰ.) (ਪੁਣ੍ਯ) ਸੰਗਿਆ ਪੁ.—ਧਰਮ, ਸਵਾਬ, ਧਰਮ ਕਾਰਜ, ਚੰਗਾ ਕੰਮ, ਨੇਕ ਕਾਰਜ, ਸ਼ੁਭ ਕਰਮ, ਨੇਕ ਕੰਮ । ੯੦.੨, ੨੫੫.੧, ੩੦੬.੪, ੩੧੪.੪, ੩੧੫.੩, ੬੩੦.੨, ੬੭੩.੧, ੬੭੩.੩

ਪੁਨੀਤ : (ਸੰ.) (ਪੁਨੀਤ) ਵਿ.—ਪਵਿਤ੍ਰ, ਪਵਿਤ੍ਰ ਕੀਤਾ ਹੋਇਆ, ਪਾਕ। ੩੭.੪, ੮੩.੨, ੮੩.੩, ੮੪.੪, ੩੩੯.੪, ੪੧੯.੪

ਪੁਰ : (ਸੰ.) (ਪੁਰ) ਸੰਗਿਆ—ਗੜ੍ਹ, ਘਰਾਂ ਦਾ ਸਮੂਹ, ਨਗਰ ਆਦਿ। ੩੩.੨, ੫੭.੧, ੨੨੯.੪, ੨੩੦.੪, ੨੪੨.੨, ੨੪੭.੨

ਪੁਰਖ : (ਸੰ.) (ਪੁਰਖ) ਸੰਗਿਆ—ਪੁਰਸ਼, ਆਦਮੀ, ਨਰ, ਮਾਦਾ ਦਾ ਉਲਟ। ੧.ਸੋ.੧, ੧.ਦੋ.੧, ੧.ਛੰ.੪, ੮.ਸੋ.੨, ੮.ਦੋ.੨, ੮.ਛੰ,੧, ੭੯.੩, ੨੩੬.੪, ੩੯੬.੪, ੪੪੩.੧, ੪੪੫.੧, ੪੬੬.੧, ੫੮੬.੪

ਪੁਰਖਨ : ਵੇਖੋ ਪੁਰਖ। ਪੁਰਖੇ, ਪੂਰਵਜ਼। ੪੬੭.੩

ਪੁਰਬ : (ਸੰ.) (ਪਰਵਨ੍) ਸੰਗਿਆ—ਪੁਰਬ, ਤਿਉਹਾਰ, ਵਿਸ਼ੇਸ਼ ਧਾਰਮਿਕ-ਦਿਨ। ੧੧੭.੨, ੩੦੪.੩, ੩੩੯.੧

ਪੁਰਾਣ : (ਸੰ) (ਪੁਰਾਣ) ਸੰਗਿਆ ਪੁ.—18 ਪੁਰਾਣਾਂ ਵਿਚੋਂ ਇਕ ਪੁਰਾਣ, ਹਿੰਦੂਆਂ ਦਾ ਪ੍ਰਾਚੀਨ ਧਾਰਮਕ ਗ੍ਰੰਥ। ੩੪੧.੨, ੫੪੦.ਝ.ਛੰ.੧, ੫੪੩.੧

ਪੁਰਾਤਨ : (ਸੰ.) (ਪੁਰਾਤਨ) ਵਿ.—ਪੁਰਾਣਾ, ਪ੍ਰਾਚੀਨ, ਆਦਿ ਕਾਲ ਦਾ। ੩੭੧.੪, ੫੬੩.੪

ਪੁਰਾਨ : ਵੇਖੋ ਪੁਰਾਣ। ੧੮੫.੨, ੧੯੨.੩

ਪੂਛ : (ਸੰ.) (ਪ੍ਰਛ) ਸੰਗਿਆ—ਪੁੱਛਣਾ, ਪੁੱਛਕੇ। ਵੇਖੋ ਪੂੰਛ। ੪੪੭.੨

ਪੂੰਛ : (ਸੰ.) (ਪੁਚ੍ਛ) ਸੰਗਿਆ—ਪੂਛਲ, ਦੁੰਮ। ੩੯੦.੩

ਪੂਛਤ : ਵੇਖੋ ਪੂਛ। ਪੁੱਛਦਾ ਹੈ। ੪੩੯.੧—੪੩੯.੩, ੪੪੮.੨, ੫੭੫.੪

ਪੂਛੇ : ਵੇਖੋ ਪੂਛ। ਪੁਛੇ। ੨੨੧.੩

ਪਛੇ : ਵੇਖੋ ਪੂਛ। ੪੩੮.੧—੪੩੮.੩, ੪੭੪.੧—੪੭੪.੩, ੫੮੭.੧

ਪੂਜ : (ਸੰ.) (ਪੂਜ੍ਯ) ਵਿ.—ਪੂਜਣਯੋਗ, ਪੂਜਨੀਕ, ਪੂਜਨੀਯ, ਧਾਰਮਿਕ ਰਸਮ। ੧੮੦.੪, ੧੮੨.੩, ੨੬੧.੪, ੨੭੮.੩

ਪੂਜਸ : ਵੇਖੋ ਪੂਜਾ। ੧੩੧.੪

ਪੂਜਤ : ਵੇਖੋ ਪੂਜਾ। ਪੂਜਿਆ ਜਾਣ ਵਾਲਾ। ੧੭੮.੪

ਪੂਜਨ : ਵੇਖੋ ਪੂਜਾ। ਪੂਜਾ ਕਰਨ ਦੀ ਕ੍ਰਿਆ, ਪੂਜਨੀਕ, ਪੂਜਣ ਯੋਗ। ੧੮੦.੪

ਪੂਜਾ : (ਸੰ.) (ਪੂਜਾ) ਸੰਗਿਆ ਇ.—ਅਰਚਨਾ, ਅਰਾਧਨਾ, ਆਦਰ, ਸਤਿਕਾਰ, ਧਿਆਨ, ਪੂਜਣ ਦੀ ਕ੍ਰਿਆ। ੧੮.੩, ੩੦.੩, ੮੭.੩, ੧੨੫.੨, ੧੩੭.੪, ੧੩੯.੪, ੨੧੫.੧, ੨੫੫.੧, ੩੨੮.੩, ੩੯੫.੪, ੪੮੨.੨, ੪੯੯.੩, ੫੦੫.੪, ੬੨੭.੧

ਪੂਜਾਏ : ਵੇਖੋ ਪੂਜਾ। ੧੭੯.੩

ਪੂਜਾਚਾਰ : ਵੇਖੋ ਪੂਜਾ। ਪੂਜਨ ਅਚਾਰ, ਪੂਜਾ ਕਰਨ ਦੀ ਵਿਧੀਵਤ ਰੀਤ, ਪੂਜਾ ਕਰਨ ਦੀ ਰਸਮ। ੧੯੨.੧

ਪੂਜਾਵਈ : ਪੁਜ ਸਕਦੀ, ਪਹੁੰਚ ਸਕਦੀ । ੧੭੮.੪

ਪੂਜਾਵਹੀ : ਪੁਜਾਵਹੀ । ਪੁਜ ਸਕਦੀ । ੬੫੧.੩

ਪੂੰਜੀ : (ਸੰ.) (ਧੁੰਜ:) ਸੰਗਿਆ ਇ.—ਇਕੱਤਰ ਧਨ, ਸਰਮਾਇਆ ਕਮਾਇਆ ਧਨ, ਅਚਲ ਸੰਪਤੀ । ੩੭੦.੧

ਪੂਜੀਅਤ : ਵੇਖੋ ਪੂਜਾ । ਪੂਜੇ ਜਾਂਦੇ । ੨੯੦.੩

ਪੂਜੀਐ : ਵੇਖੋ ਪੂਜਾ । ਪੂਜੀਦਾ ਹੈ, ਪੂਜਾ ਕਰੀਦੀ ਹੈ । ੨੮੯.੧—੨੮੯.੪

ਪੂਜੇ : ਵੇਖੋ ਪੂਜਾ । ਪਹੁੰਚੇ, ਪੁੱਜ ਸਕਦੀ । ੬੪੬.੪

ਪੂਤ : (ਸੰ.) (ਪੁਤ੍ਰ) ਸੰਗਿਆ—ਬੇਟਾ, ਲੜਕਾ, ਪੁੱਤਰ । ਵਿ.—ਪਵਿੱਤਰ, ਸ਼ੁੱਧ, ਸਤਿ । ੨੨੮.੧, ੨੨੮.੨, ੨੬੪.੧, ੪੭੬.੩, ੫੬੬.੧

ਪੂਰ : (ਸੰ.) (ਪੂਰ) ਸੰਗਿਆ ਪੁ.—ਭਰਨਾ, ਸੰਤੁਸ਼ਟ ਕਰਨਾ, ਪਾਣੀ ਦਾ ਹੜ੍ਹ, ਸਰੋਵਰ, ਤਲਾਬ, ਪੂੜੀ, (ਹਿੰ) ਵਿ:—ਵੇਖੋ ਪੂਰਣ । ੨੮.੧, ੩੧.੨, ੨੨੯.੪, ੩੧੦.੧

ਪੂਰਣ : (ਸੰ.) (ਪੂਰ੍ਣ) ਵਿ.—ਪੂਰਨ, ਸੰਪੂਰਣ, ਉਤਮ, ਸ੍ਰੇਸ਼ਠ ਕ੍ਰਿ.—ਪੂਰਨਾ, ਭਰਨਾ । ੨੫੪.੧, ੨੭੬.੧—੨੭੬.੪, ੨੭੭.੧, ੫੧੮.੩, ੫੩੧.੪, ੫੩੫.੪, ੫੩੬.੩, ੫੪੬.੧; ੫੪੭.੩

ਪੂਰਨ : ਵੇਖੋ ਪੂਰਣ । ੨.ਸੋ.੨, ੨.ਦੋ.੨, ੭.ਸੋ.੧, ੭.ਦੋ.੧, ੭.ਛੰ.੪, ੧੬.੨, ੨੧.੪, ੨੨.੧, ੨੬.੧, ੩੫.੪, ੩੬.੧, ੩੭.੧, ੩੮.੧, ੪੨.੪, ੪੬.੪, ੪੮.੪, ੫੩.੧, ੬੮.੪, ੧੦੩.੪ ੧੦੬.੨, ੧੦੬.੪, ੧੦੮.੧, ੧੧੦.੪, ੧੧੨.੧, ੧੧੯.੨, ੧੨੪.੨, ੧੨੫.੧, ੧੨੫.੪, ੧੩੩.੧, ੧੩੩.੪, ੧੩੭.੧, ੧੩੮.੩, ੧੩੬.੧—੧੩੯.੪, ੧੪੧.੪, ੧੪੪.ਝ.ਛੰ.੧, ੧੪੫.ਝ.ਛੰ.੪, ੧੪੭.੩, ੧੪੮.੪, ੧੪੪.੩, ੧੫੦.੨, ੧੫੨.੧—੧੫੨.੪, ੧੫੩.੪, ੧੬੯.੧, ੧੭੧,੧, ੧੮੯.੧—੧੮੯.੩, ੧੯੫.੩, ੨੨੭.੨, ੨੪੪.੪, ੨੫੭.੩, ੨੬੦.੪, ੨੭੧.੪, ੨੮੪.੧, ੨੮੪.੪, ੨੮੫.੧, ੩੦੯.੨, ੩੨੨.੪, ੩੪੧.੪, ੩੪੩.੧, ੩੪੮.੨, ੩੫੩.੧, ੩੫੪.੪, ੩੫੬.੪, ੩੬੭.੧, ੩੭੧.੨, ੩੭੯.੨, ੩੯੪.੩, ੩੯੫.੩, ੩੯੬.੪, ੪੧੪.੩, ੪੨੧.੨, ੪੨੮.੧, ੪੩੦.੪, ੪੩੧.੪, ੪੫੧.੪, ੪੫੫.੪. ੪੫੭.੪, ੪੫੮.੧, ੪੬੨.੧, ੪੬੨.੨, ੪੬੨.੪, ੪੬੬.੧, ੪੮੬.੪, ੫੦੯.੩, ੫੨੫.੨, ੫੪੩.੪, ੫੬੩.੨, ੫੬੪.੩, ੫੬੭.੪, ੫੬੯.੨, ੫੭੩.੧, ੫੭੯.੪, ੫੮੬.੪, ੬੦੫.੨; ੬੦੯.੪, ੬੪੨.੧, ੬੫੫.੧, ੬੫੭.੨, ੬੬੧.੪, ੬੬੯.੧

ਪੂਰਨਮਾਸੀ : (ਸੰ.) (ਪੂਰ੍ਣਮਾਸਾ) ਸੰਗਿਆ—ਉਜਲੇ ਪੱਖ ਦੀ ਅੰਤਮ ਤਾਰੀਖ ਜਿਸ ਦਿਨ ਚੰਦਰਮਾ ਪੂਰਨ ਰੂਪ ਵਿਚ ਦਿਸਦਾ ਹੈ, ਪੂੰਨਿਆ । ੩੪੫.੧

ਪੂਰਬ : ਵੇਖੋ ਪੂਰਬ । ਪੂਰਬ ਦਿਸ਼ਾ, ਪੱਛਮ ਦੀ ਵਿਰੋਧੀ ਦਿਸ਼ਾ । ੭੨.੧, ੨੯੬.੨, ੩੩੧.੧, ੩੯੬.੧, ੩੯੯.੧

ਪੂਰਵ : ਵੇਖੋ ਪੂਰਬ । ੯੯.੧, ੨੧੧.੧, ੪੯੬.੧, ੫੧੧.੧

ਪੂਰੀ : ਵੇਖੋ ਪੂਰਨ । ਸੰਗਿਆ ਇ.—ਪੂੜੀ । ੫੬੨.੧

ਪੂਰੈ : (ਸੰ.) (ਪੂਰ) ਵਿ.—ਪੂਰਾ, ਪੂਰਨ, ਭਰਿਆ ਹੋਇਆ, ਪਰਿਪੂਰਣ । ਕ੍ਰਿ.—ਪੂਰਨਾ, ਭਰਨਾ ਆਦਿ । ੪੫੪.੪

ਪੇਖ : (ਸੰ.) (ਪ੍ਰੇਕ੍ਸ਼ਣ) ਕ੍ਰਿ. ਵਿ.—ਵੇਖਕੇ, ਦੇਖਣਾ, ਨਿਹਾਰਨਾ, ਵਿਚਾਰਨਾ, ਸੋਚਣਾ । ਸੰਗਿਆ—ਤਮਾਸ਼ਾ, ਨਜ਼ਾਰਾ, ਖੇਲ, ਦ੍ਰਿਸ਼ । ੭੮.੨, ੧੪੦.੪, ੧੬੦.੧, ੧੬੦.੨, ੨੭੫.੧ ੩੫੬.੧, ੩੫੬.੪, ੩੫੮.੧, ੩੫੮.੩, ੪੩੨.੪, ੪੬੧.੨, ੪੯੩.੨, ੫੧੩.੩, ੫੨੬.੨, ੫੨੭.ਸ.੨, ੫੬੭.੪, ੫੭੬.੪, ੫੯੫.੩, ੬੪੫.੨, ੬੬੯.੧

ਪੇਖਈ : ਵੇਖੋ ਪੇਖ । ਵੇਖ ਸਕਦਾ । ੩੫੨.੧

ਪੇਖਤ : ਵੇਖੋ ਪੇਖ । ਵੇਖਦਿਆ, ਤਕਦਿਆ ਸਾਰ । ੧੬੭.੩, ੩੭੭.੨, ੫੮੮.੧, ੫੯੨.੨, ੬੧੭.੨, ੬੨੧.੪

ਪੇਖਤਾ : (ਸੰ.) (ਪ੍ਰੇਕ੍ਸ਼ਕ)—ਵੇਖਣ ਵਾਲਾ, ਤੱਕਣ ਵਾਲਾ । ੯੯.੩

ਪੇਖਯੋ : ਵੇਖੋ ਵੇਖ । ਵੇਖਿਯੋ, ਦੇਖਿਆ ਹੈ । ੬੪੨.੪, ੬੪੮.੨

ਪੇਖਿ : ਵੇਖੋ ਪੇਖ । ਵੇਖਕੇ, ਤਕ ਕੇ । ੨੭੫.੪, ੩੫੬.੧, ੩੫੮.੩, ੪੬੧.੨, ੫੬੭.੪, ੫੭੬.੧, ੫੯੫.੩, ੬੪੫.੨, ੬੬੯.੧

ਪੇਖਿਯਤ : ਵੇਖੋ ਪੇਖੀਅਤਿ । ਵੇਖਦਾ, ਤੱਕੀਦਾ । ੧੧੦.੩, ੧੯੬.੧

ਪੇਖੀਐ : ਵੇਖੋ ਪੇਖ । ਦਿਖਾਈ ਦਿੰਦਾ ਹੈ, ਦਿਸਦੀ ਹੈ । ੩੬੩.੩, ੪੧੯.੧, ੬੩੧.੨

ਪੇਖੈ : ਵੇਖੋ ਪੇਖ । ਦੇਖਦਾ ਹੈ, ਤੱਕਦਾ ਹੈ, ਵੇਖਦਾ ਹੈ । ੧੧.੨, ੪੯੩.੧, ੫੬੭.੧

ਪੈ : (ਹਿੰ.) (ਪੈ)—ਪਰੰਤੂ, ਕਿੰਤੂ, ਪਰ, ਅਵੱਸ਼ । ਕ੍ਰਿ. ਵਿ.—ਪੈਕੇ, ਉਤੇ, ਪੜਕੇ । ੭੮.੧, ੧੦੧.੧, ੧੦੨.੨, ੧੬੨.੨, ੧੭੨.੧, ੧੭੨.੩, ੨੦੨.੧, ੨੦੭.੧, ੨੧੯.੩, ੨੭੬.੨, ੩੧੮.੧, ੩੧੮.੨, ੩੩੨.੨, ੩੫੨.੩, ੩੫੩.੨, ੩੬੨.੩, ੩੬੩.੨, ੩੮੬.੩, ੩੯੨.੩, ੪੧੧.੩, ੪੧੯.੩, ੪੧੯.੪, ੪੫੨.੨, ੪੬੪.੨, ੪੬੬.੪, ੪੭੪.੨, ੪੭੪.੪, ੪੭੫.੨, ੪੭੫.੩, ੪੭੬.੩, ੪੭੮.੧—੪੭੮.੩, ੪੯੦.੧, ੪੯੧.੩, ੫੦੫.੩, ੫੨੩.੩, ੫੨੪.੧, ੫੨੪.੩, ੫੬੨.੧, ੫੬੨.੨, ੫੯੧.੧, ੫੯੧.੪, ੬੨੯.੩, ੬੭੦.੨, ੬੭੧.੨

ਪੈਸਤ : (ਸੰ.) (ਪ੍ਰਵਿਸ਼ਟ) ਕ੍ਰਿ.—ਪ੍ਰਵੇਸ਼ ਕਰਨਾ, ਅੰਦਰ ਜਾਣਾ, ਵੜ੍ਹਨਾ, ਘੁੰਮਣਾ। ੪੧.੨, ੫੪੮.੨, ੫੫੪.੩, ੬੪੩.੨

ਪੈਸਾ : (ਹਿੰ.) (ਪੈਸਾ) ਸੰਗਿਆ ਪੁ.—ਭਾਰਤੀ ਸਿੱਕਾ, ਧਨ, ਦੌਲਤ, ਮਾਇਆ। ੪੭੯.੧

ਪੈਜ : (ਹਿੰ.) (ਪ੍ਰਤਿਜ੍ਞਾ) ਸਗਿਆ—ਪ੍ਰਤਿਸ਼ਠਾ, ਮਾਣ, ਇਜ਼ੱਤ, ਪ੍ਰਤਿਗਿਆ, ੬੨੮.੪

ਪੈਠੇ : (ਹਿੰ.) (ਪੈਠ) ਸੰਗਿਆ ਇ.—ਪ੍ਰਵੇਸ਼ ਕਰਨ ਦੀ ਕ੍ਰਿਆ, ਦਖ਼ਲ, ਦਾਖ਼ਲਾ, ਗਤੀ, ਪਹੁੰਚ ਆਦਿ। ੫੯੫.੨

ਪੈਂਡਾ : (ਹਿੰ.) (ਪੈਂੜਾ) ਸੰਗਿਆ—ਪੰਧ, ਰਸਤਾ, ਮਾਰਗ, ਪੈਦਲ ਰਸਤਾ, ਪੈਰਾਂ ਨਾਲ ਤੁਰਿਆਂ ਰਸਤਾ। ੧੧੧.੧, ੧੧੧.੨

ਪੈਰੀ : ਸੰਗਿਆ—ਪੈਰੀ ਪੈਣਾ, ਬੰਦਨਾ ਕਰਨਾ, ਸਤਿਕਾਰ ਕਰਨਾ, ਚਰਨ-ਛੁਹਣਾ। ੫੫੬.ਸ.੪

ਪੈਰਆ : (ਹਿੰ.) (ਪੈਰਜਾ)—ਨਦੀ ਨੂੰ ਪਾਰ ਕਰਨ ਵਾਲਾ, ਤਰਕੇ ਪਾਰ ਕਰਨ ਵਾਲਾ, ਪ੍ਰਵੇਸ਼ ਕਰਨ ਵਾਲਾ ਸਥਾਨ। ੧੬੭.੩

ਪੋਈ : (ਸੰ.) (ਪ੍ਰੋਤ) ਕ੍ਰਿ.—ਪ੍ਰੋਣਾ, ਸੀਉਣਾ, ਪਰੋਤਾ ਹੋਇਆ, ਸੰਗਿਆ ਇ.—ਇਕ ਪ੍ਰਕਾਰ ਦੀ ਵੇਲ, ਗੰਨੇ ਦਾ ਪੋਰ, ਅੰਕੁਰ। ੧੬੬.੪

ਪੋਈਅਤ : ਵੇਖੋ ਪੋਈ। ਪਰੋਈਦਾ। ੬੩੧.੧

ਪੋਈਐ : ਵੇਖੋ ਪੋਈ। ੪੯੯.੩

ਪੋਸਤ : (ਫ਼ਾ) (ਪੋਸਤ) ਸੰਗਿਆ—ਅਫ਼ੀਮ ਦਾ ਡੋਡਾ, ਅਫ਼ੀਮ ਦਾ ਬੂਟਾ, ਇਕ ਪ੍ਰਕਾਰ ਦਾ ਅਮਲ, ਛਿੱਲੜ, ਛਿੱਲਕਾ ਆਦਿ। ੫੯੧.੧ ੬੪੪.੩

ਪੋਸਤੀ : (ਫ਼ਾ) (ਪੋਸਤੀ) ਸੰਗਿਆ—ਪੋਸਤ ਪੀਣ ਵਾਲਾ, ਅਮਲੀ। ੫੯੧.੧

ਪੋਹੇ : ਕ੍ਰਿ.—ਪੋਹਣਾ, ਪ੍ਰਵੇਸ਼ ਹੋਣਾ, ਦਾਖ਼ਲ ਹੋਣਾ; ਘੁਸ਼ਣਾ, ਪ੍ਰਭਾਵਿਤ ਕਰਨਾ ਆਦਿ। ੫੦੭.੪, ੬੩੯.੪

ਪੋਖ : (ਸੰ.) (ਪੋਸ਼ਣ) ਵਿ.—ਪਾਲਣ ਪੋਸ਼ਣ ਕਰਨ ਵਾਲਾ, ਪੋਹ ਦਾ ਮਹੀਨਾ। ੧੬.੨, ੧੧੩.੨, ੩੫੭.੧

ਪੋਖਤ : ਵੇਖੋ ਪੋਖ। ੩੭੮.੧

ਪੋਖਰ : (ਸੰ.) (ਪੋਖਰ) ਸੰਗਿਆ—ਤਲਾਬ, ਟੋਭਾ, ਛੱਪੜੀ, ਛੱਪੜ ਆਦਿ। ੪੭੨.੨

ਪੋਖੈ : ਵੇਖੋ ਪੋਖ। ਪੋਸ਼ਣ ਕਰੇ। ੧੦੨.੩

ਪੋਚੈ : (ਹਿੰ.) (ਪੋਤਨਾ) ਸੰਗਿਆ—ਲੇਪ ਕਰਨਾ, ਪੋਚਾ ਦੇਣਾ, ਪੋਚਾ ਫੇਰਨਾ, ਸਫ਼ਾਈ ਕਰਨਾ। ੫੯੩.੨

ਪੋਟ : (ਹਿੰ.) (ਧੋਟ) ਸੰਗਿਆ ਇ.—ਗਠੜੀ, ਪੋਟਲੀ, ਕਫ਼ਨ ਦੇ ਉਪਰਲਾ, ਕਪੜਾ । ੧੭੧.੩, ੨੧੩.੨, ੨੮੮.੧

ਪੋਤ : (ਸੰ.) (ਪ੍ਰੋਤ) ਵਿ.—ਪਿਰੋਇਆ ਹੋਇਆ, ਮਿਲਿਆ ਹੋਇਆ, ਜਾੜਿਆ ਹੋਇਆ । ੩.ਛੰ.੩, ੧੮੫.੪, ੧੮੭.੪

ਪੋਥੀ : (ਸੰ.) (ਪੋਤਥਗ੍ਰਾ) (ਹਿੰ.) (ਪੋਥੀ) ਸੰਗਿਆ—ਹੱਥ ਲਿਖਤ ਪੁਸਤਕ, ਪੁਰਾਤਨ, ਪੁਸਤਕ ਜਾਂ ਗ੍ਰੰਥ, ਛੋਟੀ ਧਾਰਮਕ ਪੁਸਤਕ । ੫੬੨.੪

ਪੌਨ : (ਸੰ.) (ਪਵਨ) ਸੰਗਿਆ ਪੁ.—ਹਵਾ, ਵਾਯੂ, ਸਾਹ, ਪ੍ਰਾਣ, ਆਦਿ । ੭੪.੩, ੧੫੬.੪, ੩੬੦.੨, ੩੬੧.੩

ਫ

ਫਸੇ : (ਹਿੰ.) (ਫਾਂਸ) ਸ. ਕ੍ਰਿ.—ਫੰਦੇ ਵਿਚ ਫਸਣਾ, ਕਸਿਆ ਜਾਣਾ, ਛੁਟਕਾਰਾ ਨਾ ਹੋਣਾ, ਮੁਕਤੀ ਨਾ ਹੋਣਾ । ੫੯੦.੨

ਫਟਕ : (ਸੰ.) (ਸ੍ਫਟਿਕ) (ਹਿੰ.) (ਫਟਕਨਾ) ਪੁ.—ਬਿਲੌਰ, ਸ਼ੀਸ਼ਾ, ਕੱਚ ਦਾ ਬਣਿਆ ਮੋਤੀ, ਫਟਕਣ ਦੀ ਕ੍ਰਿਆ ਜਾਂ ਭਾਵ । ੩੮੯.੧, ੫੯੭.੩

ਫਟਿ : ਵੇਖੋ ਫਾਟ । ਫਟਣਾ । ੧੭੪.੧

ਫਟੀ : ਵੇਖੋ ਫਟਿ । ੨੧੦.੩

ਫਨਿਦ੍ਰ : (ਸੰ.) (ਫਣੀन्द्र) ਪੁ.—ਸ਼ੇਸ਼ ਨਾਗ, ਫਨ ਵਾਲਾ ਨਾਗ, ਸੱਪ । ੪੫੩.੩

ਫਨ : (ਸੰ.) (ਫਣਿਨ੍)—ਸੱਪ ਦੇ ਸਿਰ ਦੇ ਆਸ ਪਾਸ ਦਾ ਭਾਗ, ਫਣਧਾਰੀ ਸੱਪ, ਸ਼ੇਸ਼ਨਾਗ । ੬੭੧.੧

ਫਨਗ : ਵੇਖੋ ਫਨ । (ਫਨ+ਅਗਰ) ਫਣਾਂ ਦੇ ਅਗੇ ਭਾਵ ਫਣਾਂ ਦੇ ਉਤੇ । ੫੫੫.੧

ਫਨੰਗ : ਵੇਖੋ ਫਨ । (ਫਨ+ਅੰਗ) ਫਨ ਦੇ ਭਾਗ । ੫੭੩.੨

ਫਨਾਗ੍ਰ : ਵੇਖੋ ਫਨ । (ਫਨ+ਅਗ੍ਰ) ਫਨ ਦਾ ਅਗਲਾ ਭਾਗ । ੫੫੫.੧

ਫਨਿ : ਵੇਖੋ ਫਨ । ਸੱਪ । ੪੪੫.੨

ਫਬਿ : (ਸੰ.) (ਫਬਨਾ) ਅ. ਕ੍ਰਿ.—ਠੀਕ ਤਰ੍ਹਾਂ ਕਿਸੇ ਚੀਜ਼ ਦੇ ਰਖਣ ਤੇ ਚੰਗਾ ਲਗਣਾ, ਫਬਣਾ, ਸ਼ੋਭਣਾ । ੪੨੭.੩

ਫਰਕਤ : (ਹਿੰ.) (ਫਰਕਨਾ) ਅ. ਕ੍ਰਿ.—ਫਰਕਣਾ, ਕੰਬਣਾ । ਏਧਰ ਉਧਰ ਹਿਲਣ ਦੀ ਕ੍ਰਿਆ । ੬੬੫.੧

ਫਲ : (ਸੰ.) (ਫਲਮ੍) ਪੁ.—ਕੀਤੇ ਹੋਏ ਕਰਮਾਂ ਦਾ ਫਲ, ਨਤੀਜਾ, ਪਰਿਣਾਮ ਇਕ ਪ੍ਰਕਾਰ ਦਾ ਖਾਣ ਵਾਲਾ ਪਦਾਰਥ (ਫਲ) । ੬.ਸੋ.੧, ੬.ਦੋ.੨, ੧੫.੧— ੧੫.੪, ੧੯.੧— ੧੯.੪, ੨੦.੧—

੨੦.੪, ੩੦.੧, ੩੩.੪, ੩੯.੨, ੪੯.੧, ੪੯.੨, ੫੫.੨, ੫੬.੧, ੫੯.੪, ੭੨.੨, ੭੪.੨, ੧੨੫.੨, ੧੨੬.੧, ੧੩੦.੪, ੧੪੮.੨, ੧੫੫.੧, ੧੭੮.੨, ੧੮੧.੧, ੧੮੨.੧, ੧੮੫.੪, ੧੯੩.੪, ੨੦੨.੩, ੨੪੯.੩, ੨੭੬.੪, ੩੦੭.੩, ੩੦੯.੪, ੩੨੬.੧, ੩੪੧.੩, ੩੬੬.੧, ੩੬੮.੧, ੩੭੦.੪, ੩੮੩.੪, ੩੮੫.੩, ੩੯੧.੪, ੩੯੩.੪, ੩੯੬.੨, ੩੯੯.੩, ੪੦੪.੧, ੪੦੫.੧, ੪੧੫.੧, ੪੪੧.੨, ੪੪੬.੪, ੪੫੧.੩, ੪੫੬.੧, ੪੫੬.੪, ੪੭੮.੪, ੪੮੮.੩, ੪੮੯.੪, ੪੯੭.੧, ੫੧੦.੧, ੫੩੪.੧, ੫੫੯.੩, ੫੬੪.੨, ੫੮੬.੨, ੫੮੯.੨, ੫੯੭.੩, ੬੦੮.੧, ੬੩੫.੨, ੬੭੩.੨

ਫਲਤ : (ਸੰ.) (फलृ)—ਦਰਖਤਾਂ ਦੇ ਫਲਣ ਦੀ ਕ੍ਰਿਆ, ਫਲਦਾ ਹੋਇਆ, ਭਰਪੂਰ ਹੁੰਦਾ ਹੋਇਆ । ੫੬੪.੨

ਫਲੰਤੇ : (ਹਿੰ.) (फलता) ਸ. ਕ੍ਰਿ.—ਫਲਣ ਦੀ ਕ੍ਰਿਆ । ੪੫੬.੧

ਫਲਦਾਈ : (ਸੰ.) (फलद)—ਫਲਦਾਇਕ, ਫਲ ਦੇਣ ਵਾਲਾ, ਵਾਲੀ । ੩੩੭.੪

ਫਲੇ : (ਸੰ.) (फल)—ਫਲਣ ਦੁਆਰਾ, ਫਲ ਕੇ । ੬੩੮.੨

ਫਾਸੀ : (ਸੰ.) (फांसी, पाश) ਇ.—ਫਸਾਉਣ ਦਾ ਫੰਦਾ, ਰਸੀ ਦਾ ਫੰਦਾ, ਜਿਸ ਨੂੰ ਗਲੇ ਵਿਚ ਫਸਾਉਣ ਨਾਲ ਮੌਤ ਹੁੰਦੀ ਹੈ, ਬੰਧਨ, ਫਾਹੀ । ੭੦.੩, ੧੮੨.੪, ੨੪੦.੩, ੫੯੦.੨

ਫਾਸੈ : ਫਸ ਜਾਣਾ, ਫਸ ਜਾਂਦਾ, ਕਾਲ ਵਿਚ ਫਾਹਿਆ ਜਾਣਾ । ੫੯੦.੨

ਫਾਟ : (ਹਿੰ.) (फटृ)—ਫਟਣ ਦੀ ਕ੍ਰਿਆ ਜਾਂ ਭਾਵ । ੧੭੪.੧

ਫਾਟੋ : ਵੇਖੋ ਫਾਟ । ਫਟਣਾ, ਫਟਿਆ ਹੋਇਆ, ਪਾਇਆ ਹੋਇਆ । ੪੧੯.੨

ਫਾਂਧਤ : (ਹਿੰ.) (फांधना) ਅ. ਕ੍ਰਿ.—ਕੁਦੱਣਾ, ਉਛਲਣਾ । ੩੧੩.੨

ਫਾਰ : (ਸੰ.) (स्फार) ਪੁ.—ਖੰਡ, ਟੁਕੜਾ, ਫਾੜੀ । ੨੨੯.੧

ਫਿਰ : (ਹਿੰ.) (फिरना)—ਦੁਬਾਰਾ, ਫੇਰ, ਮੁੜ ਕੇ । ੧੮੪.੧

ਫਿਰਤ : (ਹਿੰ.) (फिरना) ਕ੍ਰਿ.—ਮੁੜਕੇ ਵਾਪਸ ਆਉਣਾ, ਫਿਰਣਾ, ਘੁੰਮਣਾ ਫਿਰਣਾ । ੯੫.੨, ੧੫੫.੧, ੨੨੩.੧, ੨੩੧.੧, ੪੬੦.੨, ੬੪੭.੪

ਫਿਰਿਯੋ : ਵੇਖੋ ਫਿਰ । ਫਿਰਦਾ ਹੈ । ੪੨੮.੨

ਫਿਰੈ : ਵੇਖੋ ਫਿਰ । ਫਿਰਦਾ ਹੈ । ੧੬੪.੪, ੨੨੧.੪; ੪੯੦.੩, ੫੮੯.੧— ੫੮੯.੩

ਫੁਸਲਾਏ : (ਹਿੰ.) (फुसलाना) ਸ. ਕ੍ਰਿ.—ਪਲੋਸਣਾ, ਮੰਨਾਉਣਾ । ੩੫੬.੧

ਫੁਨ : (ਸੰ.) (ਪੁਨਰ੍)—ਫਿਰ, ਦੁਬਾਰਾ, ਮੁੜਕੇ । ੬੩੦.੧

ਫੁਨਿ : (ਸੰ.) (ਫੁਨ) ਦੁਬਾਰਾ, ਮੁੜ ਕੇ, ਹੋਰ । ੬੭੨.੨

ਫੁਲੇਲ : (ਹਿੰ.) (ਫੁਲੇਲ) ਪੁ.—ਸੁਗੰਧਤ ਤੇਲ । ੩੭.੩. ੧੨੨.੩, ੩੪੬.੩, ੫੩੫.੧, ੬੦੯.੧

ਫੂਕ : (ਹਿੰ.) (ਫੂਂਕ) ਸ. ਕ੍ਰਿ.—ਮੂੰਹ ਦੇ ਵਿਚੋਂ ਵੇਗ ਨਾਲ ਕਢੀ ਗਈ ਹਵਾ । ੫੭੩.੨

ਫੂਕੇ : ਵੇਖੋ ਫੂਕ । ਫੂਕ ਮਾਰਨ ਨਾਲ । ੪੭੧.੩

ਫੂਟ : (ਹਿੰ.) (ਫੂਟਨਾ) ਇ.—ਟੁਟਣ ਦੀ ਕ੍ਰਿਆ, ਖੰਡਿਤ ਹੋਣਾ । ੫੭੩.੩

ਫੂਟਈ : ਵੇਖੋ ਫੂਟ । ਫੁਟੱਦਾ ਹੈ, ਟੁੱਟਦਾ ਹੈ, ਨਸ਼ਟ ਹੁੰਦਾ ਹੈ । ੫੯੧.੩

ਫੂਟਯੋ : ਵੇਖੋ ਫੂਟ । ਟੁਟਿਆ, ਹੋਇਆ, ਫੁਟਿਆ ਹੋਇਆ, ਟੁਕੱੜੇ ਟੁਕੱੜੇ ਹੋਇਆ । ੬੬੭.੪

ਫੂਟੇ : ਵੇਖੋ ਫੂਟ । ਟੁਟੇ, ਫੁਟੇ, ਟੁੱਟੇ । ੩੯੦.੧

ਫੂਲ : (ਸੰ.) (ਫੂਲ) ਪੁ.—ਫੁੱਲ, ਪੁਸ਼ਪ, ਸੁਮਨ, ਕੁਸਮ, ਪੌਦੇ ਦਾ ਖਿੜਿਆ ਹਿੱਸਾ। ੩੯.੨, ੪੯.੧, ੪੯.੨, ੭੪.੨, ੧੨੫.੨, ੧੩੨.੩, ੧੩੬.੨, ੨੧੬.੪, ੩੪੭.੨, ੩੪੭.੩, ੩੬੮.੧, ੪੯੭.੧, ੪੮੬.੧, ੬੭੫.੩

ਫੂਲਹਿ : (ਹਿੰ.) (ਫੂਲਨਾ) ਅ. ਕ੍ਰਿ.—ਫਲਦਾ ਹੈ, ਫੁੱਲਾਂ ਨਾਲ ਭਰਪੂਰ ਹੋਣਾ, ਖੁਸ਼ੀ ਨਾਲ ਭਰਪੂਰ ਹੋਣਾ, ਪ੍ਰਸੰਨ ਹੋਣਾ । ੫੧੦.੧

ਫੂਲਨ : ਵੇਖੋ ਫੂਲ । ਫੁੱਲ ਦਾ ਬਹੁਵਚਨ ਫੁਲਾਂ ਦੇ । ੬੧੫.੩

ਫੂਲੇ : ਵੇਖੋ ਫੂਲਹਿ । ੩੬੮.੧

ਫੇਨ : (ਸੰ.) (ਫੇਨ) ਪੁ.—ਝੱਗ, ਬੁੱਲ੍ਹ ਬੁਲ੍ਹਿਆਂ ਦਾ ਸਮੂਹ । ੪੭੩.੩

ਫੇਰ : (ਹਿੰ.) (ਫੇਰਨਾ) ਪੁ.—ਘੁੰਮਾਉਣਾ, ਘੁੰਮਾ ਕੇ, ਫੇਰਨਾ । ੬੪੩.੪

ਫੇਰਹੀ : ਫੇਰਨਾ, ਫੇਰੀਦਾ ਹੈ । ੬੪੩.੪

ਫੇਰੇ : ਵੇਖੋ ਫੇਰ । ੪੧੧.੩

ਫੋਰਿ : (ਹਿੰ.) (ਫੋੜਨਾ) ਸ. ਕ੍ਰਿ.—ਤੋੜਨਾ, ਟੁਟਣਾ । ੪੭੬.੨

ਫੋਰੀਅਤ : (ਸੰ.) (ਸ੍ਫੋਟਨ)—ਫੋੜਦਾ ਹੈ, ਤੋੜਦਾ ਹੈ, ਭੰਨਦਾ ਹੈ । ੩੨੬.੨

ਬ

ਬਸ : (ਸੰ.) (ਵਸ਼) ਵਿ.—ਭਰਪੂਰ, ਬਹੁਤ, ਕਾਫ਼ੀ, ਵੱਧ, ਸਿਰਫ਼, ਕੇਵਲ, ਬੱਸ, ਖਤਮ, ਸਮਾਪਤ, ਵਸ, ਵਸ਼ੀਭੂਤ ਕਰਨਾ ।

੧੨.੧, ੧੪.੧, ੩੩.੩, ੪੪.੧, ੬੫.੧, ੬੯.੪, ੧੦੯.੩, ੧੧੫.੪, ੧੩੫.੧, ੨੦੮.੪, ੨੧੧.੪, ੨੨੯.੪, ੨੩੧.੨, ੨੩੮.੧, ੩੧੩.੪, ੩੨੨.੩, ੩੩੧.੧, ੩੩੬.੩, ੪੨੩.੪, ੪੭੭.੨, ੬੩੦.੧, ੬੩੦.੨

ਬੰਸ : (ਸੰ.) (ਵੰਸ਼) ਸੰਗਿਆ ਪੁ.—ਬਾਂਸ, ਰੀੜ੍ਹ ਦੀ ਹੱਡੀ, ਨੱਕ ਦੀ ਹੱਡੀ, ਪਰਿਵਾਰ, ਖ਼ਾਨਦਾਨ, ਵਿਸ਼ਨੂੰ, ਫੁੱਲ, ਵੰਸ਼, ਲੋਚਨ ਆਦਿ । ੨੬.੩, ੨੩੭.੨, ੨੮੭.੪, ੩੧੪.੪, ੪੫੩.੪; ੪੬੩.੧, ੪੯੦.੩, ੫੭੨.੩

ਬਸਹਿ : ਵੇਖੋ ਬਸਹੁ । ੬੩੦.੩

ਬਸਹੁ : (ਸੰ.) (ਬਸਨਾ) ਸ. ਕ੍ਰਿ.—ਵਸਣਾ, ਦ੍ਰਿੜ੍ਹ ਕਰਕੇ ਮਨ ਵਿਚ ਧਾਰਣ ਕਰਨਾ, ਵੱਸਣ ਵਾਲਾ ਨਿਵਾਸਕ । ੬੨੨.੪

ਬਸਤ : (ਸੰ.) (ਬਸਤ) ਸੰਗਿਆ ਇ.—ਵਸਦਾ ਹੈ, ਚੀਜ਼, ਪਦਾਰਥ, ਵਸਤੂ (ਫ਼ਾ.) ਬੱਧਾ, ਬੰਨ੍ਹਿਆ ਹੋਇਆ । ੩੫੪.੨, ੩੬੬.੩, ੪੧੮.੨, ੫੦੨.੨, ੫੨੫.੧, ੫੮੬.੩, ੬੩੦.੪, ੬੩੪.੧, ੬੩੯.੪, ੬੬੨.੨

ਬਸੰਤ : (ਸੰ.) (ਵਸਨ੍ਤ) ਸੰਗਿਆ ਪੁ.—ਚੇਤਰ ਅਤੇ ਵਿਸਾਖ ਦੇ ਮਹੀਨੇ ਵਿਚ ਆਉਣ ਵਾਲੀ ਰੁੱਤ, ਬਹਾਰ ਰੁੱਤ, ਸੰਗੀਤ ਦਾ ਇਕ ਰਾਗ, ਇਕ ਤਾਲ, ਫੁੱਲਾਂ ਦਾ ਗੁੱਛਾ ਆਦਿ । ੨੩੭.੨, ੫੨੫.੩, ੫੬੭.੨, ੬੩੫.੨

ਬਸਨ : (ਸੰ.) (ਵਸਨਮ੍) ਸੰਗਿਆ ਪੁ.—ਵਸਤਰ, ਕੱਪੜਾ, ਰਹਿਣਾ ਜਾਂ ਵੱਸਣਾ, ਨਿਵਾਸ, ਇਸਤਰੀਆਂ ਦੀ ਕਮਰ ਦਾ ਗਹਿਣਾ, ਆਵਰਣ । ੩੫.੩, ੧੦੦.੪, ੧੦੫.੩, ੧੨੦.੩, ੨੪੪.੩, ੨੬੩.੪, ੨੯੯.੩, ੩੧੨.੧, ੩੩੪.੨, ੩੯੦.੨, ੪੩੫.੧, ੪੮੧.੨, ੪੮੧.੪, ੪੮੩.੧, ੪੯੮.੧, ੫੭੪.੩, ੬੧੪.੧, ੬੬੮.੧

ਬਸਾਇ : (ਸੰ.) (ਬਸਾਨਾ) ਕ੍ਰਿ.—ਵਸਾਉਣਾ, ਅਬਾਦ ਕਰਨਾ, ਮਨ ਵਿਚ ਧਾਰਨ ਕਰਨਾ, ਵਰਸਾਉਣਾ, ਵਸ ਚਲਣਾ ਆਦਿ । ੩੫੨.੪

ਬਸਾਏ : ਵੇਖੋ ਬਸਾਇ । ੨੧੮.੧

ਬਸਾਤ : (ਅ.) (ਬਿਸਾਤ)—ਵਸ ਚਲਦਾ, ਹੈਸੀਅਤ, ਔਕਾਤ, ਸਮਰੱਥਾ, ਸ਼ਕਤੀ, ਹਕੀਕਤ । ੬੯.੨, ੫੨੦.੧

ਬਸਿ : (ਸੰ.) (ਬਸਿ) ਸ. ਕ੍ਰਿ.—ਵਸਕੇ, ਨਿਵਾਸ ਕਰਕੇ । (ਸੰ.) ਵਿ.—ਕਾਬੂ, ਵਸ ਵਿਚ ਆਇਆ । ੧੫੫.੨, ੫੦੭.੧, ੫੫੮.੨, ੫੭੨.੩, ੫੯੧.੧; ੬੦੨.੪, ੬੧੯.੧, ੬੪੭.੧

ਬਸੀਲੇ : (ਅ.) (ਵਸੀਲਾ) ਸੰਗਿਆ ਪੁ.—ਸਬੰਧ, ਆਸਰਾ, ਸਹਾਇਤਾ, ਕਿਸੇ ਕੰਮ ਦੇ ਪੂਰਾ ਹੋਣ ਦਾ ਮਾਰਗ, ਕੰਮ ਪੂਰਾ ਹੋਣ ਦਾ ਮਾਰਗ ਲੱਭਣਾ, ਵਸੀਲਾ, ਜ਼ਰੀਆ । ੯੪.੩

ਬਸੁ : (ਸੰ.) (वसु) ਸੰਗਿਆ ਪੁ.—ਵਸ, ਅਧਿਕਾਰ, ਕਾਬੂ, ਸ਼ਕਤੀ ਜਾਂ ਅਧਿਕਾਰ ਦੀ ਸੀਮਾ, ਇੱਛਾ, ਚਾਹ, ਕਬਜ਼ਾ । ੬੦੨.੪

ਬਸੁੰਧਰਾ : (ਸੰ.) (वसुन्धरा) ਸੰਗਿਆ ਇ.—ਵਸੁ, ਧਰਤੀ, ਪ੍ਰਿਥਵੀ । ੨੯੦.੧, ੩੩੦.੩, ੩੯੪.੨

ਬਸੁਧਾ : (ਸੰ.) (वसुधा) ਸੰਗਿਆ ਇ.—ਪ੍ਰਿਥਵੀ, ਵਸੁ ਜਾਂ ਧਨ ਦੇਣ ਵਾਲਾ । ੭੪.੧, ੧੩੬.੧, ੬੦੯.੩, ੬੩੨.੧

ਬਸੇਰਾ : (ਹਿੰ.) (बसेरा) ਸੰਗਿਆ ਪੁ.—ਟਿਕਾਣਾ, ਠਹਿਰਨ ਦਾ ਸਥਾਨ, ਵਾਸਾ, ਸਥਾਨ, ਨਿਵਾਸ, ਪੜਾਅ । ੫੬.੩, ੨੮੨.੪

ਬਸੈ : (ਸੰ.) (वस्) ਕ੍ਰਿ.—ਵਸਦਾ ਹੈ, ਮੀਂਹ ਵਸਦਾ ਹੈ, ਵਰਖਾ ਹੋਵੇ, ਨਿਵਾਸ ਕਰਦਾ । ੧੭੮.੧, ੨੪੦.੧, ੨੪੨.੧, ੩੧੭.੨, ੩੨੭.੨, ੩੨੯.੧, ੩੬੨.੩, ੪੧੦.੩, ੫੯੩.੨

ਬਹਯੋ : (ਸੰ.) (वहनम्) ਸੰਗਿਆ—ਬਹਿਣ, ਵਹਿਣ, ਵਹਿਓ, ਵਗਣਾ, ਪ੍ਰਵਾਹ ਵਾਂਗ ਗੁਜ਼ਰਨਾ, ਵਹਿ ਗਿਆ । ੪੩੫.੧

ਬਹਰਾ : (ਸੰ.) (बधिर) ਵਿ.—ਕੰਨਾਂ ਤੋਂ ਨਾ ਸੁਣਨਾ ਜਾਂ ਘੱਟ ਸੁਣਨ ਵਾਲਾ, ਬੋਲਾ । ੪੭੫.੩

ਬਹਰੇ : ਵੇਖੋ ਬਹਰਾ । ਬਹਰਾ ਦਾ ਬਹੁਵਚਨ । ੩੧੪.੧, ੪੪੩.੩, ੪੭੦.੪, ੬੬੭.੧

ਬਹਰੋ : ਵੇਖੋ ਬਹਰਾ । ੩੫੨.੩, ੬੦੦.੨

ਬਹਾਇ : ਵੇਖੋ ਬਹਾਏ । ੫੬੩.੨, ੫੯੫.੧, ੬੦੯.੩

ਬਹਾਏ : (ਹਿੰ.) (बहाव) ਸੰਗਿਆ—ਵਹਾਓ, ਵਹਿਣ ਦਾ ਭਾਵ, ਪ੍ਰਵਾਹ । ੫੩੫.੩

ਬਹਿ : (ਸੰ.) (वहनम्) ਕ੍ਰਿ. ਵਿ.—ਬੈਠ, ਬੈਠਕੇ, ਬੈਠ ਜਾ । ੩੭੨.੧

ਬਹਿਯੋ : (ਸੰ.) (विहनम्) ਕ੍ਰਿ. ਵਿ.—ਪ੍ਰਵਾਹਿਤ ਹੋਣਾ, ਵਹਿਣਾ, ਵਗਣਾ, ਵਹਿਆ । ੪੨੮.੨

ਬਹਿਰਿਓ : ਕ੍ਰਿ. ਵਿ.—ਬਾਹਰੋਂ, ਬਿਨਾਂ, ਅੰਦਰੋਂ ਦੇ ਉਲਟ । ੬੬੬.੧

ਬਹੀਰ : (ਹਿੰ.) (वहीर) ਸੰਗਿਆ—ਵਹੀਰ, ਭੀੜ, ਜਨਸਮੂਹ, ਸ਼ਿਕਾਰੀਆਂ ਜਾਂ ਯੋਧਿਆਂ ਦੀ ਟੋਲੀ । ੨੦੩.੪

ਬਹੁ : (ਸੰ.) (वह) ਵਿ.—ਬਹੁਤ ਸਾਰੇ, ਅਨੇਕ, ਸੰਪੰਨ, ਬਹੁਤਾਤ । ੧੩.੧, ੩੯.੧, ੪੦.੧, ੪੯.੨, ੭੪.੧, ੧੧੨.੨, ੧੧੨.੩, ੧੬੪.੨, ੨੦੬.੪, ੨੦੮.੩, ੨੧੯.੧, ੨੫੫.੩, ੩੦੭.੨, ੩੪੫.੨, ੩੬੬.੨, ੩੭੧.੧, ੩੭੪.੪, ੪੨੨.ਸ.੨, ੪੬੦.੧, ੪੮੭.੨, ੪੮੯.੧, ੫੧੨.੨, ੫੨੭.ਸ.੧, ੫੨੭.ਸ.੨, ੫੪੦.ਝ.ਛੰ.੧, ੫੫੮.੪, ੫੮੪.੧, ੬੦੦.੩, ੬੦੫.੪, ੬੧੫.੧, ੬੩੬.੧

ਬਹੁਤ : (ਹਿੰ.) (बहुत) ਵਿ.—ਗਿਣਤੀ ਵਿਚ ਜ਼ਿਆਦਾ, ਅਨੇਕ ਮਾਤਰਾ ਅਥਵਾ ਪਰਿਮਾਣ ਵਿਚ ਜ਼ਿਆਦਾ, ਕਾਫ਼ੀ, ਅੱਛਾ, ਠੀਕ । ੬੫.੧, ੩੦੭.੧

ਬਹੁਰ : (ਹਿੰ.) (बहुरि) ਕ੍ਰਿ. ਵਿ.—ਫੇਰ, ਦੁਬਾਰਾ; ਮੁੜਕੇ, ਇਸ ਤੋਂ ਉਪਰੰਤ । ੩੭੨.੧

ਬਹੁਰੰਗੀ : (ਹਿੰ.) (बहुरंगी) ਵਿ.—ਬਹੁਰੂਪੀਆ, ਅਨੇਕ ਰੰਗ ਵਿਖਾਉਣ ਵਾਲਾ, ਅਨੇਕ ਪ੍ਰਕਾਰ ਦੇ ਕੌਤਕ ਵਿਖਾਉਣ ਵਾਲਾ । ੩੧੬.੧, ੩੨੧.੨

ਬਹੁਰਯ : ਵੇਖੋ ਬਹੁਰ । ਦੁਬਾਰਾ, ਮੁੜਕੇ । ੫੯੦.੨

ਬਹੁਰਯੋ : ਵੇਖੋ ਬਹੁਰ । ਫਿਰ; ਦੁਬਾਰਾ । ੧੧੭.੩

ਬਹੁਰਾਨੇ : ਵੇਖੋ ਬਹੁਰ । ਵਾਪਿਸ ਨਾ ਆਉਣਾ, ਦੁਬਾਰਾ ਨਾ ਆਉਣਾ, ਮੁੜਕੇ ਨਾ ਆਉਣ ਵਾਲੇ । ੪੩੧.੨

ਬਹੁਰਿ : ਵੇਖੋ ਬਹੁਰ । ਮੁੜਕੇ, ਦੁਬਾਰਾ ੫੪੮.੧

ਬਹੁਰਿਯੋ : ਵੇਖੋ ਬਹੁਰ ।ਫਿਰ ਮੁੜਕੇ, ਦੁਬਾਰਾ । ੬੬੦.੪

ਬਹੁਰੇ : ਵੇਖੋ ਬਹੁਰ । ਇਸ ਉਪਰੰਤ, ਇਸ ਤੋਂ ਬਾਅਦ, ਇਸ ਪਿਛੋ । ੫੪੮.੨

ਬਹੁਰੋ : ਵੇਖੋ ਬਹੁਰ । ਇਸ ਤੋਂ ਬਾਅਦ । ੩੫੩.੨, ੫੯੨.੧

ਬਹੈ : (ਸੰ.) (वहना) ਅ. ਕ੍ਰਿ.—ਵਹਨ ਕਰਦਾ ਹੈ, ਵਹਿੰਦਾ ਹੈ, ਵਗਦਾ ਹੈ, ਬੈਠਦਾ ਹੈ । ੩੭੨.੧, ੪੯੭.੨

ਬਕ : (ਸੰ.) (वक्र)—ਟੇਢਾ ਹੋਣਾ, ਕੁਟਿਲ ਹੋਣਾ, ਸੰਗਿਆ—ਬਗੁਲਾ, ਇਕ ਅਸੁਰ । ੧੩੨.੨

ਬਕਤ : (ਸੰ.) (वचनम्)—ਬੋਲਣਾ, ਉਚਾਰਣਾ, ਕਹਿਣਾ, ਕਥਨ ਕਰਨਾ । ੬੫.੧, ੯੫.੪, ੩੬੦.੩

ਬੰਕਤ : (ਸੰ.) (वंक) ਵਿ.—ਟੇਢਾ, ਤਿਰਛਾ, ਤੀਵਰ, ਵਿਕਟ । ੪੧.੨

ਬਕਤਾ : (ਸੰ.) (वक्तृ) ਵਿ.—ਕਹਿਣ ਜਾਂ ਬੋਲਣ ਵਾਲਾ, ਭਾਸ਼ਣ ਦੇਣ ਵਾਲਾ ਵਕਤਾ, ਬੁਲਾਰਾ । ੯੯.੩, ੨੪੪.੪; ੩੦੫.੨

ਬਕਨੋ : (ਹਿੰ.) (बकना) ਕ੍ਰਿ.—ਕਹਿਣਾ, ਆਖਣਾ, ਵਾਕ ਉਚਾਰਣਾ, ਊਟ ਪਟਾਂਗ ਬੋਲਣਾ, ਬਹੁਤ ਕੁਝ ਕਹਿਣਾ, ਬਹੁਤ ਜਾਂ ਫਜ਼ੂਲ ਦਾ ਬੋਲਣਾ। ੬੨੪.੪

ਬਕਬਾਨੀ : (ਸੰ.) (वचनम्) ਸੰਗਿਆ—ਸ਼ੋਰ ਮਚਾਉਣ ਦੀ ਕ੍ਰਿਆ; ਰੌਲਾ ਪਾਉਣ ਦੀ ਬਾਣ, ਬਹੁਤ ਸ਼ੋਰ ਮਚਾਉਣਾ, ਬਕਵਾਦੀ । ੨੩੬.੨, ੫੨੫.੪

ਬਕਬਾਨੀਐ : ਵੇਖੋ ਬਕਬਾਨੀ । ਬੋਲਦਾ, ਪੁਕਾਰ ਕਰਦਾ ਹੈ । ੫੦੯.੩

ਬਖਾਨ : (ਸੰ.) (व्याख्यानम्) (ਹਿੰ.) (बखान) ਸੰਗਿਆ ਪੁ.—ਵਰਣਨ, ਕਥਨ, ਪ੍ਰਸ਼ੰਸਾ, ਵਡਿਆਈ, ਵਿਖਿਆਨ, ਆਖਦਾ ਹੈ । ੩੭੬.੧, ੪੪੩.੨, ੫੪੦.ੜ.ਛੰ.੧, ੬੭੫.੨

ਬਖਾਨਉ : ਵੇਖੋ ਬਖਾਨ। ਵਰਣਨ ਕਰਨਾ। ੬੪੦.੨

ਬਖਾਨਯੋ : ਵੇਖੋ ਬਖਾਨ। ਵਿਖਿਆਨ, ਕਥਨ, ਕਹਿਣਾ। ੬੨੭.੧

ਬਖਾਨਿ : ਵੇਖੋ ਬਖਾਨ। ਬਖਾਨ ਕਰਕੇ। ੬੬੬.੩

ਬਖਾਨੀਅਤ : ਵੇਖੋ ਬਖਾਨ। ਬਖਾਨ ਕੀਤਾ ਜਾਂਦਾ ਹੈ। ੧੨੨.੨, ੧੬੪.੩, ੨੬੪.੨, ੩੪੦.੩, ੪੮੭.੧

ਬਖਾਨੀਐ : ਵੇਖੋ ਬਖਾਨ। ਵਿਖਿਆਨ ਕਰੀਏ, ਬੋਲੀਐ, ਕਹੀਐ। ੭.ਸੋ.੨, ੭.ਦੋ.੨, ੧੧੮.੩, ੧੩੭.੩, ੧੭੩.੩, ੬੫੯.੪

ਬਖਾਨੀਏ : ਵੇਖੋ ਬਖਾਨ। ਵਰਣਨ ਕਰੀਏ, ਕਹੀਐ। ੩੬੧.੨, ੩੭੫.੨, ੩੮੦.੧, ੪੦੭.੧, ੪੮੭.੪

ਬਖਾਨੈ : ਵੇਖੋ ਬਖਾਨ। ਬਖਾਨ ਕਰੇ, ਬਖਾਨ ਕਰਦਾ ਹੈ। ੪੧੪.੧, ੬੦੪.੩

ਬਗ : (ਸੰ.) (ਬਗਲਾ, ਵਕ:) ਸੰਗਿਆ ਪੁ.—ਬਗੁਲਾ, ਪਾਖੰਡੀ, ਚਿੱਟੇ ਕੇਸ, ਢੋਂਗੀ, ਬੱਗਾ, ਚਿੱਟਾ, ਸਫ਼ੇਦ। ੧੮੧.੩, ੨੩੯.੪, ੨੪੦.੨, ੨੯੮.੩, ੨੯੯.੧, ੩੩੧.੧, ੩੪੦.੪, ੩੭੫.੧, ੪੫੨.੪, ੪੫੩.੪, ੪੬੦.੩, ੪੯੦.੩, ੪੯੧.੪, ੪੯੨.੩, ੫੦੭.੩, ੫੨੨.੨, ੫੨੪.੨, ੫੨੫.੧, ੬੩੯.੩, ੬੪੧.੨

ਬਘੂਲਾ : (ਹਿੰ.) (ਬਗੂਲਾ) ਸੰਗਿਆ—ਉਹ ਹਵਾ ਜੋ ਗਰਮੀ ਦੇ ਦਿਨਾਂ ਵਿਚ ਕਦੇ-ਕਦੇ ਇਕ ਸਥਾਨ ਤੇ ਭੰਵਰ ਵਾਂਗ ਘੁੰਮਦੀ ਦਿਖਦੀ ਹੈ, ਵਾਵਰੋਲਾ, ਹਵਾ-ਚੱਕਰ। ੨੨੪.੧

ਬਚ : (ਸੰ.) (ਵਚ੍) ਸੰਗਿਆ ਪੁ.—ਵਚਨ, ਵਾਕ, ਬਾਤ, ਦਵਾਈ ਵਿਚ ਵਰਤਿਆ ਜਾਣ ਵਾਲਾ ਪੌਦਾ, ਬਚਣ ਦੀ ਕ੍ਰਿਆ। ੪੬.੧, ੪੭.੧, ੪੮.੧, ੪੮.੨, ੫੨.੧, ੫੩.੧, ੬੦.੪, ੬੩.੩, ੬੪.੧, ੮੯.੪, ੧੦੧.੪, ੨੬੮.੩, ੩੧੮.੩, ੩੫੮.੪, ੪੮੦.੧, ੪੮੨.੧

ਬੰਚ : (ਸੰ.) (ਵਚਨਾ) ਸ. ਕ੍ਰਿ.—ਠੱਗਣਾ, ਧੋਖਾ ਦੇਣਾ। ੫੨੧.੧

ਬਚਨ : (ਸੰ.) (ਵਚਨ) ਸੰਗਿਆ ਪੁ.—ਕਹਿਣਾ, ਬੋਲਣ ਦੀ ਕ੍ਰਿਆ, ਬਾਣੀ, ਵਾਕ, ਆਦੇਸ਼। ੪.ਸੋ.੧, ੪.ਦੋ.੧, ੪.ਛੰ.੪, ੧੧.੪, ੧੩.੩, ੧੭.੨, ੪੮.੨, ੧੩੦.੧, ੧੩੫.੩, ੧੩੭.੩, ੧੪੧.੨, ੧੪੨.੨, ੧੫੨.੨, ੧੭੬.੨, ੧੯੪.੨, ੨੦੦.੩, ੨੦੧.੩, ੨੦੨.੩, ੨੦੨.੪, ੨੦੩.੧, ੨੦੫.੨, ੨੦੮.੨, ੨੧੬.੨, ੨੪੪.੨, ੨੫੬.੧, ੨੫੬.੪, ੨੬੪.੩, ੨੮੦.੨, ੩੨੨.੧, ੩੩੩.੩, ੩੪੨.੩, ੩੭੩.੪, ੩੯੩.੨, ੩੯੫.੩, ੩੯੬.੩, ੪੦੧.ਸ.ਛ.੨, ੪੩੨.੩, ੪੭੪.੨, ੬੬੦.੪, ੬੨੧.੨, ੬੪੦.੨, ੬੪੪.੨, ੬੪੬.੧, ੬੬੬.੨, ੬੭੦.੨

ਬਚਰਾ : (ਸੰ.) (ਵਤਸ) ਸੰਗਿਆ ਪੁ.—ਬੱਚਾ, ਬਾਲਕ, ਸ਼ਿਸ਼ੂ। ੫੧੫.੨

ਬਚਾਇ : (ਸੰ.)(बचाना) ਸੰਗਿਆ ਸ. ਕ੍ਰਿ.—ਬਚਾਉਣ ਦੀ ਕ੍ਰਿਆ, ਬਚਾਉਣਾ, ਰੱਖਿਆ ਕਰਨਾ। ੬੩੪.੧

ਬਚਾਈਐ : ਬਚਾਉਣ ਦੀ ਕ੍ਰਿਆ। ੫੪੪.੩

ਬਚਿਤ੍ਰ : (ਸੰ.) (विचित्र) ਵਿ.—ਅਦਭੁੱਤ, ਵਿਲੱਖਣ, ਅਜੀਬ। ੧੩੨.੪, ੨੦੫.੧, ੫੬੦.੧, ੬੫੫.੪

ਬਚੇ : (ਹਿੰ.) (बचाव) ਕ੍ਰਿ.—ਬਚਾਓ, ਜੋ ਬਚ ਗਿਆ ਹੋਵੇ। ੬੯.੧, ੬੯.੨

ਬਛ : (ਸੰ.) (वत्सः) ਸੰਗਿਆ ਪੁ.—ਗਾਂ ਦਾ ਬੱਚਾ, ਵੱਛਾ, ਬਛੁਰਾ, ਬਛੜਾ। ੫੫੪.੨

ਬਛਰੇ : ਵੇਖੋ ਬਛ। ਵੱਛੇ, ਬਛ ਦਾ ਬਹੁ ਵਚਨ। ੫੫੪.੨

ਬਛਰੋ : ਵੇਖੋ ਬਛ। ੫੭੮.੨

ਬਛੁਰਾ : ਵੇਖੋ ਬਛ। ੧੦੨.੩, ੪੪੧.੧, ੫੨੦.੧

ਬੱਜਰ : (ਸੰ.) (वज्र) ਸੰਗਿਆ ਪੁ.—ਇੰਦ੍ਰ ਦਾ ਪ੍ਰਧਾਨ ਹਥਿਆਰ, ਭਾਲਾ, ਬਰਛਾ ਆਦਿ। ਵਿ.—ਕਠਿਨ, ਕਠੋਰ, ਪੱਥਰ, ਮਜ਼ਬੂਤ, ਨਿੱਗਰ ਆਦਿ। ੧੧.੩, ੧੮.੨, ੫੭.੩, ੧੨੬.੩, ੧੭੬.੨

ਬਜਰ : ਵੇਖੋ ਬੱਜਰ। ੨੫੯.੩, ੩੦੮.੪, ੩੨੯.੧

ਬਜਾਇਬੋ : (ਹਿੰ.) (बजाना) ਸ. ਕ੍ਰਿ.—ਵਜਾਉਂਦਾ ਹੈ, ਵਾਦਨ, ਗਾਉਣ ਦੀ ਕ੍ਰਿਆ, ਗਾਇਨ ਕ੍ਰਿਆ। ੬੩੧.੪

ਬਜਾਗ : (ਸੰ.) (वज्र+आगि=बजागी) ਸੰਗਿਆ—ਵਜ੍ਰ, ਬਿਜਲੀ ਜਾਂ ਬਿਜਲੀ ਦੀ ਅਗਨੀ, ਬਹੁਤ ਜ਼ਿਆਦਾ ਕਸ਼ਟ ਦੇਣ ਵਾਲਾ। ੪੭੭.੪, ੬੩੭.੪

ਬਜਾਵਤ : ਵੇਖੋ ਬਜਾਇਬੋ। ਵਜਾਉਣ ਦੀ ਕ੍ਰਿਆ, ਵਾਦਨ-ਕ੍ਰਿਆ। ੬੦੦.੨

ਬਟ : (ਸੰ.) (वटः) ਸੰਗਿਆ ਪੁ.—ਗੋਲ ਵਸਤੂ, ਵੱਟਾ, ਰਸਤਾ, ਵਲ, ਬੋਹੜ ਆਦਿ। ੩੭੩.੩, ੪੫੮.੪

ਬਟਤ : (ਸੰ.) (बट्) ਸ. ਕ੍ਰਿ.—ਵੱਟਣ ਦੀ ਕ੍ਰਿਆ, ਵੱਟਦਾ ਹੈ। ੫੭੮.੨

ਬਟਵਾਰਾ : (ਹਿੰ.) (बटवारा) ਸੰਗਿਆ—ਪੁ. ਵੰਡਣ ਦੀ ਕ੍ਰਿਆ ਜਾਂ ਭਾਵ, ਵੰਡ, ਤਕਸੀਮ, ਵਿਭਾਜਨ। ੧੯੫.੩, ੩੨੩.੧

ਬਟਵਾਰੀ : (ਹਿੰ.) (बटवारा) ਸੰਗਿਆ ਇ.—ਪਹਿਰੇਦਾਰ, ਚੌਕੀਦਾਰ, ਸੜਕ ਦਾ ਮਹਿਸੂਲ ਉਗਰਾਹੁਣ ਵਾਲਾ, ਡਾਕੂ, ਧਾੜਵੀ। ੩੨੩.੧, ੫੨੪.੪

ਬਟਵਾਰੋ : ਵੇਖੋ ਬਟਵਾਰਾ। ੨੪੦.੩, ੫੮੨.੧

ਬਡਾਈ : (ਹਿੰ.) (बढाई) ਸੰਗਿਆ ਇ.—ਮਹਿਮਾ, ਵਡਿਆਈ, ਤਾਰੀਫ਼, ਪ੍ਰਸ਼ੰਸਾ, ਉਸਤਤਿ, ਵੱਡੇ ਹੋਣ ਦਾ ਭਾਵ, ਅਧਿਕਤਾ। ੭.ਛੰ.੨, ੧੩.੨, ੭੧.੪, ੩੦੭.੧, ੩੦੮.੨, ੩੭੨.੨, ੫੨੫.੩, ੫੫੫.੧, ੬੦੧.੨, ੬੬੨.੩

ਬਡਿਆਈ : ਵੇਖੋ ਬਡਾਈ । ਵਡਿਆਈ, ਮਹਿਮਾ । ੬੭੧.੧

ਬਡੋ : (ਹਿੰ.) (ਬੜਾ) ਵਿ.—ਵੱਡਾ, ਉਮਰ ਵਿਚ ਵੱਡਾ, ਸ਼ਿਰੋਮਣੀ, ਮੁਖੀਆ, ਬਹੁਤ, ਅਤਿ ਦੀਰਘ । ੩੭੬.੧, ੩੭੬.੨, ੬੬੦.੪

ਬਢ : (ਹਿੰ.) (ਬਢ਼) ਵਿ.—ਵੱਧ, ਵੱਧਦਾ, ਅਧਿਕ, ਵੱਧਣ ਦੀ ਕ੍ਰਿਆ । ੬੫੪.੪

ਬਢਤ : ਵੇਖੋ ਬਢ । ਵੱਧਦਾ ਹੈ, ਜ਼ਿਆਦਾ ਹੁੰਦਾ ਹੈ । ੨੪੧.੪

ਬਢਾਈ : (ਹਿੰ.) (ਬੜ੍ਹਾਵ) ਸੰਗਿਆ—ਵੱਧਣ ਦੀ ਕਿਰਿਆ, ਵੱਧਾ ਲਈ, ਜ਼ਿਆਦਾ ਕਰਨ ਲਈ । ੬੨੧.੪, ੬੩੧.੧

ਬਢਾਵਹੀ : ਵੇਖੋ ਬਢਾਵਈ । ਵੱਧਾ ਲੈਣਾ, ਜ਼ਿਆਦਾ ਕਰ ਲੈਣਾ । ੩੭੦.੨, ੫੬੬.੨

ਬਢਾਵੈ : ਵੇਖੋ ਬਢਾਈ । ਵੱਧਾਵੇ, ਜ਼ਿਆਦਾ ਕਰ ਲਵੇ । ੪੪੪.੩

ਬਢੈ : ਵੇਖੋ ਬਢਾਈ । ਵੱਧ ਜਾਵੇ, ਵੱਧੇ, ਜ਼ਿਆਦਾ ਹੋ ਜਾਵੇ । ੬੩੩.੨, ੬੫੩.੪

ਬਤਾਵਈ : (ਸੰ.) (ਬਤਾਨਾ) ਸ. ਕ੍ਰਿ.—ਬਤਾਉਣਾ, ਕਿਹਾ ਗਿਆ, ਵਰਣਨ ਕੀਤਾ ਗਿਆ, ਦਸਿਆ ਗਿਆ । ੧੬੪.੩, ੬੭੪.੨

ਬਤਾਵੈ : (ਹਿੰ.) (ਬਤਾਨਾ) ਸ, ਕ੍ਰਿ.—ਦਸਦਾ ਹੈ, ਕਹਿੰਦਾ ਹੈ, ਦੱਸੇ, ਕਹੇ । ੯੬.੩, ੫੨੪.੧, ੫੨੪.੩

ਬਤੀਤ : (ਹਿੰ.) (ਵ੍ਯਤੀਤ)—ਬੀਤਿਆ ਹੋਇਆ, ਗੁਜ਼ਰਿਆ, ਲੰਘ ਚੁੱਕਾ । ੪੯੮.੪

ਬਤੀਤੇ : ਵੇਖੋ ਬਤੀਤ । ਲੰਘ ਜਾਵੇ । ੪੪੦.੩

ਬੰਦਸਾਲ : (ਸੰ.) (ਬਨ੍ਦੀਸ਼ਾਲਾ)—ਬੰਦੀਖਾਨਾ, ਕਾਰਾਗਾਰ, ਕੈਦੀਆਂ ਦਾ ਰਹਿਣ ਸਥਾਨ, ਜੇਲ । ੪੦੩.੨

ਬੰਦਸਾਲਾ : (ਸੰ.) (ਬਨ੍ਦੀਸ਼ਾਲਾ) ਸੰਗਿਆ ਪੁ.—ਜੇਲ, ਕਾਰਗਾਰ, ਕੈਦੀਆਂ ਨੂੰ ਕੈਦ ਕਰਕੇ ਰੱਖਣ ਦੀ ਥਾਂ । ੫੭੭.੨, ੬੩੦.੨

ਬਦਨ : (ਸੰ.) (ਵਦਨਮ੍) ਸੰਗਿਆ—ਦੇਹ, ਸਰੀਰ, ਜਿਸਮ, ਤਨ । (ਹਿੰ.) ਵਦਨ, ਮੁਖ । ੨੦੪.੧, ੨੧੩.੨, ੨੬੮.੧, ੪੯੬.੨, ੫੧੪.੩, ੫੧੮.੧

ਬੰਦਨਾ : (ਸੰ.) (ਵਨ੍ਦਨਾ) ਸੰਗਿਆ—ਉਸਤਤਿ, ਤਾਰੀਫ਼, ਵੰਦਨਾ, ਪ੍ਰਣਾਮ, ਨਮਸਕਾਰ । ੩੯੯.੪

ਬਦਨੀ : (ਸੰ.) (ਵ੍ਦ੍) ਵਿ.—ਜਿਸਦਾ ਸਬੰਧ ਸਰੀਰ ਨਾਲ ਹੈ, ਜਿਸ ਦਾ ਸਬੰਧ ਮੁੱਖ਼ ਨਾਲ ਹੈ, ਮੁੱਖ ਤੇ ਹੋਣ ਵਾਲੀ ਗਲਬਾਤ, ਬੋਲੀ ਜਾਣ ਵਾਲੀ, ਕਹੀ ਜਾਣ ਵਾਲੀ । ੨੬੨.੧

ਬਦਲੇ : (ਅ) ਸੰਗਿਆ—ਹੇਰਫੇਰ, ਪਰਿਵਰਤਨ, ਪਲਟਾ, ਏਵਜ਼, ਵੱਟੇ ਦੀ ਥਾਂ ਤੇ । ੩੮੯.੧, ੩੮੯.੩

ਬੰਦੀਜਨ : (ਸੰ.) (बन्दीजन) ਸੰਗਿਆ—ਪੁ.—ਬੰਦੀ, ਬੰਦਨਾ ਕਰਨ ਵਾਲੇ, ਭੱਟ-ਚਾਰਣ, ਰਾਜ ਦਰਬਾਰ ਵਿਚ ਯਸ਼ ਗਾਉਣ ਵਾਲੇ ਕਵੀ, ਪ੍ਰਾਚੀਨ ਜਾਤੀ ਦੇ ਲੋਕ ਜੋ ਰਾਜਿਆਂ ਦੀ ਉਸਤਤ ਵਿਚ ਗਾਂਦੇ ਸਨ। ੧.ਛੰ.੨, ੫੮੫.੩

ਬਦੋ : ਮਿੱਥਣਾ, ਮੰਨਣਾ, ਸਵੀਕਾਰ ਕਰਨਾ। ੬੬੦.੧

ਬਧ : (ਸੰ.) (वध) ਸੰਗਿਆ ਪੁ.—ਹੱਤਿਆ, ਮਾਰ ਦੇਣਾ, ਕਤਲ ਕਰਨਾ, ਵੱਢਣਾ, ਜਾਨੋਂ ਮਾਰਨਾ, ਹੱਤਿਆ ਕਰਨਾ। ੫੨੦.੪

ਬੰਧ : (ਸੰ.) (बन्ध) ਸੰਗਿਆ ਪੁ.—ਬੰਧਨ, ਗੰਢ, ਜੰਜਾਲ, ਕੈਦ, ਯੋਗ ਸ਼ਾਸਤ੍ਰ ਦੀ ਵਿਸ਼ੇਸ਼ ਮੁਦਰਾ। ਕ੍ਰਿ.—ਜਿਸ ਨਾਲ ਕੋਈ ਵਸਤੂ ਬੰਨ੍ਹੀ ਜਾਵੇ, ਲਗਾਵ। ੨੭.੪, ੧੫੬.੨, ੧੬੨.੩, ੨੩੪.੪

ਬਧਕ : (ਸੰ.) (बधिक) ਸੰਗਿਆ ਪੁ.—ਵਧ ਕਰਨ ਵਾਲਾ, ਹੱਤਿਆ ਕਰਨ ਵਾਲਾ, ਹਤਿਆਰਾ, ਕਾਤਲ, ਖ਼ੂਨੀ। ੨੩੯.੩

ਬੰਧਨ : (ਸੰ.) (बन्धन) ਸੰਗਿਆ—ਬੰਨ੍ਹਣ ਦੀ ਕ੍ਰਿਆ, ਰੁਕਾਵਟ, ਰੋਕ, ਕੈਦ, ਗੰਢ ਆਦਿ। ੧੬.੨, ੧੫੪.੧, ੧੫੪.੩, ੩੮੫.੧, ੪੨੬.੩, ੫੨੦.੧

ਬੰਧਾਇਕੈ : ਵੇਖੋ ਬੰਧ। ਬੰਨ੍ਹਿਆ ਜਾਂਦਾ ਹੈ। ੪੨੬.੩

ਬਧਿ : ਵੇਖੋ ਬਧ। ਵਧਾ ਕੇ, ਬੰਨ੍ਹ ਕੇ, ਬਧ ਕਰਕੇ, ਕਤਲ ਕਰਕੇ। ੫੭੨.੩

ਬਧਿਕ : (ਸੰ.) (बधिक) ਸੰਗਿਆ ਪੁ.—ਕੈਦੀ, ਵੱਧ ਕਰਨ ਵਾਲਾ, ਹਤਿਆਰਾ। ਵੇਖੋ ਬਧਕ। ੨੪੨.੧, ੪੮੫.੨

ਬਧਿਕਹਿ : ਵੇਖੋ ਬਧਿਕ। ਸ਼ਿਕਾਰੀ। ੬੧੧.੨

ਬਧੂ : (ਸੰ.) (वधू) ਸੰਗਿਆ ਇ.—ਨਵਵਿਵਾਹਤਾ ਇਸਤਰੀ, ਦੁਲਹਨ, ਪਤਨੀ, ਪੁੱਤਰ ਦੀ ਵਹੁਟੀ, ਬਹੂ। ੪੧.੧, ੧੧੯.੧, ੧੬੪.੧, ੧੬੪.੩, ੨੦੯.੨, ੨੩੬.੪, ੨੩੭.੩, ੪੪੫.੧, ੫੨੧.੨, ੫੬੯.੧, ੫੭੨.੩

ਬਨ : (ਸੰ.) (वन) ਸੰਗਿਆ ਪੁ.—ਵਣ, ਜੰਗਲ, ਸਮੂਹ, ਜਲ, ਪਾਣੀ, ਬਾਗ, ਬਗੀਚਾ, ਕਪਾਹ ਦਾ ਪੌਦਾ (ਹਿੰ.)—ਸਜਾਵਟ, ਸੱਜਧੱਜ, ਭੇਸ, ਬਾਣਾ। ੧੦.੨, ੧੫.੨, ੨੦.੪, ੩੦.੧, ੯੦.੩, ੧੦੨.੨, ੧੦੩.੨, ੧੫੫.੧, ੧੬੪.੪, ੧੮੪.੨, ੧੯੭.੧, ੨੯੦.੨, ੩੨੨.੪, ੩੩੫.੧, ੩੬੬.੧, ੩੯੧.੩, ੪੦੨.੩, ੪੦੩.੧, ੪੧੬.੩. ੪੧੮.੧, ੪੬੦.੧, ੪੭੭.੨, ੫੦੨.੨, ੬੬੮.੧

ਬਨਆਈ : (ਬਨ+ਆਈ) ਵੇਖੋ ਬਨ। ੪੬੨.੧

ਬਨਆਯੋ : (ਬਣ+ਆਇਓ) ਵਿ.—ਬਣ ਆਉਂਦੀ ਹੈ, ਬਣ ਆਉਣਾ, ਰੂਪ ਧਾਰਨ ਕਰਨਾ, ਸੋਭਣਾ, ਫਬਣਾ । ੫੦੪.੪

ਬਨਖੰਡ : (ਸੰ.) (वनखंड) ਸੰਗਿਆ—ਵਨ ਅਸਥਾਨ, ਜੰਗਲ, ਵਣ । ੧੨੧.੪

ਬਨਫੀ : (ਹਿੰ.) (बनसी) ਸੰਗਿਆ ਇ.—ਮੱਛੀ ਫੜਨ ਦੀ ਕੁੰਡੀ । ੬੩੪.੩

ਬਨਜ : (ਹਿੰ.) (वणिज) ਸੰਗਿਆ ਪੁ.—ਵਣਜ, ਵਿਓਪਾਰ, ਕਮਲ, ਪਾਣੀ ਵਿਚ ਹੋਣ ਵਾਲੇ ਪਦਾਰਥ ਜਿਵੇਂ ਸੰਖ, ਕਮਲ ਆਦਿ । ੧੧੮.੨, ੨੩੪.੨, ੨੪੧.੩, ੩੭੦.੧, ੩੮੦.੨, ੩੯੨.੨, ੪੫੪.੨, ੪੫੫.੧, ੪੬੧.੨, ੪੭੯.੧, ੪੭੯.੨, ੫੮੪.੨, ੫੮੯.੩

ਬਨਤ : (ਹਿੰ.) (बनत) ਸੰਗਿਆ ਇ.—ਬਣਤ, ਬਨਾਵਟ, ਰਚਨਾ, ਮੇਲ, ਅਨਕੂਲਤਾ, ਕਢਾਈ ਦੀ ਵੇਲ । ੧੨੬.੪

ਬਨਬਾਸ : (ਬਨ+ਬਾਸ) ਵੇਖੋ ਬਨ ਤੇ ਬਾਸ । ਵਣਾਂ ਵਿਚ ਵਾਸਾ ਕਰਨਾ । ੩੦.੧

ਬਨਮਾਹੀ : (ਹਿੰ.)—ਵਣ ਵਿਚ, ਜੰਗਲ ਵਿਚ, ਵਣ ਵਿਚ ਘੁੰਮਣ ਵਾਲਾ, ਜੰਗਲ ਵਿਚ ਫਿਰਨ ਵਾਲਾ । ੨੨੩.੧

ਬਨਰਾਇ : (ਸੰ.) (वनराज) ਸੰਗਿਆ ਪੁ.—ਵਣ ਦਾ ਰਾਜਾ, ਵਰੁਣ ਦੇਵਤਾ, ਕਲਪ ਬਿਰਛ, ਬਨਾਸਪਤੀ । ੪੦੫.੧, ੫੧੦.੧

ਬਨਾਇ : (ਹਿੰ.) (बनाना) ਸੰਗਿਆ ਪੁ.—ਬਨਾਵ, ਬਨਾਵਟ, ਬਨਾਉਣ ਦਾ ਭਾਵ ਜਾਂ ਢੰਗ । ੫੨੬.੨, ੫੭੬.੧

ਬਨਾਇਬੋ : ਵੇਖੋ ਬਨਾਇ । ੫੯੩.੩

ਬਨਾਈ : (ਹਿੰ.) (बनाना) ਸ. ਕ੍ਰਿ.—ਬਨਾਵਟ, ਰਚਨਾ ਕਰਨਾ, ਭਲੀ ਭਾਂਤੀ, ਬਣਾਉਣ ਦੀ ਕ੍ਰਿਆ । ੧੧੦.੨, ੨੦੪.੨, ੨੧੩.੨

ਬਨਾਈਅਤਿ : ਵੇਖੋ ਬਨਾਇ । ਬਣਾਇਆ ਜਾਂਦਾ ਹੈ । ੩੮੧.੩

ਬਨਾਸਪਤਿ : (ਸੰ.) (वनस्पति) ਸੰਗਿਆ ਇ.—ਉਹ ਦਰਖ਼ਤ ਜਿਸ ਤੇ ਸਿਰਫ਼ ਫ਼ਲ ਹੋਣ, ਪੇੜ ਪੌਦੇ, ਵਣ, ਬਿਰਛ, ਰੁੱਖ ਆਦਿ । ੪੯.੪, ੩੦੮.੩

ਬਨਾਸਪਤੀ : ਵੇਖੋ ਬਨਾਸਪਤਿ । ੩੯.੨, ੪੦.੧, ੭੪.੨, ੯੩.੪, ੧੨੯.੩, ੧੩੩.੩, ੧੩੪.੨, ੨੨੫.੪, ੨੩੭.੨, ੨੭੭.੩, ੨੮੬.੩, ੩੦੬.੩, ੨੦੭.੧, ੩੯੪.੨, ੪੧੭.੩, ੪੬੫.੨, ੪੮੯.੧, ੫੧੯.੪, ੫੨੫.੩

ਬਨਾਵਈ : ਸੰਗਿਆ ਪੁ.—ਬਣਾਇਆ ਜਾਂਦਾ ਹੈ, ਬਣਾਉਂਦਾ ਹੈ, ਬਣਾ ਲੈਂਦਾ ਹੈ । ੩੨੩.੨

ਬਨਿ : (ਹਿੰ.) (बनि)—ਅੰਨ ਦੇ ਰੂਪ ਵਿਚ ਦੇਣ ਵਾਲੀ ਮਜ਼ਦੂਰੀ, ਵੇਖੋ ਬਨ । ੫੨੭.ਸ.੪, ੫੯੪.੪

ਬਨਿਆਵਈ : ਵੇਖੋ ਬਨਿ । (ਬਣ+ਆਵਈ) ਬਣ ਆਉਂਦੀ ਹੈ । ਬਨ । ੧੯੫.੪

ਬਨਿਆਵੈ : ਵੇਖੋ ਬਨਿ । (ਬਨਿ+ਆਵੈ) ਬਣ ਆਵੇਗਾ, ਬਨ । ੫੧੦.੧, ੫੧੧.੧, ੫੧੨.੧

ਬਨਿਤਾ : (ਸੰ.) (ਵਨਿਤਾ) ਸੰਗਿਆ ਇ.—ਇਸਤਰੀ, ਔਰਤ, ਪਤਨੀ । ੧੧੩.੩, ੨੦੪.੨, ੨੦੯.੨, ੨੧੩.੨, ੩੭੧.੧, ੪੪੩.੧, ੫੬੦.੧, ੫੬੩.੧

ਬਨੀ : (ਹਿੰ.) (ਬਨੀ) ਸੰਗਿਆ ਇ.—ਵਨਸਥਲੀ, ਵਣ ਦਾ ਕੋਈ ਭਾਗ, ਬਾਗ, ਇਸਤਰੀ, ਬਣੀ ਹੋਈ, ਰਚੀ ਹੋਈ । ੩੪੭.੪

ਬਨੇ : ਵੇਖੋ ਬਨੀ, । ਸੰਗਿਆ ਪੁ.—ਬਣੇ ਹੋਏ, ਬਨ । ੨੦੫.੧

ਬਨੌਟਾ : ਸੰਗਿਆ ਪੁ.—ਵਿਓਪਾਰ ਦੀ ਵਿਧੀ ਬਣਾਉਣ ਵਾਲਾ, ਸ਼ਾਹੂਕਾਰ ਦਾ ਗੁਮਾਸ਼ਤਾ । ੩੮੦.੨

ਬਪੁਹਾਰ : (ਸੰ.) (ਵਪੁਸ੍+ਹਾਰ) ਅ. ਕ੍ਰਿ.—ਸਰੀਰ ਹਾਰ ਦੇਣਾ, ਭਾਵ ਮਰ ਜਾਣਾ, ਸਿਥਲ ਹੋਣਾ, ਸਰੀਰ ਤਿਆਗਣਾ, ਦਿਲ ਛੱਡਣਾ । ੬੪੫.੩

ਬਬੂਰ : (ਹਿੰ.) (ਬਬੂਲ) ਸੰਗਿਆ ਪੁ.—ਕਿੱਕਰ ਨਾਮਕ ਦਰਖ਼ਤ, ਬਬੂਲ, ਇਕ ਕੰਢੇਦਾਰ ਦਰਖ਼ਤ । ੫੧੨.੨, ੫੩੨.੧

ਬਬੂਲ : ਵੇਖੋ ਬਬੂਰ । ਕਿੱਕਰ । ੬੩੪.੧

ਬਯਥਾ : (ਸੰ.) (ਵ੍ਯਥਾ) ਸੰਗਿਆ ਇ.—ਪੀੜ੍ਹਾ, ਕਲੇਸ਼, ਵੇਦਨਾ, ਦੁੱਖ । ੧੧੩.੧, ੪੦੩.੨

ਬਯਥਾਵੰਤੈ : (ਬਯਥਾ+ਵੰਤੈ)—ਜਿਸ ਨੂੰ ਕਿਸੇ ਪ੍ਰਕਾਰ ਦੀ ਪੀੜ੍ਹ ਜਾਂ ਦੁੱਖ ਹੋਵੇ । ੧੧੩.੧, ੧੧੪.੧

ਬਯਾਹਤ : (ਹਿੰ.) (ਵਿਵਾਹ)—ਵਿਆਹ, ਵਿਹਾਉਣ ਦੀ ਕ੍ਰਿਆ, ਵਿਆਉਂਦਾ ਹੈ । ੫੬੩.੧

ਬਯਾਹੁ : (ਸੰ.) (ਵਿਵਾਹ) ਸੰਗਿਆ ਪੁ.—ਵਿਆਹ, ਸ਼ਾਦੀ । ੫੬੨.੨

ਬਯਾਹੇ : (ਹਿੰ.) (ਵ੍ਯਾਹੇ) ਸ. ਕ੍ਰਿ.—ਵਿਆਹੇ, ਵਿਆਹ ਕਰਵਾਏ । ੧੧੮.੧, ੧੧੯.੧, ੫੮੪.੧

ਬਯਾਧ : (ਸੰ.) (ਵ੍ਯਾਧ) ਸੰਗਿਆ ਪੁ.—ਜੰਗਲੀ ਜਾਨਵਰਾਂ ਨੂੰ ਮਾਰ ਕੇ ਨਿਰਬਾਹ ਕਰਨ ਵਾਲਾ, ਸ਼ਿਕਾਰੀ, ਇਕ ਜਾਤੀ । ੨੯੮.੩

ਬਯਾਪਤ : (ਸੰ.) (ਵ੍ਯਾਪਤਿ) ਸੰਗਿਆ ਇ.—ਵਿਆਪਤ, ਮੌਤ, ਮ੍ਰਿਤੂ, ਮੱਥਾ, ਮਸਤਕ, ਨੌ ਨਿਧੀਆਂ ਵਿਚੋਂ ਇਕ । ੫੫੭.੩, ੬੪੪.੩

ਬਯਾਪਾਰੀ : (ਹਿੰ.) (ਵ੍ਯਪਰਿਨ੍) ਸੰਗਿਆ ਪੁ.—ਵਪਾਰ ਕਰਨ ਵਾਲਾ, ਰੋਜ਼ਗਾਰੀ । ਵਿ. ਵਿਓਪਾਰ ਸੰਬੰਧੀ । । ੫੮੯.੩

ਬਯਾਪੇ : ਵੇਖੋ ਵਿਆਪ । ਵਸੇ, ਸਮਾਵੇ, ਵਾਪਰੇ । ੧੦੪.੪

ਬਯਾਰ : (ਹਿੰ.) (ਬਯਾਰ) ਸੰਗਿਆ—ਹਵਾ, ਪਵਨ, ਤੂਫ਼ਾਨ ਆਦਿ । ੪੦੨.੧, ੪੦੩.੧

ਬਯਾਲ : (ਸੰ.) (ब्याल) ਸੰਗਿਆ ਪੁ.—ਸੱਪ, ਸ਼ੇਰ, ਰਾਜਾ, ਵਿਸ਼ਨੂੰ, ਛੰਦ ਦਾ ਇਕ ਭੇਦ, ਦੁਸ਼ਟ ਵਿਅਕਤੀ, ਸ਼ਿਕਾਰੀ। ੧੨੭.੧, ੧੬੭.੪ ੫੬੧.੪

ਬਯੋਹਾਰ : (ਸੰ.) (ब्यबहार) ਸੰਗਿਆ ਪੁ.—ਵਿਵਹਾਰ, ਕਾਰਜ, ਕੰਮ, ਵਰਤਾਓ, ਆਚਰਣ, ਵਿਓਪਾਰ, ਰੋਜ਼ਗਾਰ ਆਦਿ। ੧੧੮.੨, ੧੮੮.੧, ੩੮੦.੨, ੩੯੨.੨

ਬਯੋਹਾਰਹਿ : ਵੇਖੋ ਬਯੋਹਾਰ। ੩੭੦.੧

ਬਰ : (ਹਿੰ.) (बर) ਸੰਗਿਆ ਪੁ.—ਬਰਗਦ, ਰੇਖਾ, ਕਿਨਾਰਾ, ਲੜੂ, ਪੱਲਾ, ਜ਼ਿਦ ਕਰਨਾ, ਵਰ। ਵਿ.—ਉਤਮ, ਚੰਗਾ। (ਫ਼ਾ.)—ਉਪਰਾ। ੩੭੩.੨, ੫੬੮.੨, ੫੭੩.੧, ੬੪੦.੩, ੬੫੯.੪

ਬਰਸ : (ਹਿੰ.) (बरस) ਸੰਗਿਆ ਪੁ.—ਸਾਲ, ਵਰ੍ਹਾ, ਕੋਈ ਵੱਡਾ ਤਿਓਹਾਰ ਜੋ ਸਾਲ ਵਿਚ ਇਕ ਵਾਰ ਆਉਂਦਾ ਹੋਵੇ, ਵਰ੍ਹਨ ਦੀ ਕ੍ਰਿਆ। ੨੪੯.੩

ਬਰਸਤ : (ਸੰ.) (वर्षस्)—ਮੀਂਹ ਦਾ ਵਰ੍ਹਣਾ, ਵਰਸਦਾ ਹੈ। ੩੯੪.੨

ਬਰਸੇ : ਵੇਖੋ ਬਰਸਤ। ਮੀਂਹ ਦਾ ਵਰ੍ਹ ਚੁੱਕਣਾ। ੬੬੬.੨

ਬਰਹਨੇ : (ਫ਼ਾ.) ਵਿ.—ਨੰਗਾ, ਦਿਗੰਬਰ, ਇਹ ਸ਼ਬਦ ਵਿਸ਼ੇਸ਼ ਜਾਂ ਵਿਰਲੇ, ਦੇ ਭਾਵਾਂ ਅਧੀਨ ਪ੍ਰਯੋਗ ਕੀਤਾ ਗਿਆ ਹੈ। ੫੮੯.੨

ਬਰਖ : (ਸੰ.) (वर्ष) ਸੰਗਿਆ—ਵਰ੍ਹਾ, ਸਾਲ। (ਫ਼ਾ.) ਬਰਖ, ਹਿੱਸਾ, ਭਾਗ, ਤਾਲ, ਬਰਖਾ, ਮੀਂਹ, ਬਾਰਸ਼। ਵੇਖੋ ਬਰਸ। ੧੫੬.੩, ੧੫੯.੨, ੩੭੨.੧, ੪੩੬.੩, ੪੪੦.੩, ੪੫੧.੪ ੫੭੨.੨, ੬੫੪.੨

ਬਰਖਤ : (ਸੰ.) (वर्षंत)—ਮੀਂਹ ਵਰ੍ਹਨ ਦੀ ਕ੍ਰਿਆ। ੧੬੩.੨

ਬਰਖਾ : (ਸੰ.) (वर्षा) ਸੰਗਿਆ ਇ.—ਬਰਸਾਤ, ਮੀਂਹ। ੫੯.੪, ੭੪.੧, ੭੬.੪, ੧੨੮.੪, ੧੫੬.੩, ੧੬੩.੧, ੨੩੭.੧, ੨੪੮.੨, ੨੫੧.੩, ੩੧੧.੨, ੩੨੫.੩, ੪੪੬.੧, ੪੫੧.੪, ੪੭੨.੩, ੬੨੯.੧, ੬੩੫.੩

ਬਰਖੈ : ਵੇਖੋ ਬਰਖ। ਵਰ੍ਹਨ ਦੀ ਕ੍ਰਿਆ। ੬੨੯.੧

ਬਰਜ : (ਹਿੰ.) (वर्जना) ਸ. ਕ੍ਰਿ.—ਰੋਕਣਾ, ਮਨ੍ਹਾ ਕਰਨਾ, ਹਟਕਣਾ, ਵਰਜਿਤ ਕਰਨਾ। ੬੧.੧, ੭੮.੪, ੮੨.੩, ੯੨.੩, ੨੫੯.੧, ੨੮੧.੧, ੨੮੩.੩

ਬਰਜਨ : (ਹਿੰ.) (बरजनि) ਸੰਗਿਆ ਇ.—ਮਨਾਹੀ, ਰੁਕਾਵਟ, ਰੋਕ। ਵੇਖੋ ਬਰਜ। ੫੭੩.੩

ਬਰਜਿ : ਵੇਖੋ ਬਰਜ। ੬੨੨.੪

ਬਰਤਮਾਨ : (ਸੰ.) (वर्तमान)—ਚਲਦਾ ਹੋਇਆ, ਘੁੰਮਿਆ ਹੋਇਆ, ਚਾਲੂ, ਉਪਸਥਿਤ, ਵਿਦਯਮਾਨ, ਚਲਦਾ ਵਿਉਹਾਰ। ੪੫.੪, ੧੦੬.੧, ੧੯੦.੨

ਬਰਤੈ : ਅ. ਕ੍ਰਿ.—ਵਰਤਣ ਦੀ ਕ੍ਰਿਆ, ਵਰਤਣਾ, ਬਿਉਹਾਰ। ੧੦੯.੧, ੧੯੦.੨

ਬਰਦਾਈ : (ਸੰ.) (वरदान) ਵਿ.—ਵਰ ਦੇਣ ਵਾਲਾ, ਵਰ ਦਾਤਾ। ੧੨੬.੪

ਬਰਨ : (ਸੰ.) (वर्ण) ਸੰਗਿਆ ਪੁ.—ਰੰਗ, ਰੂਪ, ਸ਼ਕਲ, ਜਾਤੀ, ਭੇਦ, ਗੁਣ, ਯਸ਼, ਕੀਰਤੀ, ਉਸਤਤਿ, ਤਾਲ ਦਾ ਪ੍ਰਕਾਰ, ਕੇਸਰ ਆਦਿ। ੨੪.੪, ੩੨.੧, ੩੯.੧, ੩੯.੩, ੪੦.੧, ੪੯.੨, ੪੯.੩, ੭੪.੧, ੭੪.੩, ੯੩.੨, ੯੪.੧, ੧੨੨.੧, ੧੨੪.੩, ੧੩੩.੨, ੧੪੪.ਝ.ਛੰ.੨, ੧੪੭.੧, ੧੫੭.੪, ੧੬੧.੧, ੧੮੫.੧, ੧੯੮.੨, ੧੯੭.੩, ੨੨੫.੪, ੨੮੬.੨, ੩੦੭.੩, ੩੦੮.੧, ੩੩੦.੨, ੩੪੭.੩, ੩੬੪.੨, ੪੦੭.੪, ੪੮੯.੧, ੪੯੩.੪, ੫੦੧.੨, ੫੮੧.੩, ੫੯੬.੨, ੫੯੭.੨, ੬੧੧.੩

ਬਰੰਬ੍ਰਹ : (ਹਿੰ.) (वरम्हाना)—ਵਰ ਕਹਿਣਾ, ਵਰ ਦੇਣਾ, ਅਸ਼ੀਰਵਾਦ ਦੇਣਾ। ੪੬੮.੪

ਬਰੀਆ : (ਸੰ.) (वार) ਸੰਗਿਆ ਇ.—ਵਾਰੀ, ਵੇਲਾ, ਅਵਸਰ। ੬੫੩.੩

ਬਲ : (ਸੰ.) (बलम्) ਸੰਗਿਆ ਪੁ.—ਸ਼ਕਤੀ, ਸਮਰਥ, ਤਾਕਤ, ਆਸਰਾ, ਭਰੋਸਾ, ਸੈਨਾ, ਵਲ ਆਦਿ। ੧੩.੩, ੧੧੭.੨, ੧੪੧.੨, ੨੨੦.੨, ੩੫੯.੩, ੩੬੪.੧, ੪੦੩.੨, ੫੨੧.੧, ੫੨੭.ਸ.੨, ੫੫੮.੨, ੫੭੧.੨, ੬੦੭.੧, ੬੪੭.੧, ੬੬੦.੪

ਬਲਹਾਰੀ : (ਹਿੰ.) (बलिहारी) ਸੰਗਿਆ ਇ.—ਪ੍ਰੇਮ, ਭਗਤੀ, ਸ਼ਰਧਾ ਆਦਿ ਦੇ ਕਾਰਣ ਕਿਸੇ ਤੋਂ ਨਿਛਾਵਰ ਹੋਣ ਦਾ ਭਾਵ। ੩੯੩.੩

ਬਲਵੰਚ : (ਸੰ.) (बल + वञ्च) ਸੰਗਿਆ—ਤਾਕਤ ਨਾਲ ਠਗਣ ਦੀ ਕ੍ਰਿਆ, ਜ਼ਬਰਦਸਤ ਠੱਗੀ, ਜ਼ਬਰਦਸਤੀ ਲੁਟਣ ਵਾਲੇ। ੨੯੫.੩

ਬਲਵੰਤ : (ਸੰ.) (बलवंत्) ਵਿ.—ਬਲਵਾਨ, ਬਲੀ, ਤਾਕਤਵਰ। ੬੦੭.੧

ਬਲਿਹਾਰ : ਵੇਖੋ ਬਲਹਾਰੀ। ਕੁਰਬਾਨ, ਘੋਲ ਘੁਮਾਈ ਸਦਕੇ। ੨੬੯.੪, ੬੪੬.੪

ਬਲਿਹਾਰੀਐ : ਵੇਖੋ ਬਲਹਾਰੀ। ਬਲਿਹਾਰ ਜਾਈਏ, ਕੁਰਬਾਨ ਕਰ ਦੇਈਏ। ੬੫੦.੨

ਬਲਿਹਾਰੇ : ਵੇਖੋ ਬਲਹਾਰੀ। ਕੁਰਬਾਨ, ਸਦਕੇ, ਘੋਲ ਘੁਮਾਈ। ੬੬੩.੪

ਬਲੀ : (ਸੰ.) (वल्ली) ਵਿ.—ਵੇਲ, ਵਲਾਂ ਵਾਲੀ, ਵਲੀ ਹੋਈ, ਬਲਵਾਨ, ਤਾਕਤਵਰ, ਕਿਸੇ ਪੂਜਾ ਹਿਤ ਭੇਟ ਕਰਨਾ (ਮਾਰਨਾ), ਦੇਵ ਪੂਜਾ। ੪੯.੧, ੨੩੦.੨, ੩੦੮.੧, ੪੫੫.੩

ਬਲੋਇ : ਸ. ਕ੍ਰਿ.—ਰਿੜਕਣਾ, ਮੰਥਨ ਕਰਨਾ, ਮੰਥਨਾ ਆਦਿ। ੪੭੬.੨

ਬ੍ਰਹਸਪਤਿ : (ਸੰ.) (बृहस्पति) ਸੰਗਿਆ ਪੁ.—ਅੰਗਿਰਾ ਦਾ ਪੁੱਤਰ ਜੋ ਦੇਵਤਿਆਂ ਦਾ ਗੁਰੂ ਹੈ, ਵੀਰਵਾਰ, ਵਾਣੀਪਤਿ, ਭਾਸ਼ਾ ਦਾ ਮਾਹਿਰ, ਨਖੱਤਰ। ੪੮੪.੧

ਬ੍ਰਹਮ : (ਸੰ.) (ब्रह्मन्) ਸੰਗਿਆ—ਕਰਤਾਰ, ਜਗਤਨਾਥ, ਤਤਵ ਸਾਰ, ਬ੍ਰਾਹਮਣ, ਹਿੰਦੂ ਜਾਤੀ ਦਾ ਪਹਿਲਾ ਵਰਣ, ਬ੍ਰਹਮਾ ਆਦਿ। ੨.ਸੋ.੨, ੨.ਦੋ.੨, ੭.ਸੋ.੧, ੭.ਦੋ.੧, ੭.ਛੰ੧, ੧੬.੪, ੧੮.੪, ੨੧.੪, ੨੨.੧, ੨੫.੩, ੨੬.੧, ੨੯.੩, ੩੪.੧, ੩੫.੪, ੩੬.੧, ੩੭.੧, ੩੮.੧, ੫੦.੨, ੫੧.੧— ੫੧.੩, ੫੪.੧, ੫੫.੧, ੫੫.੩, ੫੫.੪, ੫੬.੪, ੬੨.੪, ੬੩.੪, ੮੧.੨, ੮੨.੧, ੯੮.੪, ੯੯.੧, ੧੦੬.੨, ੧੧੦.੪; ੧੨੪.੪, ੧੨੫.੧, ੧੨੬.੩, ੧੩੩.੧, ੧੩੩.੪, ੧੩੭.੧, ੧੩੮.੨, ੧੩੯.੪, ੧੪੧.੪, ੧੪੪.ਝ.ਛੰ.੧, ੧੪੫.ਝ.ਛੰ੪, ੧੪੭.੩, ੧੪੮.੪, ੧੪੯.੩, ੧੫੦.੨, ੧੫੧.੩, ੧੫੨.੧, ੧੫੨.੪, ੧੫੩.੪, ੧੫੯.੪, ੧੬੫.੪, ੧੭੧.੧, ੧੭੫.੧, ੧੮੯.੧, ੧੯੫.੩, ੨੧੫.੪, ੨੨੭.੨, ੨੪੪.੪, ੨੪੫.੩, ੨੫੧.੪, ੨੫੨.੪, ੨੫੪.੧, ੨੫੭.੨, ੨੬੦.੨, ੨੬੦.੪; ੨੬੨.੧, ੨੬੨.੨, ੨੭੦.੪, ੨੭੬.੧, ੨੭੬.੪, ੨੭੭.੧, ੨੮੦.੩, ੨੮੧.੪, ੩੦੧.੪, ੩੦੯.੨, ੩੨੭.੨, ੩੨੮.੪, ੩੪੧.੪; ੩੪੨.੪, ੩੪੩.੧, ੩੪੩.੨, ੩੪੩.੩, ੩੫੪.੪, ੩੭੮.੪, ੩੯੫.੪, ੩੯੬.੪, ੩੯੮.੪, ੪੧੮.੪, ੪੨੭.੩, ੪੩੦.੪, ੪੪੮.੪, ੪੫੧.੪, ੪੫੫.੪, ੪੫੭.੪, ੪੫੮.੧, ੪੫੮.੩, ੪੫੮.੪, ੪੬੨.੧, ੪੬੨.੨, ੪੬੨.੪, ੪੭੪.੪, ੪੮੬.੪, ੫੩੫.੪, ੫੪੩.੪, ੫੪੭.੩, ੫੮੬.੪, ੬੦੯.੪, ੬੧੮.੮

ਬ੍ਰਹਮਸਥਾਨ : (ਸੰ.) (ब्रह्मस्थान) ਸੰਗਿਆ ਪੁ.—ਬ੍ਰਹਮਾ ਦਾ ਸਥਾਨ। ੫੯.੧

ਬ੍ਰਹਮਗਯਾਨ : (ਸੰ.) (ब्रह्मज्ञान) ਸੰਗਿਆ—ਪਰਮਾਤਮਾ ਦਾ ਗਿਆਨ, ਪਰਮਾਤਮ-ਗਿਆਨ, ਆਤਮ ਗਿਆਨ। ੫੦.੧

ਬ੍ਰਹਮਗਯਾਨੀਐ : (ਸੰ.) (ब्रह्मज्ञानम्)—ਬ੍ਰਹਮ ਗਿਆਨ ਦੀ ਪ੍ਰਾਪਤੀ ਦੀ ਕ੍ਰਿਆ, ਬ੍ਰਹਮ ਦੇ ਜਾਨਣ ਵਾਲਾ। ੨੮੦.੪

ਬ੍ਰਹਮਚਰਜ : (ਸੰ.) (ब्रह्मचर्य) ਸੰਗਿਆ ਪੁ.—ਚਾਰ ਆਸ਼ਰਮਾਂ ਵਿਚ ਪ੍ਰਥਮ ਆਸ਼ਰਮ, ਉਮਰ ਭਰ ਅਵਿਵਹਾਤ, ਇਸਤਰੀ ਜਾਂ ਸੰਭੋਗ ਤੋਂ ਦੂਰ ਰਹਿ ਕੇ ਜੀਵਨ ਬਤੀਤ ਕਰਨਾ। ੨੧.੩

ਬ੍ਰਹਮਚਾਰੀ : (ਸੰ.) (ब्रह्मचारिन्) ਸੰਗਿਆ ਪੁ.—ਬ੍ਰਹਮਚਰਜ ਦਾ ਧਾਰਣੀ, ਬ੍ਰਹਮ ਦੇ ਧਿਆਨ ਵਿਚ ਵਿਚਰਣ ਵਾਲਾ। ੪੫੮.੩

ਬ੍ਰਹਮੰਡ : (ਸੰ.) (ब्रह्माण्ड) ਸੰਗਿਆ ਪੁ.—ਵਿਸ਼ਵ, ਸੰਸਾਰ, ਬ੍ਰਹਮ, ਆਂਡਾ, ਗੋਲਾਕਾਰ ਜਗਤ, ਵਿਸ਼ਵਲੋਕ। ੪੭.੩, ੫੩.੪, ੯੮.੧, ੨੦੪.੪, ੨੩੩.੩, ੨੮੦.੪, ੪੩੦.੨, ੪੭੨.੪, ੫੨੭.ਸ.੩, ੬੦੨.੩, ੬੪੯.੧

ਬ੍ਰਹਮਾਸਨ : (ਸੰ.) (ब्रह्मासन) ਸੰਗਿਆ ਪੁ.—ਉਹ ਆਸਨ ਜਿਸ ਵਿਚ ਬੈਠ ਕੇ ਬ੍ਰਹਮਾ ਦਾ ਧਿਆਨ ਕੀਤਾ ਜਾਂਦਾ ਹੈ, ਦੇਵ ਪੂਜ਼ਾ ਦਾ ਇਕ ਆਸਨ, ਪ੍ਰਭੂ ਸਿਮਰਨ ਵਿਚ ਸਮਾਧੀ ਸਥਿਤ ਰਹਿਣ ਦੀ ਅਵਸਥਾ । ੫.ਸੋ.੧, ੫.ਦੋ.੨, ੩੨.੩, ੧੧੨.੪

ਬ੍ਰਹਮਾਂਡ : ਵੇਖੋ ਬ੍ਰਹਮੰਡ । ਸਾਰਾ ਆਲਮ ਜਿਸ ਵਿਚ ਅਨੰਤ ਲੋਕ ਨਿਵਾਸ ਕਰਦੇ ਹਨ । ੩੫.੧, ੨੭੦.੧

ਬ੍ਰਹਮਾਦਿ : ਵੇਖੋ ਬ੍ਰਹਮ । ਬ੍ਰਹਮਾ ਆਦਿ, ਭਾਵ ਬ੍ਰਹਮਾ ਵਰਗੇ ਵੇਦ ਵਕਤਾ । ੨੧੬.੪, ੩੦੨.੩

ਬ੍ਰਹਮਾਦਿਕ : ਵੇਖੋ ਬ੍ਰਹਮ (ਬ੍ਰਹਮ + ਆਦਿਕ) ੨੧.੧, ੫੮.੨, ੧੮੦.੨, ੨੬੦.੪, ੩੪੧.੧, ੪੨੧.੩, ੬੪੭.੨

ਬ੍ਰਹਮੈ : ਵੇਖੋ ਬ੍ਰਹਮ । ਆਤਮ-ਤੱਤਵ, ਬ੍ਰਹਮ ਰੂਪੀ ਆਤਮਾ । ੧੬.੪

ਬ੍ਰਜਨਾਥ : (ਸੰ.) (ब्रजनाथ) ਸੰਗਿਆ ਪੁ.—ਬ੍ਰਜ ਦੇ ਨਿਵਾਸੀ, ਬ੍ਰਜ ਦੇ ਸੁਆਮੀ ਸੀ ਕ੍ਰਿਸ਼ਨ ਲਈ ਵਰਤਿਆ ਜਾਣ ਵਾਲਾ ਵਿਸ਼ੇਸ਼ਣ । ੫੫੫.੨

ਬ੍ਰਖਣ : ਵੇਖੋ ਬਰਖਾ ਵਰ੍ਹਨ ਦੀ ਕ੍ਰਿਆ । ੪੦੩.੧

ਬ੍ਰਤ : (ਸੰ.) (व्रत) ਸੰਗਿਆ ਪੁ.—ਉਪਵਾਸ, ਪੁੰਨ ਜਾਂ ਧਾਰਮਿਕ ਪ੍ਰਵਿਰਤੀ ਅਧੀਨ ਭੋਜਨ ਨਾ ਕਰਨਾ, ਸੰਕਲਪ, ਪ੍ਰਤਿਗਿਆ । ੩੪.੨, ੬੫.੧, ੧੦੫.੩, ੧੩੨.੨, ੧੭੩.੩, ੨੫੨.੩, ੩੦੪.੩, ੪੮੨.੨, ੪੮੫.੧, ੫੪੩.੩, ੬੬੭.੧

ਬ੍ਰਤਿ : ਵੇਖੋ ਬ੍ਰਤ । ੬੪.੧

ਬ੍ਰਥਾ : (ਸੰ.) (वृथा) ਵਿ.—ਵਿਅਰਥ, ਫਜ਼ੂਲ, ਬੇਫ਼ਾਇਦਾ, (ਸੰ.) (व्यथा) ਪੀੜ੍ਹਾ, ਵੇਦਨਾ, ਕਲੇਸ਼, ਦੁੱਖ, ਭੈ । ੩੫੬.੨, ੩੬੫.੨, ੫੦੨.੩, ੫੭੨.੨, ੫੭੫.੪, ੬੧੪.੪

ਬ੍ਰਿਕਸ਼ : (ਸੰ.) (वृक्ष) ਸੰਗਿਆ ਪੁ.—ਬਿਰਖ, ਰੁੱਖ, ਦਰਖ਼ਤ, ਰਾਸ਼ੀ, ਮੋਰ ਦੀ ਪੂਛ, ਇੰਦਰ, ਕਾਮਦੇਵ । ਵਿ.—ਬਲਵਾਨ । ੩੦੮.੧ ੩੯੧.੪

ਬ੍ਰਿਤਿ : (ਸੰ.) (वृत्ति) ਸੰਗਿਆ ਇ.—ਉਹ ਕੰਮ ਜਿਸ ਵਿਚ ਮਨੁੱਖ ਕੁਸ਼ਲ ਹੋਵੇ, ਆਪਣੇ ਕਸਬ ਵਿਚ ਨਿਪੁੰਨ ਹੋਣਾ, ਸ਼ਬਦ ਯੋਜਨਾ ਦਾ ਮਧੁਰ-ਗੁਣ, ਕਰਤੱਵ, ਸਵੈ-ਆਸ਼ਰਿਤ ਹੋਣਾ । ਵੇਖੋ ਵ੍ਰਿਤਿ । ੪੮੩.੩

ਬ੍ਰਿਥਾਵੰਤ : (ਸੰ.) (व्यथा + वन्त) ਵਿ.—ਪੀੜ੍ਹਾ ਦਾ ਧਾਰਨੀ, ਪੀੜ੍ਹਤ, ਰੋਗੀ । ੨੯੯.੩, ੩੬੪.੧, ੩੬੯.੨, ੩੭੮.੨, ੫੦੫.੧, ੫੮੭.੧, ੬੦੦.੩, ੬੬੮.੪

ਬਾਇ : (ਸੰ.) (वायु) ਸੰਗਿਆ—ਹਵਾ, ਪੌਣ, ਵਾਯੂ, ਵਾਤ, ਵਾਈ । ੨੨੪.੧

ਬਾਇਸ : (ਸੰ.) (बायस) ਸੰਗਿਆ ਪੁ.—ਕਾਂ, ਅਗੂ ਦਾ ਦਰਖ਼ਤ । ੨੬.੩, ੨੪੯.੨, ੪੪੫.੩, ੪੭੦.੩

ਬਾਂਏ : (ਸੰ.) (वाम) ਕ੍ਰਿ ਵਿ.—ਖੱਬੇ ਪਾਸੇ, ਖੱਬੇ । ੪੦੪.੨

ਬਾਸ : (ਸੰ.) (वास) ਸੰਗਿਆ—ਰਹਿਣ ਦੀ ਕ੍ਰਿਆ, ਨਿਵਾਸ, ਗੰਧ, ਬੂ, ਮਹਿਕ ਆਦਿ। ੨੭.੪, ੬੮.੪, ੭੫.੩, ੮੩.੨, ੮੩.੩, ੧੯੧.੪, ੨੪੮.੨, ੨੫੧.੪, ੨੫੯.੧, ੨੭੨.੪, ੨੭੪.੩, ੨੭੯.੨, ੩੫੯.੪, ੩੮੬.੧, ੪੦੨.੩, ੪੦੨.੪, ੪੦੯.੧, ੪੩੭.੩, ੪੪੫.੩, ੪੮੩.੧, ੫੩੩.੨, ੫੩੪.੨, ੫੩੫.੧, ੫੪੮.੪, ੫੮੯.੧, ੫੯੯.੧, ੬੦੯.੧, ੬੧੫.੧, ੬੧੫.੪, ੬੫੩.੧

ਬਾਂਸ : (ਹਿੰ.) (वंश) ਸੰਗਿਆ— ਬਾਂਸ, ਚਪੂ, ਰੀੜ੍ਹ ਦੀ ਹੱਡੀ। ਵੇਖੋ ਬਾਸ। ੨੭.੧, ੨੭.੪, ੧੩੨.੨, ੨੩੯.੩, ੨੪੦.੪, ੨੪੯.੩, ੨੯੮.੧, ੩੦੬.੩, ੩੦੭.੨, ੩੦੮.੧, ੩੦੮.੨, ੩੦੮.੩, ੪੬੫.੨, ੪੯੩.੪, ੫੦੭.੧, ੫੧੯.੧, ੬੩੮.੩, ੬੩੯.੧, ੬੬੨.੩

ਬਾਸਕ : (ਸੰ.) (वासुकि) ਸੰਗਿਆ—ਸੱਪਾਂ ਦਾ ਰਾਜਾ ਜੋ ਕਸ਼ਿਯਪ ਦਾ ਪੁੱਤਰ ਸੀ, ਭਿਅੰਕਰ ਨਾਗ। ੭੫.੨

ਬਾਸਤ : ਵੇਖੋ ਬਾਸ। ਸੁਗੰਧ ਵਾਲਾ, ਵਸਣ ਦੀ ਕ੍ਰਿਆ। ੩੪੬.੩, ੫੦੭.੩, ੫੦੭.੪

ਬਾਸਨ : (ਹਿੰ.) (वासन) ਸੰਗਿਆ ਪੁ.—ਬਰਤਨ, ਭਾਂਡਾ, ਵਸਣ ਜਾਂ ਰਹਿਣ ਦੀ ਕ੍ਰਿਆ। ੪੧੯.੩

ਬਾਸਨਾ : (ਸੰ.) (वासना) ਸੰਗਿਆ ਇ.—ਇੱਛਾ, ਚਾਹ, ਗੰਧ, ਮਹਿਕ, ਸੁਗੰਧ, ਖ਼ੁਸ਼ਬੋ। ੧੭.੩, ੧੮.੩, ੧੯.੨, ੩੭.੩, ੩੮.੨, ੪੯.੨, ੮੦.੨, ੮੫.੪, ੯੪.੩, ੧੧੨.੩, ੧੩੧.੨, ੧੩੩.੩, ੧੩੪.੧, ੨੨੪.੧, ੨੨੫.੪, ੨੮੫.੨, ੩੦੭.੨, ੩੧੯.੨, ੩੩੦.੩, ੩੩੬.੧, ੫੦੭.੧, ੫੩੩.੨, ੫੮੬.੧, ੬੨੫.੨, ੬੩੯.੧

ਬਾਸਰ : (ਹਿੰ.) ਸੰਗਿਆ ਪੁ.—ਦਿਨ, ਸਵੇਰਾ, ਅੰਮ੍ਰਿਤ ਵੇਲਾ, ਸਵੇਰ ਵੇਲੇ ਗਾਇਆ ਜਾਣ ਵਾਲਾ ਰਾਗ। ੪੨੩.੩

ਬਾਸੀ : (ਹਿੰ.) (बासी) ਵਿ.—ਬੇਹਾ, ਜੋ ਸੱਜਰਾ ਨਹੀਂ, ਦੇਰ ਦਾ ਪਿਆ ਹੋਇਆ ਭੋਜਨ, ਕੁਮਲਾਇਆ, ਸੁੱਕਿਆ, ਵਾਸੀ, ਵਸਣ ਵਾਲਾ। ੧੬੮.੧, ੪੦੭.੨

ਬਾਸੀਏ : ਵੇਖੋ ਬਾਸ। ਵਾਸੀਐ। ੩੦੬.੩

ਬਾਸੀਐ : ਵੇਖੋ ਬਾਸ। ੬੩੮.੩

ਬਾਸੁ : ਵੇਖੋ ਬਾਸ। ੧੯੯.੨, ੨੯੦.੨, ੩੩੬.੧

ਬਾਸੁਰ : ਵੇਖੋ ਬਾਸਰ। ੬੩੫.੨

ਬਾਸੈ : ਵੇਖੋ ਬਾਸ। ਵਸਦਾ ਹੈ। ੮੩.੩, ੮੪.੨

ਬਾਹਰ : (ਹਿੰ.) (वाहर) ਕ੍ਰਿ. ਵਿ.— ਨਿਸ਼ਚਿਤ ਸੀਮਾ ਤੋਂ ਹਟਾਉਣਾ, ਅੰਦਰ ਦਾ ਉਲਟ, ਬਿਨਾ, ਬਗੈਰ, ਸਿਵਾਏ। ੩੧੦.੧, ੪੪੭.੩, ੫੪੪.੨

ਬਾਹਰਿ : ਵੇਖੋ ਬਾਹਰ। ੫੪੪.੧

ਬਾਂਕੋ : (ਹਿੰ.) (बाँका)—ਸੁੰਦਰ, ਖ਼ੂਬਸੂਰਤ, ਜਵਾਨ, ਸੋਹਣਾ । ੩੯੦.੧

ਬਾਘ : (ਸੰ.) (व्याघ्र) ਸੰਗਿਆ—ਸ਼ੇਰ, ਬਾਘ, ਨਾਹਰ, ਬਘੇਲ । ੨੪੦.੧

ਬਾਘੁ : ਵੇਖੋ ਬਾਘ । ੬੩੦.੨

ਬਾਚੀਅਤ : ਕ੍ਰਿ.—ਬਚਦੀ, ਬਚਣ ਦੀ ਕ੍ਰਿਆ । ੪੭੮.੩

ਬਾਛਤ : ਵੇਖੋ ਬਾਛਤ । ੪੨੧.੩

ਬਾਂਛਤ : (ਸੰ.)(वांछित) ਵਿ.—ਇੱਛਤ, ਅਭਿਲਾਸ਼ਤ, ਜਿਸ ਦੀ ਚਾਹਨਾ ਹੋਵੇ, ਲੋੜੀਂਦਾ । ੩੯੬.੨, ੬੫੮.੩

ਬਾਛਿਤ : ਵੇਖੋ ਬਾਛਤ । ਚਾਹੁੰਦੇ, ਲੋਚਦੇ । ੧੭੯.੧, ੧੯੩.੧, ੩੯੬.੨;

ਬਾਛੇ : ਵੇਖੋ ਬਾਛਤ । ਇੱਛਾ ਕਰਦੇ । ੪੦੯.੧, ੫੯੩.੪

ਬਾਛੈ : ਵੇਖੋ ਬਾਛਤ । ਇੱਛਾ ਕਰਦੇ । ੩੦੯.੪

ਬਾਜ : (ਸੰ.) (वाद्य) ਸੰਗਿਆ—ਵਾਦਯ, ਵਾਜਾ, ਵਜਾਇਆ ਜਾਣ ਵਾਲਾ ਸਾਜ਼ (ਫ਼ਾ.)—ਬਾਜ, ਇਕ ਸ਼ਿਕਾਰੀ ਪੰਛੀ, ਰਹਿਤ, ਵਾਂਛਿਤ, ਬਿਨਾਂ ਆਦਿ । ੨੪੬.੪, ੩੭੧.੩

ਬਾਜਤ : ਕ੍ਰਿ.—ਵੇਖੋ ਬਾਜ । ੨੯.੩, ੨੪੭.੪, ੨੬੮.੨, ੩੮੨.੨, ੪੧੧.੧, ੬੧੯.੩

ਬਾਜਿ : ਵੇਖੋ ਬਾਜ । ੩੧੩.੨, ੫੬੩.੩

ਬਾਜੁ : ਵੇਖੋ ਬਾਜ । ੫੬੩.੩

ਬਾਜੇ : ਵੇਖੋ ਬਾਜ । ੩੦੮.੩, ੬੨੪.੩

ਬਾਜੈ : ਵੇਖੋ ਬਾਜ । ੫੮੦.੨

ਬਾਂਝ : (ਸੰ.) (बांझ) ਸੰਗਿਆ—ਉਹ ਇਸਤਰੀ ਜਾਂ ਮਾਦਾ ਪਸ਼ੂ ਜਿਸਦੇ ਸੰਤਾਨ ਹੋਣ ਦੀ ਸੰਭਾਵਨਾ ਨਾ ਹੋਵੇ । ੧੯੧.੩, ੨੩੬.੪, ੨੩੭.੩, ੨੯੯.੨, ੩੩੫.੧, ੪੪੩.੧, ੪੪੫.੧, ੫੧੩.੩, ੫੧੯.੧

ਬਾਟ : (ਸੰ.) (वाट:) ਸੰਗਿਆ ਇ.—ਰਾਹ, ਰਸਤਾ, ਮਾਰਗ, ਭਾਗ, ਵੰਡ ਆਦਿ । ੪੮੬.੨

ਬਾਂਟ : (ਹਿੰ.) (बाँट) ਸੰਗਿਆ ਇ.—ਭਾਗ, ਹਿੱਸਾ, ਵੰਡ, ਤਕਸੀਮ, ੪੮੪.੧, ੫੩੦.੨

ਬਾਟਮਾਰ : (ਸੰ.) (वाट+मार) ਸੰਗਿਆ ਪੁ.—ਰਾਹ ਵਿਚ, ਮਾਰਗ ਤੇ, ਵਾਟ ਉਤੇ । ੫੨੪.੨

ਬਾਂਟਮਾਰ : (ਸੰ.) (बटमार) ਸੰਗਿਆ ਪੁ.—ਰਾਹ ਵਿਚ ਖੋਹ ਕਰਨ ਵਾਲਾ, ਰਾਹਜ਼ਨ, ਡਾਕੂ, ਲੁਟੇਰਾ । ੫੨੪.੨

ਬਾਢ : ਸੰਗਿਆ ਇ.—ਵਧਣ ਦੀ ਕ੍ਰਿਆ ਜਾਂ ਭਾਵ ਵਧਣਾ, ਵੱਢੇ, ਵੱਢਣ ਦੀ ਕ੍ਰਿਆ । ੩੩੧.੩

ਬਾਣ : (ਸੰ.) (बाण) ਸੰਗਿਆ—ਤੀਰ, ਕਾਨੀ, ਲੋਹੇ ਦੇ ਫਲ ਤੇ ਲਗਿਆ ਹੋਇਆ ਪਤਲਾ ਸਿੱਧਾ ਲਕੜੀ ਦਾ ਟੁਕੱੜਾ ਜਿਸ ਨੂੰ ਧਨੁਸ਼ ਤੇ ਚੜਾ ਕੇ ਮਾਰਿਆ ਜਾਂਦਾ। (ਸੰ.) (वर्ण) ਸੰਗਿਆ—ਗੁਣ, ਭੇਦ, ਆਦਤ, ਸੁਭਾ, ਰੰਗ, ਰੂਪ। ੨੯੪.੩, ੩੬੫.੧

ਬਾਣੀ : (ਸੰ.) (वाणी) ਸੰਗਿਆ ਇ.—ਸ਼ਬਦ, ਵਾਕ ਸ਼ਕਤੀ, ਨਾਦ, ਧੁਨੀ, ਸੁਰ, ਸਰਸਵਤੀ ਦੇਵੀ। ੯੧.੩, ੨੫੯.੪, ੬੩੦.੪

ਬਾਤ : (ਸੰ.) (वार्ता) ਇ.—ਗੱਲਬਾਤ, ਬਾਤਚੀਤ, ਵਾਰਤਾਲਾਪ। ੨੬੪.੩, ੩੦੫.੨, ੪੩੩.੧, ੪੪੧.੩, ੪੪੪.੧, ੫੦੬.੨, ੫੭੫.੪

ਬਾਤਨ : ਵੇਖੋ ਬਾਤ। ਬਾਤਾਂ ਨਾਲ, ਗੱਲਾਂ ਨਾਲ, ਵਾਰਤਾਲਾਪ ਕਰਕੇ, ਬਾਤ ਦਾ ਬਹੁ ਵਚਨ। ੪੩੯.੧

ਬਾਤੀ : (ਹਿੰ.) (बाती) ਸੰਗਿਆ ਇ.—ਰੂੰ ਦੀ ਵੱਟ ਕੇ ਬਣਾਈ ਬੱਤੀ, ਦੀਵੇ ਦੀ ਬੱਤੀ। ੫੬੧.੨

ਬਾਤੇ : ਵੇਖੋ ਬਾਤ। ਬਾਤ ਦਾ ਬਹੁ ਵਚਨ, ਗੱਲਾਂ ਬਾਤਾਂ। ੫੨੬.੨

ਬ੍ਹਾਤੇ : ਵੇਖੋ ਬਾਤ, ਬਾਂਤੇ, ਬਾਤਾਂ, ਗੱਲਾਂ। ੬੫.੧

ਬਾਦ : (ਸੰ.) (वाद:) ਸੰਗਿਆ ਪੁ.—ਤਰਕ, ਬਹਿਸ, ਵਿਵਾਦ, ਝਗੜਾ, ਸ਼ਰਤ, ਬਾਜ਼ੀ। (ਹਿੰ.)— ਵਿਅਰਥ, ਬਿਨਾਂ, ਬੇਮਤਲਬ।੨.ਛੰ.੨, ੧੦.੩, ੧੧.੩, ੧੨.੨, ੧੧੨.੩, ੧੩੧.੨, ੧੪੩.੧, ੧੭੨.੩, ੧੭੫.੨, ੧੮੫.੨, ੧੮੮.੩, ੧੯੮.੨, ੧੯੯.੩, ੨੫੪.੩, ੨੬੫.੩, ੨੭੨.੩, ੨੯੨.੨, ੩੦੪.੨, ੩੪੧.੨, ੩੪੨.੪, ੩੯੧.੧, ੪੨੪.੩, ੪੩੧.੨, ੪੪੯.੨, ੪੭੪.੨, ੪੮੨.੩, ੫੦੦.੩, ੫੧੧.੩, ੫੨੧.੧, ੫੭੪.੨, ੫੭੯.੩, ੬੦੦.੨, ੬੨੪.੪

ਬਾਦਰ : (ਸੰ.) (बादल) ਸੰਗਿਆਂ ਪੁ.—ਬੱਦਲ, ਮੇਘ। ਵਿ.—ਪ੍ਰਸੰਨ, ਖੁਸ਼। ੩੨੫.੧, ੫੪੯.੧

ਬਾਦਿ : ਵੇਖੋ ਬਾਦ। ੫੨.੪, ੨੬੨.੧

ਬਾਂਧ : (ਸੰ.) (बन्ध्) ਸੰਗਿਆ ਪੁ.—ਬੰਧ, ਰੋਕ, ਬੰਨ੍ਹ, ਵੱਟ, ਡੋਲ। ੩੧੮.੨, ੪੯੫.੩

ਬਾਂਧਜੋ : (ਸੰ.) (बान्धव) ਸੰਗਿਆ—ਰਿਸ਼ਤੇਦਾਰ, ਨਾਤੇਦਾਰ, ਸਬੰਧੀ। ੬੩੦.੨

ਬਾਂਧਵ : (ਸੰ.) (बाँधव) ਸੰਗਿਆ ਪੁ.—ਭਾਈ, ਬੰਧੂ, ਨਾਤੇਦਾਰ, ਮਿੱਤਰ, ਦੋਸਤ, ਰਿਸ਼ਤੇਦਾਰ। ੧੦੦.੧

ਬਾਂਧਿ : ਵੇਖੋ ਬਾਂਧ। ਬੰਨ੍ਹਕੇ, ਰੋਕ ਕੇ। ੫੬੨.੪

ਬਾਂਧੇ : ਵੇਖੋ ਬਾਂਧ। ਬੱਧੇ ਹੋਏ, ਰੋਕੇ ਹੋਏ। ੨੨੪.੨, ੩੭੩.੨

ਬਾਧੈ : (ਹਿੰ.) ਅ. ਕਿ.—ਵਧੇ, ਵਧਣ ਦੀ ਕ੍ਰਿਆ । ੨੭੩.੧

ਬਾਨ : (ਹਿੰ.)(ਬਾਣ) ਸੰਗਿਆ ਪੁ.—ਬਾਣ, ਤੀਰ, ਪਾਣੀ ਦੀ ਉੱਚੀ ਲਹਿਰ, ਆਤਸ਼ਬਾਜ਼ੀ, ਆਦਤ, ਅਭਿਆਸ, ਸੱਜਧੱਜ, ਬਨਾਵ, ਸ਼ਿੰਗਾਰ, ਬੰਧਨ, ਬਾਨਣੂੰ । ੧੪੨.੨, ੫੭੪.੨, ੬੧੦.੧, ੬੧੦.੨, ੬੧੧.੨, ੬੩੦.੧

ਬਾਨਕ : (ਹਿੰ.) (ਬਾਨਕ) ਸੰਗਿਆ ਇ.—ਵੇਸ਼, ਭੇਖ, ਸੱਜਧੱਜ, ਰੇਸ਼ਮ ਦਾ ਇਕ ਪ੍ਰਕਾਰ, ਪ੍ਰਸਥਿਤੀ, ਸੰਜੋਗ । ੨੦੫.੧, ੨੦੯.੨

ਬਾਨੀ : (ਸੰ.) (ਵਾਣੀ) ਸੰਗਿਆ ਇ.—ਮੁੱਖ ਤੋਂ ਨਿਕਲਣ ਵਾਲੇ ਸਾਰਥਿਕ ਸ਼ਬਦ, ਮੰਨਤ, ਸਰਸਵਤੀ, ਮਹਾਂਪੁਰਖਾਂ ਦਾ ਉਪਦੇਸ਼, ਰੰਗ, ਵਰਣ, ਸੰਸਥਾਪਕ, ਨੀਂਹ ਰੱਖਣ ਵਾਲਾ, ਆਰੰਭ ਕਰਨ ਵਾਲਾ । ੧੩੨.੨, ੩੬੦.੨, ੫੭੦.੪

ਬਾਮ : (ਸੰ.) (ਭਾਮ) ਇ.—ਭਾਮਿਨੀ, ਇਸਤਰੀ, ਕਰੋਧ ਕਰਨ ਵਾਲੀ ਸੁੰਦਰ ਇਸਤ੍ਰੀ । ੧੨੦.੧

ਬਾਯਸ : ਵੇਖੋ ਬਾਇਸ । ੫੭੧.੧

ਬਾਰ : (ਸੰ.) (ਵਾਰ) ਸੰਗਿਆ—ਦਵਾਰ, ਦਰਵਾਜ਼ਾ, ਬੂਹਾ, ਜੰਗਲ, ਬਨ, ਆਸਰਾ, ਸਥਾਨ, ਠਿਕਾਣਾ, ਕਾਲ, ਸਮਾਂ, ਵਿਲੰਬ, ਦੇਰ, ਬਾਰ-ਬਾਰ (ਫ਼ਾ.) ਪ੍ਰਸੰਗ, ਵਿਸ਼ਾ ਆਦਿ । ੧੧੧.੨, ੨੨੧.੩, ੨੭੩.੪, ੪੩੦.੨, ੪੯੧.੨, ੫੧੦.੨, ੫੩੨.੧, ੫੮੨.੨, ੫੯੨.੩, ੬੭੩.੧, ੬੭੩.੪

ਬਾਰਜ : (ਸੰ.) (ਵਾਰਿਜ) ਵਿ.—ਵਾਰਿ ਤੋਂ ਪੈਦਾ ਹੋਇਆ । ਸੰਗਿਆ —ਕਮਲ, ਮੱਛੀ, ਬਿਰਛ । ੪੦੨.੨

ਬਾਰਨੀ : (ਸੰ.) (ਵਾਰਣੀ) ਵਿ.—ਨਿਸ਼ੇਧ ਪੂਰਵਕ ਵਸਤੂ, ਰੁਕਾਵਟ, ਰੋਕ । ੧੫੫.੪

ਬਾਰੰਬਾਰ : (ਹਿੰ.) (ਬਾਰੰਬਰ) ਕ੍ਰਿ. ਵਿ.—ਫਿਰ ਫਿਰ, ਪੁਨਹ ਪੁਨਹ, ਮੁੜ ਮੁੜ. ਦੁਬਾਰਾ-ਦੁਬਾਰਾ ੪੪.੨, ੧੧੧.੨, ੨੬੯.੪, ੬੧੪.੨

ਬਾਰੀ : (ਹਿੰ.) (ਬਾਰੀ) ਸੰਗਿਆ ਇ.—ਤਾਕੀ, ਛੋਟਾ ਦਰਵਾਜ਼ਾ, ਹਾਸ਼ੀਆ, ਖਿੜਕੀ, ਕ੍ਰਮ, ਵਾਰੀ, ਵਾਰ । (ਅ)—ਕਰਤਾਰ, ਪਾਰਬ੍ਰਹਮ ਆਦਿ । ੨੧੨.੪, ੨੧੯.੧, ੩੪੫.੧, ੩੪੭.੨, ੬੫੪.੪, ੬੫੮.੩, ੬੬੦.੨

ਬਾਰੁਨੀ : (ਸੰ.) (ਵਾਰੁਣੀ) ਵਿ.—ਮਦਿਰਾ, ਸ਼ਰਾਬ, ਵਰੁਣ ਦੇਵਤਾ ਦੀ, ਨਸ਼ੇਦਾਰ ਤਰਲ ਪਦਾਰਥ । ੮੮.੧, ੩੯੧.੨

ਬਾਰੇ : (ਹਿੰ.) (ਵਾਰੇ) ਸੰਗਿਆ—ਬਲਿਹਾਰੇ, ਜੰਗਲ ਵਿਚ । ਕ੍ਰਿ.—ਬਾਲੇ ਸਾੜੇ । (ਫ਼ਾ.)—ਇਕ ਵਾਰ, ਅੰਤ ਨੂੰ । ੫੭੯.੧

ਬਾਲ : (ਸੰ.) (बाल) ਸੰਗਿਆ ਪੁ.—ਬਾਲਕ, ਬੱਚਾ, ਨਾਸਮਝ, ਅਣਜਾਣ, ਸੁਗੰਧਿਤ ਤਰਲ, ਕੇਸ਼, ਵਾਲ ਆਦਿ। ੨੪੧.੨, ੨੬੨.੪, ੩੫੩.੩, ੩੯੩.੧, ੪੦੯.੩, ੫੩੧.੨, ੫੭੯.੨, ੬੦੪.੨

ਬਾਲਕ : (ਸੰ.) (बालक) ਸੰਗਿਆ ਪੁ.—ਬੱਚਾ, ਬਾਲਕ, ਲੜਕਾ, ਪੁੱਤਰ, ਅਬੋਧ ਵਿਅਕਤੀ, ਅਣਜਾਣ ਆਦਿ। ੧੫੯.੧, ੧੭੨.੩, ੧੮੦.੧, ੩੪੯.੩, ੩੬੯.੧, ੩੯੩.੧, ੪੦੫.੩, ੪੦੬.੧, ੪੦੬.੩, ੪੪੮.੪, ੫੭੯.੨, ੫੯੯.੨, ੬੦੪.੨

ਬਾਲਕਹਿ : ਵੇਖੋ ਬਾਲਕ। ਬੱਚੇ ਨੂੰ, ਬਾਲਕ ਨੂੰ। ੩੫੭.੧

ਬਾਲਕਨ : ਵੇਖੋ ਬਾਲਕ। ਬਾਲਕਾਂ ਤੋਂ, ਬੱਚਿਆਂ ਤੋਂ, ਬਾਲਕ ਦਾ ਬਹੁਵਚਨ। ੪੭੮.੩

ਬਾਲਬੁਧਿ : (ਸੰ.) (बाल+बुद्धि) ਸੰਗਿਆ ਇ.—ਬੱਚਿਆਂ ਵਾਲੀ ਬੁੱਧੀ, ਅਲਪ ਬੁੱਧੀ। ੧੦੭.੧

ਬਾਲਾ : (ਸੰ.) (बाला) ਸੰਗਿਆ ਇ.—ਜੁਆਨੀ ਵਿਚ ਪ੍ਰਵੇਸ਼ ਕਰਨ ਵਾਲੀ ਇਸਤਰੀ, ਪੁੱਤਰੀ, ਕੰਨਿਆ, ਦਸ ਮਹਾਂਵਿਦਿਆਵਾਂ ਵਿਚੋਂ ਇਕ। ੬੩੭.੧

ਬਾਲਿਕ : ਵੇਖੋ ਬਾਲਕ। ੫੩੧.੨

ਬਾਵਨ : (ਸੰ.) (वामन)—ਬਾਵਨ, ਚੰਦਨ ਦਾ ਬੂਟਾ, ਵਿ.—ਪੰਜਾਹ ਅਤੇ ਦੋ ਬਵੰਜਾ, ਬੌਣਾ, ਛੋਟੇ ਕੱਦ ਦਾ, ਵਿਸ਼ਨੂੰ ਦਾ ਅਵਤਾਰ। ੨੨੩.੩, ੨੯੯.੧, ੩੬੧.੩, ੪੧੭.੩, ੫੩੪.੨, ੬੦੮.੨

ਬਾਵਰੀ : (ਸੰ.) (बावरी) ਵਿ.—ਪਗਲੀ, ਦੀਵਾਨੀ, ਸਿਰੜੀ, ਝੱਲੀ। ੨੨੦.੧

ਬਾਵਰੋ : ਵੇਖੋ ਬਾਵਰੋ। ਪਾਗਲ, ਝੱਲਾ, ਦੀਵਾਨਾ। ੫੧੦.੩, ੫੧੧.੪, ੫੫੫.੨, ੬੭੧.੨

ਬਾਂਵਰੋ : (ਸੰ.) (बांवरा) ਵਿ.—ਪਾਗਲ, ਦੀਵਾਨਾ, ਸਿਰੜੀ। ੧੯੧.੪, ੨੬੪.੨, ੬੭੧.੨

ਬਿਉਹਾਰ : (ਸੰ.) (व्यवहार) ਸੰਗਿਆ ਪੁ.—ਵਿਵਹਾਰ, ਕਾਰਜ, ਕੰਮ ਸਾਥ ਬੈਠਣਾ, ਮੇਲ ਜੋਲ। ੨੪੧.੩, ੪੫੫.੧

ਬਿਉਹਾਰੀ : (ਸੰ.) (व्यापारिन्) ਵਿ.—ਵਿਵਹਾਰੀ, ਕਾਰਜ, ਕਰਤਾ। ੬੭੫.੪

ਬਿਓਗ : (ਸੰ.) (वियोग) ਸੰਗਿਆ—ਵਿਯੋਗ, ਜੁਦਾਈ, ਵਿਛੋੜਾ। ੨੩.੨, ੨੦੭.੧, ੨੧੦.੧— ੨੧੦.੪

ਬਿਆਜ : (ਹਿੰ.) (व्याज) ਸੰਗਿਆ ਪੁ.—ਵਿਆਜ, ਸੂਦ। ੨੪੧.੪, ੬੩੩.੨

ਬਿਆਧਿ : (ਸੰ.) (व्याधि:) ਇ.—ਬੀਮਾਰੀ, ਰੋਗ, ਵਿਪਤਿ, ਆਫ਼ਤ, ਝੰਜਟ, ਪੀੜ੍ਹਾ, ਦੁੱਖ ਆਦਿ। ੭੮.੧, ੨੩੩.੪

ਬਿਆਪ : (ਸੰ.) (व्यापन)—ਵਿਆਪਣਾ, ਪ੍ਰਭਾਵਿਤ ਕਰਨਾ, ਫੈਲਣਾ। ੯੨.੨

ਬਿਆਪੈ : ਵੇਖੋ ਬਯਾਪੇ। ਅ. ਕ੍ਰਿ.—ਬਿਆਪਣਾ, ਵਿਆਪਤ ਹੋਣਾ, ਵਿਆਪੇ, ਸਭ ਪਾਸੇ ਫੈਲਣਾ, ਪਸਰਨਾ। ੨੦੩.੧— ੨੦੩.੪; ੩੫੫.੪

ਬਿਸ : ਵੇਖੋ ਬਿਖ। ਵਿਸ਼ੇ ਵਿਕਾਰ, ਵਿਸ਼ੈ। ੧੬੫.੪

ਬਿਸ਼ਯ : ਵੇਖੋ ਬਿਖੈ। ੩੦੨.੪, ੩੦੫.੨, ੩੪੯.੧, ੩੫੧.੩, ੩੫੭.੪, ੩੮੨.੨, ੩੮੩.੪, ੪੦੭.੩, ੪੧੮.੨, ੪੩੦.੨, ੪੬੫.੩, ੪੭੮.੧

ਬਿਸ਼ੁ : ਵੇਖੋ ਬਿਖ। ੩੨੯.੩

ਬਿਸਤਾਰ : (ਸੰ.) (विस्तार) ਸੰਗਿਆ—ਵਿਸਤਾਰ, ਫੈਲਾਓ, ਵਿਸ਼ਾਲਤਾ। ੨੨੯.੪

ਬਿਸਥਰ : ਵੇਖੋ ਬਿਸਤਾਰ। ਵਿਸਤਾਰ, ਪਸਾਰਾ। ੧੬੨.੩

ਬਿਸਥਾਰ : ਵੇਖੋ ਬਿਸਤਾਰ। ਵਿਸਤਾਰ, ਫੈਲਾਓ। ੧੯੨.੩

ਬਿਸਥਾਰੇ : ਵੇਖੋ ਬਿਸਤਾਰ। ਵਰਤਾਓ ਕਰਦੇ। ੫੭੯.੨

ਬਿਸਥਾਰੋ : ਵੇਖੋ ਵਿਸਥਾਰ। ਵਿਸਥਾਰ ਕਰਨਾ। ੯੩.੨

ਬਿਸਨੀ : (ਸੰ.) (व्यसनिन्) ਵਿ.— ਵੇਸ਼ਵਾ, ਗਾਮਨੀ, ਵੇਸ਼ਯਾ, ਵਿਸ਼ੇਯ ਭੋਗਣ ਵਾਲੀ। ੪੬੦.੪

ਬਿਸਮ : (ਸੰ.) (विशम) ਵਿ.—ਜੋ ਸਮਾਨ ਨਾ ਹੋਵੇ, ਅਸਮਾਨ, ਕਠਿਨ, ਤੇਜ਼, ਭਿਅੰਕਰ, ਔਖਾ, ਸੰਕਟ, ਜੋ ਦੋ ਤੇ ਭਾਗ ਨਾ ਦਿੱਤਾ ਜਾ ਸਕੇ, ਹੈਰਾਨੀ, ਅਜੀਬ। ੧੮.੪, ੧੯.੨, ੩੩.੩, ੪੨.੪, ੫੨.੧, ੬੫.੪, ੬੬.੧, ੭੧.੪, ੮੧.੪, ੮੬.੨, ੮੯.੪, ੯੦.੧, ੯੨.੩, ੯੩.੪, ੯੬.੨, ੧੧੨.੧, ੧੩੮.੪, ੧੩੯.੪, ੧੪੧.੩, ੧੪੨.੧, ੧੪੩.੧, ੧੫੨.੨, ੧੫੩.੨, ੧੬੯.੪, ੧੭੧.੧, ੧੭੫.੩, ੧੮੯.੩, ੧੯੬.੪, ੨੦੫.੩, ੨੧੧.੪, ੨੩੨.੧, ੨੪੪.੧, ੨੪੯.੪, ੨੫੧.੪, ੨੫੩.੪, ੨੬੨.੪, ੨੬੩.੧, ੨੭੨.੪, ੨੭੪.੧, ੨੭੫.੧, ੨੭੯.੪, ੨੮੨.੪, ੨੮੪.੨, ੨੯੦.੪, ੨੯੧.੨, ੨੯੩.੧, ੨੯੪.੪; ੩੦੫.੪, ੩੨੨.੩, ੩੩੩.੩, ੩੩੫.੩, ੩੪੨.੧, ੩੪੪.੪, ੪੦੭.੪, ੪੧੪.੨, ੪੨੭.੪, ੪੨੯.੩, ੪੩੨.੪, ੪੩੩.੩, ੪੩੬.੪, ੫੩੪.੨, ੬੦੫.੧, ੬੦੮.੨

ਬਿਸਮਾਏ : ਵੇਖੋ ਬਿਸਮ। ੮੬.੨

ਬਿਸਮਾਹਿ : ਵੇਖੋ ਬਿਸਮ। ੨੪੭.੩

ਬਿਸਮਾਦ : (ਸੰ.) (विस्मयंगम)—ਹੈਰਾਨੀ ਦੇਣ ਵਾਲਾ, ਅਸਚਰਜ ਪੂਰਕ, ਹੈਰਾਨੀਜਨਕ, ਅਸਚਰਜਮਈ, ੬.ਸੋ.੧, ੮.ਸੋ.੧, ੮.ਦੋ.੧, ੧੫.੧,

੨੨.੩, ੫੨.੪, ੮੦.੩, ੮੬.੩, ੧੧੨.੩, ੧੩੧.੪, ੧੪੧.੩, ੨੫੦.੧, ੨੫੪.੩, ੨੫੯.੩, ੩੨੧.੪, ੩੨੮.੨, ੪੫੬.੩, ੬੨੧.੪, ੬੨੪.੩

ਬਿਸਮਾਦਹਿ : ਵੇਖੋ ਬਿਸਮਾਦ । ਵਿਸਮਾਦ ਤੋਂ ਵਿਸਮਾਦ । ੮.ਸੋ.੧, ੮.ਦੋ.੧

ਬਿਸਮਾਦਿ : ਵੇਖੋ ਬਿਸਮਾਦ । ਅਸਚਰਜਮਈ । ੧੪੪.੨.ਛੰ.੧, ੧੯੮.੨, ੨੫੧.੩, ੨੮੫.੩

ਬਿਸਮਾਦਈ : ਵੇਖੋ ਬਿਸਮ । ਹੈਰਾਨ ਕਰਨ ਯੋਗ, ਹੈਰਾਨ ਕਰਦਾ ਹੈ । ੧੦੫.੪

ਬਿਸਮੈ : ਵੇਖੋ ਬਿਸਮ । ਅਸਚਜ ਕਰਨ ਵਾਲੀ । ੯.੪, ੮੧.੪, ੧੩੮.੪, ੩੪੪.੪

ਬਿਸ਼ਯ : (ਸੰ.) (विषय)—ਜਿਸ ਦੇ ਸੰਬੰਧ ਵਿਚ ਕੁਝ ਕਿਹਾ ਜਾਵੇ, ਵਿਚਾਰ, ਮਜ਼ਬੂਨ, ਵਿਸ਼ਾ ਆਦਿ । ੩੬੭.੨

ਬਿਸਰਜ : (ਸੰ.) (विसर्ज) ਵਿ.—ਛੱਡ ਦੇਣਾ, ਤਿਆਗ ਦੇਣਾ । ੪੩੨.੨

ਬਿਸਰਜਿਤ : (ਸੰ.) (विसर्जित) ਵਿ—ਛੱਡਿਆ ਹੋਇਆ, ਤਿਆਗੀ, ਵਿਦਾ ਕੀਤਾ । ੧੧.੪, ੯੨.੩, ੯੬.੨

ਬਿਸਰਾਇ : ਕ੍ਰਿ.—ਯਾਦ ਤੋਂ ਅਲੱਗ ਕਰਨਾ, ਭੁੱਲ ਜਾਣਾ, ਵਿਸਾਰ ਦੇਣਾ । ੪੯੮.੨

ਬਿਸਰਾਤ : ਵੇਖੋ ਬਿਸਰਾਇ । ਵਿਸਾਰ ਦਿੰਦਾ, ਭੁਲਾ ਦਿੰਦਾ । ੪੦੫.੨

ਬਿਸਰਾਨੇ : ਵੇਖੋ ਬਿਸਰਾਇ । ਭੁੱਲ ਜਾਂਦੇ, ਵਿਸਾਰ ਦਿੰਦੇ । ੧੯.੧, ੨੪੨.੩, ੨੪੭.੪, ੨੭੧.੪, ੪੨੯.੨

ਬਿਸਰਾਮ : ਵੇਖੋ ਬਿਸ੍ਰਾਮ । ੫.ਸੋ.੧, ੫.ਦੋ.੧

ਬਿਸਰਾਵਈ : ਵੇਖੋ ਬਿਸਰਾਇ । ਭੁਲ ਜਾਂਦੇ ਹਨ । ੧੦੫.੨, ੨੧੮.੩

ਬਿਸਵਾਸ : (ਸੰ.) (विशवास) ਸੰਗਿਆ ਪੁ.—ਭਰੋਸਾ, ਨਿਸ਼ਚਯ, ਇਤਬਾਰ, ਯਕੀਨ । ੪੨.੪, ੬੨.੪, ੮੯.੪, ੯੨.੩, ੧੧੨.੧, ੧੨੫.੨, ੧੮੬.੩, ੧੯੦.੩, ੧੫੧.੪, ੨੫੯.੩, ੨੭੯.੪, ੨੮੪.੨, ੨੯੦.੪, ੨੯੧.੨, ੨੯੪.੪, ੩੨੩.੩, ੫੭੨.੩, ੬੨੫.੧

ਬਿਸਾਸ : ਵੇਖੋ ਬਿਸਵਾਸ । ੫੨੯.੨

ਬਿਸਾਹਤ : (ਹਿੰ.) (बिसाहू) ਸੰਗਿਆ ਪੁ.—ਮੁੱਲ ਲੈਣਾ, ਖ਼ਰੀਦਣਾ । ੪੫੪.੩

ਬਿਸਾਹਨ : (ਹਿੰ.) (बिसाहना) ਸ. ਕ੍ਰਿ.—ਮੁੱਲ ਲੈਣਾ, ਖ਼ਰੀਦਣਾ । ੬੭.੩

ਬਿਸਾਹੇ : ਵੇਖੋ ਬਿਸਾਹਤ । ਸੌਦਾ । ੪੫੪.੨

ਬਿਸਾਹੈ : ਵੇਖੋ ਬਿਸਾਹਤ । ਸੌਦਾ । ੫੦੫.੩

ਬਿਸਾਰ : (ਸੰ.) (विसार) ਸੰਗਿਆ—ਬਿਸਾਰਣਾ, ਵਿਸਾਰ ਦੇਣਾ, ਭੁਲਾਣਾ । ੩੧੮.੪

ਬਿਸਾਲ : (ਸੰ.) (विशाल)—ਵਿਸ਼ਾਲ, ਫੈਲਿਆ ਹੋਇਆ, ਵੱਡਾ ਅਤੇ ਲੰਮਾ । ੨੦੫.੨

ਬਿਸਿਮਰਣ : ਵੇਖੋ ਬਿਸਿਮਰਨ । ੩੩੬.੩

ਬਿਸਿਮਰਨ : (ਸੰ.) (विस्मरणम्) ਸੰਗਿਆ--ਵਿਸਮਰਣ, ਯਾਦ ਤੋਂ ਭੁੱਲਣ ਤੋਂ ਭਾਵ ਹੈ, ਚੇਤੇ ਨਾ ਰਹਿਣਾ । ੩੪.੨, ੮੬.੨, ੨੬੩.੪

ਬਿਸੇਖ : (ਸੰ.) (विशेष) ਸੰਗਿਆ—ਵਿਸ਼ੇਸ਼, ਭੇਦ, ਫਰਕ, ਅਧਿਕਤਾ, ਜ਼ਿਆਦਤੀ । ੨੯੬.੧ ੪੩੭.੧, ੫੬੨.੩, ੬੦੦.੩

ਬਿਸੇਖਈ : (ਸੰ.) (विशेष) ਸੰਗਿਆ ਇ.—ਭੇਦ, ਫਰਕ, ਵਿਸ਼ੇਸ਼ਤਾ, ਸਾਧਾਰਣ ਤੋਂ ਥੋੜ੍ਹਾ ਜ਼ਿਆਦਾ, ਅੱਗੇ ਵਧਿਆ, ਵਿਸ਼ੇਸ਼ ਰੂਪ ਵਿਚ । ੩੫੨.੩

ਬਿਸੇਖੀਐ : ਵੇਖੋ ਬਿਸੇਖ । ਵਿਸ਼ੇਸ਼ਤਾ ਨੂੰ ਜਾਨਣਾ । ੧੨.੨

ਬਿਸੇਖੋ : ਵੇਖੋ ਬਿਸੇਖ । ੪੦੧.ਸ.ਛੰ.੨

ਬਿਸ਼ੈ : ਵੇਖੋ ਬਿਖੈ । ੩੭੫.੧

ਬਿਸ੍ਰਾਮ : (ਸੰ.) (विश्राम) ਸੰਗਿਆ—ਬਿਸਰਾਮ, ਵਿਸ਼ਰਾਮ, ਅਰਾਮ, ਸਥਿਤੀ । ੨੫.੩, ੧੩੯.੨, ੨੫੯.੧, ੨੬੬.੪, ੪੨੮.੨

ਬਿਸ੍ਵ : ਵੇਖੋ ਵਿਸ਼ਵ । ੬੦੨.੪, ੬੪੭.੧

ਬਿਸ੍ਵਨਾਥ : (ਸੰ.) (विश्वनाथः)—ਜਗਤ ਦਾ ਮਾਲਕ, ਖ਼ਾਲਕ, ਪਰਮਾਤਮਾ । ੬੭੧.੨

ਬਿਸ੍ਵਾਸ : ਵੇਖੋ ਵਿਸਵਾਸ । ਯਕੀਨ, ਭਰੋਸਾ । ੫੭੨.੩, ੬੨੫.੧

ਬਿਸ੍ਵਾਸੀ : ਵੇਖੋ ਵਿਸਵਾਸ । ਵਿਸ਼ਵਾਸ ਕਰਨ ਵਾਲਾ, ਭਰੋਸੇਯੋਗ, ਇਤਬਾਰਯੋਗ । ੩੨੮.੪, ੩੩੩.੩

ਬਿਸ੍ਵਾਸੇ : ਵੇਖੋ ਵਿਸਵਾਸ । ਵਿਸ਼ਵਾਸ, ਭਰੋਸਾ । ੧੬੯.੪

ਬਿਹੰਸ : (ਸੰ.) (विहसनम्) ਸੰਗਿਆ ਪੁ.—ਮੁਸਕਰਾਣਾ, ਮੰਦ ਮੰਦ ਹੱਸਣਾ, ਖੁਸ਼ ਹੋਣਾ । ੧੩੭.੨, ੪੦੯.੨

ਬਿਹਸਤ : ਵੇਖੋ ਬਿਹੰਸ । ਹੱਸਦੇ । ੩੭੮.੧

ਬਿਹਸਾਇ : ਵੇਖੋ ਬਿਹੰਸ । ਹਸਾਏ, ਹਸਾਉਂਦੇ । ੩੭੮.੧

ਬਿਹਸਾਵਈ : ਵੇਖੋ ਬਿਹੰਸ । ਖੁਸ਼ ਕਰਨਾ, ਖਿੜਾਉਂਦਾ । ੫੪੬.੩

ਬਿਹੰਗ : (ਸੰ.) (विहंग) ਸੰਗਿਆ ਪੁ.—ਮਨੁੱਖੀਮਨ ਰੂਪੀ ਪੰਛੀ, ਬਾਣ, ਤੀਰ, ਮ੍ਰਿਗ, ਮੇਘ, ਬੱਦਲ, ਸੂਰਜ, ਚੰਦਰਮਾ, ਗ੍ਰਹਿ, ਸਵੈ ਇੱਛਾ ਅਨੁਸਾਰ ਚੱਲਣ ਵਾਲਾ । ੧੮੪.੪, ੪੨੪.੨

ਬਿਹੰਗਮ : ਵੇਖੋ ਬਿਹੰਗ । ੬੬੧.੨

ਬਿਹਬਲ : (ਸੰ.) (व्याकुल) ਵਿ.—ਘਬਰਾਇਆ ਹੋਇਆ, ਵਿਆਕੁਲ । ੨੦੩.੪

ਬਿਹਾਇ : (ਸੰ.) (विहाना) ਸ. ਕ੍ਰਿ.—ਵਿਹਾਸ, ਪਿੱਛੇ ਛੱਡ ਕੇ, ਤਿਆਗ ਕੇ, ਬੀਤ ਜਾਣਾ ।

ਬਿਹਾਤ : ਵੇਖੋ ਬਿਹਾਇ । ਬਤੀਤ ਹੋਣ ਦੀ ਕ੍ਰਿਆ, ਗੁਜ਼ਰ ਜਾਣ ਦੀ ਕ੍ਰਿਆ । ੨੪੧.੧, ੩੧੦.੧, ੫੨੦.੨, ੫੮੯.੨, ੬੫੯.੨, ੬੬੦.੩

ਬਿਹਾਨਿਯੋ : ਵੇਖੋ ਬਿਹਾਇ । ਬੀਤਿਆ, ਗੁਜ਼ਰਿਆ, ਵਿਅਰਥ ਗਿਆ । ੪੨੦.੪

ਬਿਹਾਨੀਐ : ਵੇਖੋ ਬਿਹਾਨਿਯੋ । ਬਤੀਤ ਕਰ ਦਿੱਤੀ । ੫੦੯.੪

ਬਿਹਾਯ : ਵੇਖੋ ਬਿਹਾਇ । ਬਤੀਤ ਹੋਣਾ । ੫੭੮.੪

ਬਿਹਾਰੈ : ਵੇਖੋ ਬਿਉਹਾਰ । ਵਿਹਾਰ ਨੂੰ । ੬੭੫.੪

ਬਿਹਾਵੈ : ਵੇਖੋ ਬਿਹਾਗ । ਬੀਤਦੀ ਹੈ । ੫੯੪.੧. ੬੬੦.੪

ਬਿਹੂਨ : (ਸੰ.) (विहीन) ਵਿ.—ਬਿਨਾਂ, ਬਗੈਰ, ਰਹਿਤ । ੧੯੮.੨, ੧੯੯.੩, ੨੦੨.੩, ੨੬੪.੨, ੪੧੫.੨, ੪੭੧.੧, ੪੭੬.੩, ੫੩੩.੧, ੫੩੩.੩, ੬੩੫.੩

ਬਿਕਟ : (ਸੰ.) (विकट) ਸੰਗਿਆ—ਵਿਕਟ, ਔਖਾ, ਮੁਸ਼ਕਿਲ, ਬਿਖੜਾ, ਕਠਿਨ, ਬਹੁਤ ਜ਼ਿਆਦਾ. ਅਤਿਅੰਤ । ੫੬੫.੩, ੫੭੧.੨

ਬਿਕਾਨੇ : (ਸੰ.) बिकना)—ਵਿਕਣਾ, ਵਿਕੇ, ਵੇਚੇ ਹੋਏ । ੫੫੨.੪

ਬਿਕਾਰ : (ਸੰ.) (विकार) ਸੰਗਿਆ—ਵਿਗੜਿਆ ਹੋਇਆ ਰੂਪ, ਵਿਕ੍ਰਿਤ, ਰੋਗ, ਪੀੜ੍ਹਾ, ਦੁੱਖ, ਪਾਪ, ਕਰਮ, ਵਿਕਟ, ਵਿਕਰਾਲ ਆਦਿ । ੧੨੧.੨, ੨੫੮.੨, ੪੬੯.੧, ੫੦੬.੪, ੫੫੭.੩

ਬਿਕਾਰੀ : ਵਿ.—ਵਿਕਾਰ ਕਰਨ ਵਾਲੀ, ਵਿਕ੍ਰਿਤ ਰੂਪ, ਹਾਨੀਕਾਰਕ, ਰੋਗੀ, ਪਾਪ ਕਰਮੀ, ਆਦਿ । ੨੬੦.੩, ੨੯੭.੪, ੩੪੪.੪, ੪੮੭.੩, ੪੯੩.੪, ੫੨੮.ਸ.੩

ਬਿਕਾਰੀਐ : ਵੇਖੋ ਬਿਕਾਰੀ । ਵਿਕਰਤ ਹੋ ਜਾਂਦਾ । ੧੦੯.੨

ਬਿਕਾਵੈ : (ਸੰ.) (विक्रमण)—ਵੇਚਣ ਦੀ ਕ੍ਰਿਆ ਜਾਂ ਭਾਵ ਕਿਸੇ ਵਸਤੂ ਨੂੰ ਪੈਸੇ ਲੈ ਕੇ ਵੇਚਣਾ ਆਦਿ । ੪੫੪.੩

ਬਿਖ : (ਸੰ.) (विष)—ਜ਼ਹਿਰ ਮੁਹਰਾ ਜਿਸਦੇ ਖਾਣ ਨਾਲ ਮੌਤ ਹੁੰਦੀ ਹੈ, ਕੂੜ, ਝੂਠ, ਬਿਨਸਨਹਾਰ ਆਦਿ । ੯੦.੪, ੧੦੭.੩, ੧੦੯.੧, ੧੨੭.੧, ੧੬੨.੧, ੧੬੨.੨, ੧੭੪ ੩, ੨੦੧.੪, ੨੨੧.੧, ੨੨੩.੩, ੨੨੪.੩, ੨੫੬.੧, ੨੯੯.੧, ੩੧੬.੪, ੫੫੭.੩

ਬਿਖਧਰ : (ਸੰ.) (विषधर) ਵਿ.—ਜ਼ਹਿਰ ਧਾਰਨ ਕਰਨ ਵਾਲਾ ਸੱਪ, ਸ਼ਿਵ, ਜ਼ਹਿਰੀਲਾ ਜੀਵ । ੨੦੨.੪

ਬਿਖਮ : ਵੇਖੋ ਬਿਸਮ । ੨੦੨.੪, ੨੧੦.੨, ੨੨੩.੩, ੨੩੧.੩, ੨੩੨.੩, ੨੩੬.੨, ੨੫੬.੧, ੨੫੮.੧, ੩੯੧.੨, ੫੫੮.੪, ੪੭੫.੩

ਬਿਖਯ : ਵੇਖੋ ਬਿਖ । ੪੫੫.੧

ਬਿਖਯਾ : ਵੇਖੋ ਬਿਖ । ਸੰਗਿਆ—ਤਮਾਕੂ, ਰੂਪ, ਰਸ, ਗੰਧ ਆਦਿ । ੪੦੭.੩, ੫੭੪.੩

ਬਿਖਾਨਿਅਤ : ਵੇਖੋ ਬਖਾਨੀਐ । ੩੫੨.੨

ਬਿਖਿਆ : ਵੇਖੋ ਬਿਖਯਾ । ੩੯੧.੩, ੬੩੮.੨

ਬਿਖਿਆਧਰ : ਵੇਖੋ ਬਿਖਧਰ । ਬਿਖਿਆਧਾਰੀ, ਜ਼ਹਿਰੀਲਾ ਸੱਪ । ੨੨੩.੩, ੨੩੧.੩

ਬਿਖੇ : ਵੇਖੋ ਬਿਖੈ। ਵਿੱਚ, ਅੰਦਰ। ੧੭੯.੪, ੨੬੮.੧, ੨੬੮ ੨, ੫੫੮.੪, ੫੬੨.੧,

ਬਿਖੈ : (ਸੰ.) (विषय) ਸੰਗਿਆ—ਇੰਦ੍ਰੀਆਂ ਦੁਆਰਾ ਗ੍ਰਹਿਣ ਯੋਗ ਸ਼ਬਦ, ਸਪਰਸ਼ ਆਦਿ ਪਦਾਰਥ, ਭੋਗ ਦੀ ਵਸਤੂ ਕ੍ਰਿ. ਵਿ.—ਅੰਦਰ ਭੀਤਰ ਆਦਿ। ੩੨.੧, ੪੨.੧, ੪੨.੨, ੪੨.੪, ੪੯.੪, ੬੬.੨, ੭੫.੧, ੧੧੫.੧, ੧੧੯.੩, ੧੪੩.੧, ੧੫੪.੧—੧੫੪.੩, ੧੬੧.੧, ੧੬੭.੩, ੧੭੨.੧, ੧੭੭.੨, ੧੮੪.੨, ੧੮੮.੩, ੧੮੮.੪, ੧੮੯.੩, ੨੨੩.੨, ੨੨੯.੪, ੨੩੪.੧, ੨੩੪.੪, ੨੪੧.੧, ੨੪੧.੩, ੨੫੭.੨, ੨੮੭.੪, ੨੯੧.੨, ੫੬੦.੪, ੫੬੪.੪, ੫੬੯.੨, ੫੭੭.੨, ੫੮੩.੨, ੫੮੪.੨, ੫੮੬.੪, ੫੯੫.੧, ੬੦੬.੧, ੬੦੮.੨, ੬੨੯.੪, ੬੩੦.੨, ੬੩੦.੩, ੬੩੧.੨, ੬੩੨.੧, ੬੪੯.੧, ੬੬੧.੩, ੬੬੮.੧

ਬਿਗਸਤ : ਵੇਖੋ ਬਿਗਾਸ। ਬਿਗਸਤ ਹੋਣ ਦੀ ਕ੍ਰਿਆ। ੩੯੪.੪

ਬਿਗਸਾਤ : ਵੇਖੋ ਬਿਗਾਸ। ਵਿਕਸਿਤ ਕਰਦਾ ਹੈ। ੪੧੪.੧, ੫੫੯.੧, ੬੦੪.੨, ੬੦੪.੩, ੬੧੭.੨, ੬੨੯.੨

ਬਿਗੰਧ : (ਸੰ.) (विगन्ध) ਵਿ.—ਜਿਸ ਵਿਚ ਗੰਧ ਹੋਵੇ, ਬਦਬੂਦਾਰ, ਦੁਰਗੰਧ, ਭੈੜੀ ਗੰਧ। ੮੮.੧, ੪੯੧.੧

ਬਿਗਾਸ : (ਸੰ.) (विकास) ਸੰਗਿਆ ਪੁ.—ਵਧਣਾ, ਫੈਲਣਾ, ਵਿਕਸਿਤ ਹੋਣਾ, ਫੁੱਟਣਾ, ਉਤਪੰਨ ਹੋਣਾ। ੬੦੩.੩

ਬਿਗ੍ਰਹ : ਵੇਖੋ ਬਿਗ੍ਰਹਿ। ੩੮੩.੧

ਬਿਗ੍ਰਹਿ : (ਸੰ.) (विग्रह) ਸੰਗਿਆ ਪੁ.—ਦੂਰ ਜਾਂ ਅਲਗ ਵਿਰੋਧ ਕਰਨਾ, ਵਿਭਾਗ, ਲੜਾਈ ਝਗੜਾ, ਯੁੱਧ, ਸਜਾਵਟ ਆਦਿ। ੧੭੬.੪

ਬਿਚਰਤ : (ਸੰ.) (विचरण) ਅ. ਕ੍ਰਿ.—ਵਿਚਰਣਾ, ਵਿਚਰਦਾ ਹੈ, ਘੁੰਮਦੇ ਫਿਰਦੇ। ੨੯੪.੪, ੫੮੨.੪

ਬਿਚਾਰ : (ਸੰ.) (विचार) ਸੰਗਿਆ—ਮਨ ਵਿਚ ਸੋਚਿਆ ਜਾਂ ਸੋਚ ਕੇ ਨਿਸ਼ਚਿਤ ਕੀਤਾ, ਖ਼ਿਆਲ, ਧਿਆਨ, ਸੰਕਲਪ, ਭਾਵਨਾ ਆਦਿ ਦਾ ਨਿਸ਼ਚਿਤ ਰੂਪ। ੫੪.੧, ੫੫.੩, ੧੫੯.੪ ੨੩੨.੩, ੨੪੬.੩, ੨੭੩.੪, ੩੨੬.੨, ੩੮੧.੪, ੩੯੨.੨, ੪੪੪.੨, ੫੫੬.ਸ.੧, ੬੧੧.੧

ਬਿਚਾਰਯੋ : ਵੇਖੋ ਬਿਚਾਰ, ਵਿਚਾਰਦਾ ਹੈ। ੪੨੫.੪

ਬਿਚਾਰੀ : (ਹਿੰ.) (विचार) ਸੰਗਿਆ ਇ.—ਉਹ ਜੋ ਵਿਚਾਰ ਕਰਦਾ ਹੈ, ਵਿਚਾਰਵਾਨ, ਵਿਚਾਰ ਕੀਤੀ। ੩੦.੨

ਬਿਚਾਰੀਐ ਵੇਖੋ ਬਿਚਾਰੀ। ਵਿਚਾਰ ਕਰੀਏ। ੩੯੯.੧

ਬਿਚਾਰੈ : ਵੇਖੋ ਵਿਚਾਰੈ। ੩੫੩.੩

ਬਿਚਾਰੋ : ਵੇਖੋ ਬਿਚਾਰੀ । ਵਿਚਾਰ ਕਰੋ । ੯੩.੪

ਬਿਚਿਤ੍ਰ : ਵੇਖੋ ਬਿਚਿਤ੍ਰ । ੨੩੨.੧, ੨੪੪.੧

ਬਿਚਿਤ੍ਰਪਨ : ਵੇਖੋ ਬਚਿਤ੍ਰ । ਵਚਿਤ੍ਰਤਾ ਦੇ ਗੁਣ, ਲੱਛਣ, ਵਚਿਤ੍ਰਤਾ । ੨੭੪.੧, ੨੭੫.੧, ੨੮੨.੪

ਬਿਛਰਤ : (ਸੰ.) (विच्छेद)—ਵਿਛੜਦਾ ਹੈ, ਵਿੱਛੜਨ ਦੀ ਕ੍ਰਿਆ । ੧੪.੩, ੨੬੬.੧

ਬਿਛਰੁ : ਵੇਖੋ ਬਿਛਰਤ । ੫੭੫.੪

ਬਿਛਰੇ : ਵੇਖੋ ਬਿਛਰ । ਵਿੱਛੜਦਾ ਹੈ । ੩੦੦.੩

ਬਿਛਾਈ : ਵਿਛਾਉਣ ਦੀ ਕ੍ਰਿਆ । ੬੫੮.੧

ਬਿਛੁਰ : ਕ੍ਰਿ.—ਵਿੱਛੜਨਾ, ਅਲੱਗ ਹੋ ਕੇ, ਨਿੱਖੜ ਕੇ, ਜੁਦਾ ਹੋ ਕੇ । ੩੨੦.੩, ੪੪੧.੧

ਬਿਛੁਰਤ : ਵੇਖੋ ਬਿਛੁਰ । ਵਿਛੜਦੇ ਹਨ । ੧੯੬.੩, ੩੧੮.੩, ੫੦੨.੩, ੫੧੪.੩, ੫੧੪.੪, ੫੫੦.੨, ੫੫੦.੪, ੬੧੫.੪, ੬੬੯.੩

ਬਿਛੁਰੈ : ਵੇਖੋ ਬਿਛੁਰ । ਵਿਛੜ ਜਾਂਦਾ ਹੈ । ੫੮੨.੧

ਬਿਛੋਹ : (ਹਿੰ.) (विछेद) ਸੰਗਿਆ—ਵਿਯੋਗ, ਜੁਦਾਈ, ਵਿਛੋੜਾ ਆਦਿ । ੧੪.੧, ੫੭੨.੪

ਬਿੰਜਨ : (ਸੰ.) (व्यञ्जनम्) ਸੰਗਿਆ—ਖਾਣ ਯੋਗ ਭੋਜਨ, ਪਦਾਰਥ, ਸਬਜ਼ੀ, ਤਰਕਾਰੀ, ਸਲੂਣਾ, ਪਕਵਾਨ । ੧੨੨.੨, ੧੫੮.੩, ੫੬੬.੩, ੬੦੦.੩, ੬੧੫.੧, ੬੩੭.੧

ਬਿੰਜਨਾਦ : ਵੇਖੋ ਬਿੰਜਨ । ਪਕਵਾਨ ਆਦਿ । ੧੮੫.੩

ਬਿੰਜਨਾਦਿ : ਵੇਖੋ ਬਿੰਜਨ (ਬਿੰਜਨ । ਆਦਿ), ਪਕਵਾਨ ਆਦਿ । ੧੩.੧, ੯੫.੨, ੧੨੩.੩, ੧੩੧.੧, ੧੪੮.੨, ੩੧੦.੨, ੩੭੫.੩, ੫੫੯.੨

ਬਿਡਾਰਿ : (ਸੰ.) (विदार) ਸੰਗਿਆ—ਭਜਾਣਾ, ਮੋੜਨਾ, ਏਧਰ ਉਧਰ ਕਰਨਾ, ਅਲੱਗ ਕਰਨਾ, ਤਿਆਗਣਾ ਆਦਿ । ੪੩੪.੧

ਬਿਡਾਰਹੀ : ਵੇਖੋ ਬਿਡਾਰਿ । ਦੂਰ ਕਰਦੇ । ੬੧੧.੪

ਬਿਤ : (ਸੰ.) (वित्तम्) ਸੰਗਿਆ ਪੁ.—ਧੰਨ, ਸਾਮਰਥਯ, ਦੌਲਤ, ਸੰਪਦਾ । ੫੯੧.੧

ਬਿੱਤ : ਵੇਖੋ ਬਿਤ । ਦੌਲਤ । ੨੨੦.੩

ਬਿਤੀਤ : (ਸੰ.) (व्यतीत) ਵਿ.—ਬੀਤਿਆ ਹੋਇਆ, ਪਿਛਲਾ, ਗਤ, ਬੀਤ ਚੁਕਿਆ । ੨੪੧.੨

ਬਿਥਾਰ : ਵੇਖੋ ਬਿਸਤਾਰ । ਵਿਸਤਾਰ, ਫੈਲਾਏ । ੩੭.੧, ੩੮.੧, ੪੯.੨, ੫੧.੨, ੫੪.੧, ੯੮.੧, ੧੪੨.੩, ੧੫੯.੨, ੧੭੪.੨, ੧੮੦.੪, ੨੩੪.੨, ੨੪੧.੩, ੨੭੦.੩, ੩੨੫.੧, ੩੫੬.੨. ੩੭੩.੩, ੩੯੮.੪, ੪੫੮.੪, ੫੮੬.੧

ਬਿਥਾਰੀ : ਵੇਖੋ ਬਿਥਾਰ। ਫੈਲ ਰਹੀ। ੬੨੪.੨, ੬੫੪.੧

ਬਿਥਾਰੇ : ਵੇਖੋ ਬਿਥਾਰ। ਫੈਲਾਏ ਹਨ। ੬੭੧.੩

ਬਿੰਦ : (ਸੰ.) (बिंदु) ਵਿ.—ਜਾਣਿਆ, ਬੂੰਦ, ਵੀਰਜ ਦੀ ਬੂੰਦ, ਬਿੰਦੀ, ਮੱਥੇ ਦਾ ਤਿਲਕ, ਭਵਾਂ ਦੇ ਵਿਚਲਾ ਸਥਾਨ ਆਦਿ। ੧੭.੩

ਬਿਦਮਾਨ : ਵੇਖੋ ਬਿਦਯਮਾਨ। ਪ੍ਰਤੱਖ, ਸਨਮੁੱਖ। ੫੬੧.੨

ਬਿਦਯਮਾਨ : (ਸੰ.) (विद्यमान) ਸੰਗਿਆ ਪੁ.—ਸਨਮੁਖ, ਮੌਜੂਦ, ਸਾਹਮਣੇ। ੨੧੧.੨, ੫੬੬.੨, ੬੭੦.੨

ਬਿਦਰ : (ਸੰ.) (बिदुर)—ਧ੍ਰਿਤਰਾਸ਼ਟਰ ਤੇ ਪਾਂਡਵਾਂ ਦਾ ਭਰਾ ਜੋ ਵਿਆਸ ਦੁਆਰਾ ਅੰਬਿਕਾ ਦਾਸੀ ਤੋਂ ਪੈਦਾ ਹੋਇਆ। ੬੩੨.੪

ਬਿਦਿਆ : (ਸੰ.) (विद्या) ਸੰਗਿਆ—ਸਿਖਿਆ ਦੁਆਰਾ ਅਰਜਿਤ ਗਿਆਨ, ਮੁਕਤੀ ਦਾ ਗਿਆਨ, ਕਿਸੇ ਕਲਾ ਆਦਿ ਦਾ ਸ਼ਾਸਤਰ, ਗੁਣ ਆਦਿ। ੪੫੫.੩, ੪੭੫.੨, ੪੯੫.੨

ਬਿਦੇਸ : ਵੇਖੋ ਬਿਦੇਸ਼। ੭੯.੩, ੧੧੮.੨, ੧੮੬.੧, ੨੧੦.੧, ੬੪੨.੨, ੬੬੭.੪

ਬਿਦੇਸ਼ : (ਸੰ.) (विदेश) ਸੰਗਿਆ—ਪਰਦੇਸ, ਅਨਯ ਦੇਸ਼, ਦੂਸਰਾ ਦੇਸ਼, ਪਰਾਇਆ ਸਥਾਨ। ੫੨੦.੪

ਬਿਦੇਹ : (ਸੰ.) (विदेह) ਸੰਗਿਆ—ਦੇਹ ਰਹਿਤ, ਬੇਸੁੱਧ, ਪ੍ਰਾਚੀਨ, ਮਿਥਲਾ ਦੇਸ਼ ਜਾਂ ਮਿਥਲਾ ਵਾਸੀ, ਰਾਜਾ ਜਨਕ। ੩੩.੩, ੬੫.੪, ੮੬.੨, ੯੦.੧, ੧੧੫.੧, ੧੧੬.੪, ੨੫੩.੪, ੨੬੦.੧, ੨੬੨.੪, ੨੬੩.੪, ੨੭੨.੪

ਬਿਧ : ਵੇਖੋ ਬਿਧਿ। ਵਿਧੀ ਵਿਧਾਨ, ਤਰੀਕਾ। ੪੯.੨, ੧੧੪.੨

ਬਿਧਾਨ : (ਸੰ.)(विधान)—ਵਿਧਾਨ, ਨਿਯਮ, ਸ਼ਾਸਤਰ, ਰੀਤ, ਵਿਧੀ ਵਿਧਾਨ। ੧੭੨.੩, ੨੩੯.੩, ੨੯੮.੩, ੬੫੮.੩

ਬਿਧਾਨੀ : (ਸੰ.) (विधान) ਸੰਗਿਆ—ਬਣਾਉਣ ਵਾਲਾ, ਰਚਨ ਵਾਲਾ, ਵਿਧਾਨ, ਕਰਨ ਵਾਲਾ। ੧੬੫.੧

ਬਿਧਾਨੀਐ : ਵੇਖੋ ਬਿਧਾਨੀ। (ਬਿਧ+ਆਨੀਐ) ਹੋਰ ਵਿਧੀ ਦਾ। ੨੬੪.੩, ੩੦੫.੪, ੪੬੫.੩

ਬਿਧਿ : (ਸੰ.) (विधि) ਸੰਗਿਆ—ਕੰਮ ਕਰਨ ਦੀ ਰੀਤ, ਢੰਗ, ਵਿਧਾਨ, ਪ੍ਰਣਾਲੀ। ੨੬.੨, ੨੧੧.੨, ੩੪੨.੪, ੪੩੨.੧, ੪੩੮.੩, ੪੭੪.੧, ੪੯੩.੪, ੫੬੪.੩

ਬਿਨ : (ਸੰ.)(बिना)—ਬਗੈਰ, ਬਿਨਾਂ, ਬਾਝੋਂ। ੬੫.੧, ੨੧੫.੧—੨੧੫.੪, ੨੪੧.੪, ੨੮੭.੩, ੩੦੫.੨, ੩੧੭.੩, ੪੧੫.੪, ੪੪੬.੧, ੪੪੯.੨, ੪੪੯.੪, ੪੫੧.੨, ੪੫੩.੪, ੪੬੦.੪, ੪੬੩.੩, ੪੭੧.੨, ੪੭੩.੪, ੪੭੪.੪, ੪੭੫.੪, ੪੭੬.੪, ੪੯੪.੪,

੪੯੬.੩, ੫੦੨.੧, ੫੧੬.੨, ੫੧੬.੪, ੫੩੩.੧—੫੩੩.੪, ੫੩੮.੧—੫੩੮.੪, ੫੭੦.੧, ੫੭੪.੧—੫੭੪.੪, ੬੨੪.੨, ੬੩੩.੧—੬੩੩.੪, ੬੩੫.੧, ੬੩੫.੨, ੬੩੫.੪, ੬੪੧.੧, ੬੫੭.੪

ਬਿਨਸਾਨੇ : (ਸੰ.) (विनाश:) ਸ. ਕ੍ਰਿ.—ਨਸ਼ਟ ਕਰੇ, ਚੌਪਟ ਕਰੇ, ਮਿਟ ਜਾਂਦੇ। ੨੬.੨

ਬਿਨਤੀ : (ਸੰ.) (विनति:) ਸੰਗਿਆ ਇ.—ਬੇਨਤੀ, ਅਰਜ਼, ਪ੍ਰਾਥਨਾ, ਜੋਦੜੀ ਅਰਜ਼ੋਈ। ੬੨੦.੩

ਬਿਨਾ : (ਸੰ.)(बिना)—ਬਗੈਰ, ਅਭਾਵ ਵਿਚ ਰਹਿਣ ਦੀ ਅਵਸਥਾ। ੬੩੧.੪

ਬਿਨਾਸ ; (ਸੰ.) (विनाश:) ਸੰਗਿਆ—ਨਾਸ਼, ਵਿਗਾੜ, ਤਬਾਹੀ, ਹਾਨੀ, ਅਲੋਪ। ੧੬੨.੨, ੧੮੯.੨, ੩੩੬.੧, ੩੪੯.੨, ੩੬੪.੪, ੪੩੭.੧, ੬੨੫.੩

ਬਿਨੁ : ਵੇਖੋ ਬਿਨ। ਸਖਣਾ, ਬਿਨਾਂ। ੨੧੫.੧, ੨੧੫.੩, ੨੧੫.੪, ੨੪੧.੪, ੨੮੭.੩, ੩੦੫.੨, ੪੧੫.੪, ੪੪੯.੨, ੪੪੯.੪, ੪੬੦.੪, ੪੬੩.੩, ੪੭੧.੨, ੪੭੩.੪, ੪੭੪.੪, ੪੭੫.੪, ੪੭੬.੪, ੪੯੪.੪, ੪੯੬.੩, ੫੧੬.੨, ੫੧੬.੪

ਬਿਨੋਦ : (ਸੰ.) (विनोद) ਸੰਗਿਆ—ਖੇਡ, ਤਮਾਸ਼ਾ, ਚਾਓ, ਉਮੰਗ। ੧੫.੧, ੨੦.੪, ੩੩.੪, ੬੪.੪, ੭੭.੨, ੮੦.੪, ੯੬.੪, ੧੬੯.੪, ੧੭੨.੪, ੨੫੭.੪, ੩੦੫.੪, ੩੫੦.੨, ੩੯੨.੪, ੪੦੭.੪, ੬੨੦.੧

ਬਿਪਤ : (ਸੰ.) (विपत्ति) ਸੰਗਿਆ—ਦੁੱਖ, ਸੰਕਟ, ਆਫ਼ਤ, ਦੁੱਖ ਦੀ ਸਥਿਤੀ, ਬੁਰੇ ਦਿਨ, ਕਠਿਨਾਈ ਆਦਿ। ੪੦੯.੨

ਬਿਪਤਿ : ਵੇਖੋ ਬਿਪਤ। ੯੦.੨

ਬਿਪਰੀਤ : (ਸੰ.) (विपरीत) ਵਿ.—ਜੋ ਅਨੁਕੂਲ ਜਾਂ ਸਹਾਇਕ ਨਾ ਹੋਵੇ, ਪ੍ਰਤਿਕੂਲ, ਵਿਰੁੱਧ, ਉਲਟ, ਇਕ ਅਲੰਕਾਰ, ਸੋਲਾਂ ਪ੍ਰਕਾਰ ਦੇ ਰਤੀਬੰਧਾਂ ਵਿਚੋਂ ਇਕ। ੨੯੭.੩

ਬਿਪਾਰ : (ਸੰ.) (व्यपार) ਸੰਗਿਆ ਪੁ.—ਵਪਾਰ, ਕਰਮ, ਕੰਮ, ਵਣਜ। ੬੭.੧

ਬਿਪਚਾਰ : ਵੇਖੋ ਵਿਭਿਚਾਰ। ੪੮੨.੪

ਬਿਬੇਕ : (ਸੰ.) (विवेक) ਸੰਗਿਆ—ਗਿਆਨ, ਬੁੱਧੀ, ਸੂਝ, ਚੰਗਾ ਮਾੜਾ ਸੋਚਣ ਦੀ ਸ਼ਕਤੀ, ਸਤਿ ਗਿਆਨ ਆਦਿ। ੧.ਸੋ.੧, ੧.ਦੋ.੨, ੭.ਸੋ.੧, ੭.ਦੋ.੧, ੭.ਛੰ.੪, ੧੩.੩, ੩੪.੪, ੪੩.੨, ੫੧.੩, ੬੩.੪, ੯੯.੨, ੧੦੮.੨, ੧੧੦.੪, ੧੧੬.੨, ੧੪੧.੩, ੧੯੦.੩, ੨੦੦.੧, ੨੦੧.੩, ੨੦੨.੩, ੨੦੨.੪, ੨੧੧.੩, ੨੧੪.੪, ੨੧੫.੪, ੨੨੬.੨, ੨੪੪.੨, ੨੪੫.੩, ੨੫੨.੪, ੨੫੪.੧, ੨੭੦.੩,

੨੭੭.੨, ੨੭੮.੧, ੨੮੦.੩, ੩੦੧.੧, ੩੨੨.੨, ੩੨੭.੨, ੩੨੮.੩, ੩੪੨.੪, ੩੫੬.੪, ੩੬੯.੩, ੩੭੮.੨, ੪੨੭.੩, ੪੫੮.੩, ੪੭੪.੩, ੬੧੪.੪

ਬਿਬੇਕੀ : (ਸੰ.)(विवेकी) ਸੰਗਿਆ ਵਿ.—ਭਲੇ ਬੁਰੇ ਦਾ ਗਿਆਨ ਰੱਖਣ ਵਾਲਾ, ਬੁੱਧੀਮਾਨ, ਗਿਆਨੀ। ੨੫.੨, ੧੦੩.੩, ੧੧੩.੪, ੧੧੪.੪, ੧੩੩.੨, ੧੫੯,੪, ੧੬੫.੨, ੨੦੦.੪, ੫੯੭.੪, ੬੭੫.੪

ਬਿਬਿਧ : (ਸੰ.) (विविध) ਵਿ.—ਅਨੇਕ ਤਰਾਂ ਦਾ, ਕਈ ਤਰ੍ਹਾਂ ਦਾ, ਕਈ ਪ੍ਰਕਾਰ ਦਾ। ੩੭.੧, ੪੯.੧, ੪੯.੪, ੫੧.੨, ੭੪.੩, ੧੦੦.੨, ੧੧੨.੩, ੧੬੫.੧, ੧੯੮.੨, ੩੭੦.੪, ੩੭੩.੩, ੩੯੧.੧, ੩੯੪.੨, ੩੯੬.੨, ੪੧੫.੧, ੪੧੭.੩, ੪੩੦.੩, ੪੫੯.੩, ੪੬੯.੧, ੪੮੩.੩, ੫੮੬.੧, ੬੦੪.੧, ੬੪੬.੨

ਬਿਬਿਧਾਨੀਐ : ਵੇਖੋ ਬਿਬਿਧ। ਅਨੇਕ ਤਰ੍ਹਾਂ ਦਾ। ੧੨੩.੩

ਬਿਭਚਾਰ : ਵੇਖੋ ਬਿਭਿਚਾਰ। ੬੪੧.੧

ਬਿਭਿਚਾਰ : (ਸੰ.) (व्यभिचार:) ਸੰਗਿਆ ਪੁ.—ਬੁਰਾ ਜਾਂ ਦੂਸ਼ਿਤ ਆਚਾਰ, ਦੁਰਚਰਿਤਰਤਾ, ਪੁਰਸ਼ ਇਸਤਰੀ ਦੇ ਨਜਾਇਜ਼ ਸਬੰਧ, ਸਮਾਜਿਕ ਦ੍ਰਿਸ਼ਟੀ ਤੋਂ ਗਿਰਿਆ ਨੀਚ ਕਾਰਜ, ਕੁਕਰਮ। ੧੬੪.੨

ਬਿਭੈ : (ਸੰ.) (विभव) ਸੰਗਿਆ—ਵਿਭੂਤੀਆਂ, ਧਨ, ਸੰਪਤੀ, ਸ਼ਕਤੀ, ਸੌਂਦਰਯ, ਐਸ਼ਵਰਜ, ਮੋਕਸ਼. ਦਿਵਯ ਜਾਂ ਆਲੌਕਿਕ ਸ਼ਕਤੀ ਆਦਿ। ੬੧੨.੩

ਬਿਮਲ : (ਸੰ.) (विमल) ਵਿ.—ਵਿਮਲ, ਨਿਰਮਲ, ਸਵੱਛ, ਸਾਫ਼। ੬੨.੧. ੯੭.੩, ੧੧੦.੧ ੧੮੦.੪, ੨੫੭.੩, ੨੭੧.੨, ੩੬੨.੩, ੪੨੭.੩, ੫੬੦.੧

ਬਿਮੁਖ : (ਸੰ.) (विमुख) ਵਿ.—ਜਿਸਨੇ ਮੂੰਹ ਮੋੜ ਲਿਆ ਹੋਵੇ, ਜੋ ਕਿਸੇ ਦੇ ਪ੍ਰਤਿਕੂਲ ਹੋਵੇ, ਅਪ੍ਰਾਪਤ, ਮਨੋਰਥ, ਨਿਰਾਸ਼, ਅਪ੍ਰਸੰਨ ਆਦਿ। ੧੪.੨, ੩੬੪.੧, ੪੨੦.੪

ਬਿਮੋਹਤ : ਵੇਖੋ ਬਿਮੋਹਿਤ। ੫੫੭.੪

ਬਿਮੋਹਿਤ : (ਸੰ.) (विमोहित) ਵਿ.—ਮੁਗਧ, ਲੁਭਾਇਆ ਹੋਇਆ, ਤਨ ਮਨ ਦੀ ਸੁਧ ਭੁਲਿਆ ਹੋਇਆ, ਮੂਰਛਿਤ, ਗੁਮਰਾਹ ਹੋਇਆ। ੩੦੨.੧

ਬਿਮੋਹੀਐ : (ਸੰ.) (विमोहन)—ਮੋਹਿਤ ਕਰੀਏ, ਮੁਗਧ ਕਰੀਏ। ੬੦੨.੧

ਬਿਮੋਹੇ : ਵੇਖੋ ਬਿਮੋਹਿਤ। ਮੋਹਿਤ। ੬੩੯.੨

ਬਿਯਾਹ : (ਹਿੰ.) (ब्याह) ਸੰਗਿਆ ਪੁ.—ਧਰਮ ਅਤੇ ਸਮਾਜ ਦੇ ਨਿਯਮ ਅਨੁਸਾਰ ਪਤੀ ਪਤਨੀ ਦੇ ਸਬੰਧ ਸਥਾਪਿਤ ਕਰਨ ਵਾਲੀ ਰੀਤ, ਸ਼ਾਦੀ। ੩੯੨.੧

ਬਿਯੋਹਾਰ : ਵੇਖੋ ਬਯੋਹਾਰ। ੧੨੬.੨

ਬਿਯੋਗ : (ਸੰ.) (वियोग) ਸੰਗਿਆ—ਜੁਦਾਈ, ਵਿਛੋੜਾ, ਵਿਛੋਹ, ਸੰਯੋਗ ਦੇ ਉਲਟ ਆਦਿ। ੧੧੩.੩, ੪੫੦.੨, ੫੨੧.੩, ੫੭੧.੧, ੬੪੨.੨, ੬੪੫.੩, ੬੬੩.੩, ੬੬੯.੩, ੬੭੦.੪

ਬਿਯੋਗੀ : (ਸੰ.) (वियोगि) ਵਿ.—ਵਿਯੋਗ ਦਾ ਧਾਰਣੀ, ਬਿਰਹੀ, ਵਿੱਛੜਿਆ ਹੋਇਆ, ਵਿਛੋੜੇ ਦਾ ਧਾਰਣੀ। ੧੩੪.੪, ੨੬੭.੧

ਬਿਰਹ : (ਸੰ.) (विरह) ਸੰਗਿਆ—ਕਿਸੇ ਤੋਂ ਅਲੱਗ ਹੋਣ ਦਾ ਭਾਵ, ਵਿਯੋਗ ਦਾ ਦੁੱਖ, ਇਕ ਪ੍ਰਕਾਰ ਦਾ ਗੀਤ। ੧੪.੧, ੧੪.੩, ੨੩.੨, ੧੮੬.੨, ੨੦੩.੧, ੨੦੩.੩, ੨੦੩.੪, ੨੦੫.੪, ੨੦੭.੧, ੨੦੭.੩, ੨੧੦.੧, ੨੧੦.੪, ੩੦੦.੧, ੩੦੦.੪, ੪੧੨.੩, ੪੨੦.੩, ੫੭੧.੧, ੫੭੩.੩, ੫੭੫.੪, ੬੪੨.੨, ੬੪੫.੩, ੬੬੩.੩, ੬੬੭.੩, ੬੬੮.੧, ੬੬੯.੩, ੬੭੦.੩

ਬਿਰਹਨੀ : (ਸੰ.) (विरहिणी) ਵਿ.—ਪ੍ਰਿਯ ਜਾਂ ਪਤੀ ਤੋਂ ਵਿਛੜੀ ਹੋਈ, ਬਿਰਹਾ ਜਾਂ ਵਿਯੋਗ ਦੀ ਧਾਰਣੀ, ਪਿਆਰੇ ਦੀ ਵਿਯੋਗਣ। ੧੧੩.੩, ੨੦੭.੧, ੨੧੦.੩, ੨੧੦.੪, ੫੮੭.੩, ੬੪੨.੩, ੬੪੫.੩, ੬੪੫.੪. ੬੬੭.੩

ਬਿਰਹਾਂ : ਵੇਖੋ ਬਿਰਹ। ਵਿਛੋੜਾ। ੨੦੩.੧, ੨੦੩.੩, ੪੫੦.੩, ੬੬੦.੪, ੬੬੭.੩

ਬਿਰਹੁ : ਵੇਖੋ ਬਿਰਹ। ਵਿਛੋੜਾ। ੪੧੨.੩

ਬਿਰਹੋ : ਵੇਖੋ ਬਿਰਹ। ਵਿਛੋੜਾ। ੨੦੩.੨

ਬਿਰਖ : (ਸੰ.) (वृक्ष) ਸੰਗਿਆ—ਬਿਰਛ, ਦਰਖ਼ਤ। ੩੮.੧, ੪੯.੧, ੫੫.੧, ੫੫.੨, ੧੫੫.੧, ੧੭੪.੨, ੨੨੩.੨, ੩੧੧.੪, ੩੭੦.੪, ੩੭੩.੩, ੪੧੫.੧, ੪੨੬.੨, ੪੫੬.੧, ੪੬੮.੧, ੫੮੬.੨, ੬੦੮.੧, ੬੧੪.੩, ੬੫੫.੨, ੬੩੮.੨, ੬੬੧.੨, ੬੬੨.੩

ਬਿਰਖਨ : ਵੇਖੋ ਬਿਰਖ। ਬਿਰਖ ਦਾ ਬਹੁਵਚਨ, ਬਿਰਖਾਂ, ਦਰਖਤਾਂ। ੬੩੧.੨

ਬਿਰਖਾ : ਵੇਖੋ ਬਿਰਖ। ੩੬੬.੧

ਬਿਰਖੈ : ਵੇਖੋ ਬਿਰਖ। ੪੦੨.੧, ੪੧੫.੧

ਬਿਰਗੰਧ : (ਸੰ.) (विगन्ध) ਸੰਗਿਆ—ਵਿਗੰਧ, ਬਦਬੂ, ਨਿੰਦਤ ਗੰਧ, ਬੁਰੀ ਗੰਧ। ੧੦੪.੨, ੧੫੮.੨

ਬਿਰਗੰਧਿ : ਵੇਖੋ ਬਿਰਗੰਧ। ੧੫੬.੪

ਬਿਰਚ : (ਸੰ.) (विरञ्च) ਸੰਗਿਆ—ਬ੍ਰਹਮਾ, ਸ੍ਰਿਸ਼ਟੀ ਦਾ ਰਚਣ ਵਾਲਾ। ੫੫੬.ਸ.੧

ਬਿਰਤ : (ਸੰ.) (वृत्ति) ਸੰਗਿਆ—ਅਨੁਰਾਗ, ਉਦਾਸੀਨਤਾ, ਸੇਵਾ ਨਿਵ੍ਰਿਤੀ ਆਦਿ। ੩੮੫.੪

ਬਿਰਤਾਂਤ : (ਸੰ.) (वृतांत) ਸੰਗਿਆ ਪੁ—ਸਮਾਚਾਰ, ਹਾਲ, ਪ੍ਰਕ੍ਰਿਆ, ਸੰਪੂਰਨਤਾ, ਪ੍ਰਸਤਾਵ, ਭਾਵ ਆਦਿ । ੧੧੩.੧, ੩੭੮.੨

ਬਿਰਤਿ : ਵੇਖੋ ਬਿਰਤ । ੧੦੭.੪, ੨੩੫.੩, ੩੭੦.੨

ਬਿਰਦੁ : (ਸੰ.) (विरुद) ਸੰਗਿਆ ਪੁ.—ਪ੍ਰਸਿੱਧੀ, ਯਸ਼, ਕੀਰਤੀ, ਵੱਡਾ ਨਾਮ ਆਦਿ । ੫੦੪.੨, ੬੧੧.੨

ਬਿਰਧ : (ਸੰ.) (वृद्ध) ਵਿ.—ਬੁੱਢਾ, ਉਮਰ ਵਿਚ ਵੱਡਾ । ੧੧੯.੧, ੫੭੯.੨, ੬੦੧.੪

ਬਿਰਲੇ : ਵੇਖੋ ਬਿਰਲੋ । ਵਿਰਲਾ । ੩੬੮.੪, ੫੮੯.੩

ਬਿਰਲੋ : (ਹਿੰ.) (विरला) ਵਿ.—ਕੋਈ ਕੋਈ, ਇੱਕਾ ਦੁੱਕਾ, ਅਲਪ ਸੰਖਿਅਕ । ੬੮.੩, ੧੧੪.੪, ੧੧੬.੪, ੪੦੯.੪, ੫੩੦.੪

ਬਿਰਲੋਈ : ਵੇਖੋ ਬਿਰਲੋ । ਕੋਈ ਵਿਰਲਾ ਹੀ । ੧੦੩.੧

ਬਿਰਵਾ : (ਸੰ.) (बिरवा) ਸੰਗਿਆ ਪੁ.—ਦਰਖ਼ਤ, ਰੁਖ, ਪੌਦਾ ਆਦਿ । ੫੨੬.੧

ਬਿਰਾਜਮਨ : (ਸੰ.)(विराजमान) ਵਿ.—ਪ੍ਰਕਾਸ਼ਮਾਨ, ਰੌਸ਼ਨ, ਉਪਸਥਿਤ, ਮੌਜੂਦ, ਬੈਠਿਆ ਹੋਇਆ । ੭੪.੧, ੬੧੯.੪

ਬਿਰਾਜੀ : (ਸੰ.) (विराजि) ਵਿ.—ਉਲਟ, ਅਸਹਿਮਤ, ਪਤਿਕੂਲ, ਅਪ੍ਰਸੰਨ, ਰਾਜ਼ੀ ਦਾ ਉਲਟ ਜਾਂ ਵਿਰੋਧੀ ਸ਼ਬਦ । ੪੦੩.੨

ਬਿਰਾਜੈ : ਵੇਖੋ ਬਿਰਾਜੀ । ੩੯੪.੨

ਬਿਰਾਨੀ : (ਫ਼ਾ) ਵਿ.—ਬਿਗਾਨੀ, ਪਰਾਈ, ਦੂਸਰੇ ਦੀ, ਜਿਹੜੀ ਆਪਣੀ ਨਾ ਹੋਵੇ, ਓਪਰੀ । ੬੬੯.੪

ਬਿਰੋਧ : (ਸੰ.) (विरोध) ਸੰਗਿਆ ਪੁ.—ਵਿਪਰੀਤ ਭਾਵ, ਸ਼ਤਰੂਤਾ, ਵਿਗਾੜ, ਉਲਟ ਸਥਿਤੀ । ੩੮੮.੪

ਬਿਲ : (ਸੰ.) (विलम्) ਸੰਗਿਆ ਪੁ.—ਜ਼ਮੀਨ ਵਿਚ ਖੋਦ ਕੇ ਬਣਾਇਆ ਜੀਵ ਜੰਤੂਆਂ ਦਾ ਘਰ, ਖੁੱਡ । ੪੧.੨, ੨੨੪.੩, ੨੩੧.੩, ੨੭੪.੨, ੫੪੮.੨, ੫੫੪.੨

ਬਿਲਖ : (ਸੰ.) (विकल) ਵਿ.—ਵਿਰਲਾਪ, ਦੁੱਖ, ਵਿਲਕਣਾ, ਰੋਣਾ, ਸੰਕੁਚਿਤ ਆਦਿ । ੪੦੨.੨, ੫੧੪.੩, ੫੧੮.੧

ਬਿਲਖਾਯੋ : ਵੇਖੋ ਬਿਲਖ । ਉਦਾਸ ਕੀਤਾ, ਵਿਆਕੁਲ ਕੀਤਾ । ੬੬੭.੩

ਬਿਲਖਾਵਈ : ਵੇਖੋ ਬਿਲਖ । ਉਦਾਸ ਕਰਦਾ ਹੈ, ਵਿਆਕੁਲ ਕਰਦਾ । ੪੧੨.੩

ਬਿਲਖੈ : ਵੇਖੋ ਬਿਲਖ । ਉਦਾਸ ਹੁੰਦਾ ਹੈ, ਵਿਆਕੁਲ ਹੁੰਦਾ । ੫੯੧.੨

ਬਿਲੰਬ : (ਸੰ.) (विलम्ब) ਸੰਗਿਆ ਪੁ.—ਨਿਯਤ ਜਾਂ ਨਿਯਮਤ ਸਮੇਂ ਤੋਂ ਚੁਕ ਜਾਣਾ, ਦੇਰੀ, ਅਤਿ ਕਾਲ । ੫੭੧.੩

ਬਿਲਲਾਈਐ : ਵੇਖੋ ਬਿਲਖ । ੬੭੦.੪

ਬਿਲਲਾਤ : ਵੇਖੋ ਬਿਲਖ। ਵਿਲਕਦਾ ਹੈ, ਦੁੱਖ ਨਾਲ ਕੁਰਲਾਂਦਾ। ੩੪੯.੩, ੫੨੧.੩, ੫੪੯.੨, ੫੮੭.੧,

ਬਿਲਲਾਵਤੀ : ਵੇਖੋ ਬਿਲਖ। ਬਿਲਤਾਤ, ਪੀੜ੍ਹਾ ਨਾਲ ਬਿਲਖਦੀ ਹੈ, ਕੁਰਲਾਉਂਦੀ ਹੈ। ੫੭੫.੪

ਬਿਲਲਾਵੋ : ਵੇਖੋ ਬਿਲਲਾਤ। ੬੬੩.੩

ਬਿਲਾਉ : (ਹਿੰ.) (बिलाव) ਸੰਗਿਆ ਪੁ.—ਬਿੱਲੀ ਦਾ ਨਰ, ਬਿੱਲਾ। ੨੩੯.੪

ਬਿਲਾਇ : (ਸੰ.) (विलय) ਸੰਗਿਆ—ਲੀਨ ਹੋਣ ਦਾ ਭਾਵ, ਲੋਪ ਹੋਣਾ, ਆਦਿ। ੧੬੩.੩, ੫੯੨.੨

ਬਿਲਾਈ : (ਸੰ.) (विलाय)—ਵਿਲਯ ਹੋਈ, ਮਿਟੀ ਹੋਈ, ਸਮਾਪਤ ਹੋਈ। ਸੰਗਿਆ—ਬਿੱਲੀ। ੬੩੪.੨

ਬਿਲਾਈਐ : ਵੇਖੋ ਬਿਲਾਈ। ੧੧੭.੩

ਬਿਲਾਏ : ਵੇਖੋ ਬਿਲਾਇ। ੫੨.੪

ਬਿਲਾਸ : (ਸੰ.) (विलास) ਸੰਗਿਆ—ਪ੍ਰਸੰਨ ਕਰਨ ਵਾਲੀ। ਕ੍ਰਿਆ—ਆਨੰਦ, ਮਨੋ ਬਿਨੋਦ, ਹਰਖ, ਕਾਮ ਚੇਸ਼ਟਾਵਾਂ ਆਦਿ। ੧੯.੨, ੬੬.੩, ੧੧੨.੪, ੧੫੪.੪. ੧੬੩.੨, ੧੭੪.੩, ੨੮੪.੪, ੨੯੪.੨, ੪੩੭.੨, ੪੪੩.੧

ਬਿਲਾਸਨ : ਵੇਖੋ ਬਿਲਾਸ। ਆਨੰਦ, ਖੁਸ਼ੀ। ੨੦੫.੩

ਬਿਲਾਸੀ : (ਸੰ.) (विलासिन्) —ਵਿਲਾਸੀ, ਅਨੰਦ ਮਾਨਣ ਵਾਲਾ। ੩੧.੩, ੧੧੬.੩

ਬਿਲਾਸੇ : ਕ੍ਰਿ.— ਵੇਖੋ ਬਿਲਾਸ। ਆਨੰਦਯੁਕਤ। ੧੬੯.੨

ਬਿਲਾਤ : ਵੇਖੋ ਬਿਲਾਇ। ਵਿਲੀਨ ਹੋ ਜਾਏ। ੩੧੧.੧, ੪੦੫.੧, ੪੪੬.੧, ੫੫੭.੩

ਬਿਲਾਨੀਐ : ਵੇਖੋ ਬਿਲਾਇ। ਨਾਸ਼ ਹੋਣਾ, ਸਮਾਪਤ ਹੁੰਦੀ। ੨੨੪.੩

ਬਿਲੈ : ਵੇਖੋ ਬਿਲਾਇ। ਲੀਨ ਹੋ ਕੇ। ੫੨.੪

ਬਿਲੋਏ : (ਸੰ.) (विलोडन)—ਰਿੜਕਿਆ, ਮਧਿਆ ਹੋਇਆ। ੪੪੫.੧

ਬਿਲੋਕ : (ਸੰ.) (बिलोकन) ਕ੍ਰਿ.—ਦੇਖਣਾ, ਉਡੀਕਣਾ, ਪਰਖਣਾ, ਜਾਂਚਣਾ ਤੱਕਣਾ। ੪੬੯.੧, ੩੯੯.੨, ੬੨੦.੧, ੬੬੬.੧

ਬਿਲੋਕਤ : ਵੇਖੋ ਬਿਲੋਕ। ਵੇਖਦਾ ਹੈ, ਉਡੀਕਦਾ ਹੈ। ੫੨੭.ਸ.੩

ਬਿਲੋਕਿਯਤ : ਵੇਖੋ ਬਿਲੋਕਤ। ਵੇਖੀਦਾ ਹੈ, ਤੱਕੀਦਾ ਹੈ। ੨੬੮.੧, ੪੪੬.੧, ੪੯੬,੩

ਬਿਲੋਕੀਅਤ : ਵੇਖੋ ਬਿਲੋਕਿਯਤ। ਵੇਖਦਾ ਹੈ। ੬੨੬.੧

ਬਿਲੋਕੀਐ : ਵੇਖੋ ਬਿਲੋਕ। ਵੇਖ ਸਕਣਾ, ਤੱਕ ਸਕਣਾ। ੬੪੦.੧

ਬਿਵਸਥਾ : (ਸੰ.) (व्यवस्था)—ਵਿਵਸਥਾ, ਠਹਿਰਨ ਦਾ ਭਾਵ, ਕਾਇਮ ਹੋਣਾ, ਕਿਸੇ ਗੱਲ ਨੂੰ ਪੱਕੇ ਕਰਨ ਦੀ ਕ੍ਰਿਆ, ਅਵਸਥਾ, ਉਮਰ, ਆਯੂ ਆਦਿ । ੧੫੯.੧, ੫੭੯.੧

ਬਿਵਸ਼ਯਮੇਵ : (ਸੰ.) (विश्व+मेव)—ਨਿਰਧਾਰਤ ਕਰਮ-ਫਲ, ਅਵੱਸ਼ ਰੂਪ ਵਿਚ ਮਿਲਣ ਵਾਲਾ ਕਰਮ ਫਲ । ੩੩੧.੨

ਬਿਵਾਹੀਯਤਿ : ਵੇਖੋ ਬਿਯਾਹ । ਵਿਆਹ ਕਰਵਾਉਂਦਾ ਹੈ । ੨੪੧.੩

ਬਿਵਾਹੇ : ਵੇਖੋ ਬਿਯਾਹ । ਵਿਆਹੇ । ੨੧੧.੨

ਬਿਵਰਜਿਤ : (ਸੰ.) (विवरजित) ਵਿ.—ਵਿਵਰਜਤ, ਨਿਸ਼ੇਧ ਕੀਤਾ, ਮਨ੍ਹਾ ਕੀਤਾ, ਤਿਆਗਿਆ ਹੋਇਆ, ਛੱਡਿਆ ਹੋਇਆ । ੨੬੨.੩

ਬਿਵਿਧ : ਵੇਖੋ ਬਿਬਿਧ । ੪੧੬.੩

ਬਿੜਤਾ : (ਹਿੰ.) (बिड़ता) । ਸੰਗਿਆ ਪੁ.—ਲਾਭ, ਨਫ਼ਾ, ਮੁਨਾਫ਼ਾ ਆਦਿ । ੪੬੧.੨, ੫੬੨.੩

ਬਿੜਤੋ : (ਸੰ.) (बिड़ता) ਵਿ.—ਵਟਾਂਦਰਾ ਕੀਤਾ, ਵੱਟਿਆ । ਸੰਗਿਆ—ਲਾਭ ਨਫ਼ਾ, ਮੁਨਾਫਾ ਆਦਿ । ੫੧੧.੩

ਬੀਸ : (ਹਿੰ.) (बीस) ਵਿ.—ਅੰਕ ਵੀਹ (20), ਕਿਸੇ ਤੋਂ ਕੁਝ ਚੰਗਾਂ ਜਾਂ ਵਧ, ਇਕ ਪ੍ਰਕਾਰ ਦਾ ਰੁੱਖ । ੧੧.੧, ੩੨.੪, ੪੫.੪, ੬੦.੧, ੮੪.੧, ੮੬.੪, ੧੦੩.੪, ੧੨੨.੪, ੧੪੯.੪, ੨੨੨.੪, ੬੭੩.੪

ਬੀਚ : (ਹਿੰ.) (बीच) ਸੰਗਿਆ ਪੁ.—ਵਿਚ, ਕਿਸੇ ਵਸਤੂ ਦਾ ਮੱਧ ਭਾਗ, ਵਿਚਲਾ, ਅੰਤਰ, ਫ਼ਰਕ, ਦੋ ਵਸਤੂਆਂ ਦੇ ਵਿਚਕਾਰ ਦਾ ਫਾਸਲਾ । ੬੬੦.੩

ਬੀਚਾਰ : (ਸੰ.) (विचार) ਸੰਗਿਆ ਪੁ.—ਮਨ ਵਿਚ ਸੋਚ ਸਮਝ ਕੇ ਨਿਸ਼ਚਿਤ ਕੀਤੇ ਗਏ ਭਾਵਾਂ ਦਾ ਪ੍ਰਗਟ ਰੂਪ, ਸੰਕਲਪ, ਮਨ ਵਿਚ ਪੈਦਾ ਹੋਣ ਵਾਲੀ ਗੱਲ, ਭਾਵਨਾ, ਖਿਆਲ ਆਦਿ । ੧੮੦.੪, ੨੧੭.੩, ੨੫੨.੨, ੨੬੨.੩, ੨੭੩.੪, ੬੨੬.੨, ੩੫੩.੨, ੪੫੮.੧, ੪੭੩.੩, ੬੩੦.੪

ਬੀਚਾਰਿ : ਵੇਖੋ ਬੀਚਾਰ । ਵਿਚਾਰ, ਚਿੰਤਨ । ੫੯੯.੪

ਬੀਚਾਰਿਐ : ਵੇਖੋ ਬਿਚਾਰੀਐ । ਵਿਚਾਰਨਾ ਚਾਹੀਦਾ । ੫੪੭.੩

ਬੀਚਾਰੀ : (ਸੰ.) (विचारक) ਕ੍ਰਿ.—ਵਿਚਾਰ ਕਰਨ ਵਾਲੀ, ਚਿੰਤਨ ਕਰਨ ਵਾਲੀ । ੨੬੦.੨, ੪੫੭.੪, ੫੩੦.੨

ਬੀਚਾਰੈ : ਵੇਖੋ ਬੀਚਾਰ । ਵਿਚਾਰਦਾ ਹੈ । ੫੭੭.੪

ਬੀਜ : (ਸੰ.) (बीज) ਸੰਗਿਆ ਪੁ.—ਫੁੱਲਾਂ ਵਾਲੇ ਪੌਦੇ ਦਾ ਉਹ ਦਾਣਾ ਜਾਂ ਫਲਾਂ ਦੀ ਗੁਠਲੀ ਜਿਸ ਤੋਂ ਨਵਾਂ ਪੌਦਾ ਉਤਪੰਨ ਹੋ ਸਕੇ, ਬੀ, ਮੂਲ, ਜੜ੍ਹ, ਵੀਰਜ, ਸ਼ੁਕ੍ਰ, ਬੀਜ ਗਣਿਤ, ਮੰਤਰ ਦਾ ਮੁੱਖ ਭਾਵ

੫੫.੧, ੧੦੯.੧, ੧੭੪.੨, ੨੯੯.੪, ੩੭੩.੩, ੩੯੯.੩, ੪੫੮.੪, ੪੭੬.੧, ੫੩੮.੩, ੫੯੮.੧, ੬੩੫.੩, ੬੬੪.੩

ਬੀਤੀ : (ਸੰ.) (व्यतीत) ਕ੍ਰਿ.—ਗੁਜ਼ਰ ਚੁਕੀ, ਜੋ ਘੱਟ ਚੁਕੀ ਹੋਵੇ, ਜੋ ਵਾਪਰ ਚੁੱਕੀ ਹੋਵੇ, ਦੂਰ ਹੋ ਗਈ ਹੋਵੇ ਆਦਿ । ੨੪੧.੪, ੬੧੭.੩

ਬੀਤੈ : ਵੇਖੋ ਬੀਤੀ । ਬੀਤਦੀ ਹੈ, ਗੁਜ਼ਰਦੀ ਹੈ । ੧੭੨.੪, ੨੫੩.੪

ਬੀਥੀ : (ਸੰ.) (वीथी) ਸੰਗਿਆ—ਵੀਥੀ, ਬੀਹੀ, ਗਲੀ, ਸੜਕ, ਮਾਰਗ । ੩੭੨.੧

ਬੀਨ : (ਹਿੰ.) (बीन)—ਇਕ ਪ੍ਰਕਾਰ ਦਾ ਸਾਜ਼, ਸਪੇਰਿਆ ਦਾ ਸਾਜ਼, ਬੀਨਣ ਦੀ ਕ੍ਰਿਆ—ਚੁਣਨਾ ਜਾਂ ਚਿਣਨਾ । ੩੩੨.੧

ਬੀਰ : (ਸੰ.) (वीर)—ਵੀਰ, ਭਰਾ, ਭਰਾਤਾ, ਬਹਾਦਰ, ਗਹਿਣਾ, ਬੀੜ, ਆਦਿ । ੪੧੭.੨, ੪੫੫.੩, ੪੯੫.੩, ੬੧੭.੧

ਬੀਰਾਰਧੀ : (ਬੀਰ+ਅਰਾਧੀ)—ਵੀਰ ਪੁਰਸ਼ਾਂ ਨੂੰ ਅਰਾਧਨਾ, ਬੀਰਾਂ ਨੂੰ ਅਰਾਧਨਾ ਕਰਨ ਵਾਲੇ, ਪੁਰਾਣ ਦੇ ਕੇਦਾਰ ਖੰਡ ਵਿਚ ੫੨ ਵੀਰਾਂ ਦਾ ਵਿਸਥਾਰ ਸਹਿਤ ਵਰਣਨ ਹੈ ਜਿਨਾਂ ਨੂੰ ਅਰਾਧ ਕੇ ਉਨਾਂ ਤੋਂ ਕੰਮ ਲਿਆ ਜਾਂਦਾ ਹੈ । ੫੬੪.੧

ਬੁਝਾਵਈ : (ਹਿੰ.) (बुझाई) ਸੰਗਿਆ—ਬੁਝਾਉਣ ਦੀ ਕ੍ਰਿਆ, ਬਲਣ ਤੋਂ ਹਟਾਉਣਾ । ੧੬੭.੧

ਬੁਝਿਤ : (ਸੰ.) (बूझना) ਕ੍ਰਿ.—ਬੂਝਣਾ, ਜਾਣਨਾ, ਪਹਿਚਾਣਾ, ਵਿਚਾਰਦਾ । ੩੫੦.੩

ਬੁਦਬੁਦਾ : (ਸੰ.) (बुद्बुद) ਸੰਗਿਆ ਪੁ.—ਪਾਣੀ ਦਾ ਬੁਲਬੁਲਾ । ੩੧੧.੨, ੫੯੨.੨

ਬੁਧ : ਵੇਖੋ ਬੁਧਿ । ੪੮੪.੧

